
## ਸ਼ਹੀਦੀ ਸਾਕਾ ਗੁ: ਸਾਹਿਬ ਓਕ ਕਰੀਕ

### ਮਿਲਵਾਕੀ, ਵਿਸਕਾਨਸਿਨ, ਅਮਰੀਕਾ

(ਅਗਸਤ 5, 2012)




# ਸ਼ਹੀਦ ਸਤਵੰਤ ਸਿੰਘ ਕਾਲੇਕਾ

## (ਜਨਮ ਤੋਂ ਸ਼ਹੀਦੀ ਤੱਕ)



ਲੇਖਕ: ਕੈਪਟਨ ਅਮਰਜੀਤ ਸਿੰਘ ਕਾਲੇਕਾ

# ਸ਼ਹੀਦ ਸਤਵੰਤ ਸਿੰਘ ਕਾਲੇਕਾ

## (ਜਨਮ ਤੋਂ ਸ਼ਹੀਦੀ ਤੱਕ)

**ਇਸੇ ਕਲਮ ਤੋਂ:**

**Battle Front-America (English)**

**ਰਣਭੂਮੀ-ਅਮਰੀਕਾ (ਪੰਜਾਬੀ)**

**ਓੜਕਿ ਨਿਬਹੀ ਪ੍ਰੀਤਿ (ਸਵੈ-ਜੀਵਨੀ)**

**ਸੂਝਵਾਨ ਜੀਵਨ (Life of Wisdom)**

ਇਹ ਕਿਤਾਬਾਂ www.captainaskaleka.com ਵੈੱਬਸਾਈਟ 'ਤੇ ਮੁਫ਼ਤ ਪੜ੍ਹੀਆਂ ਜਾ ਸਕਦੀਆਂ ਹਨ।

# ਸ਼ਹੀਦ ਸਤਵੰਤ ਸਿੰਘ ਕਾਲੇਕਾ
## (ਜਨਮ ਤੋਂ ਸ਼ਹੀਦੀ ਤੱਕ)

ਲੇਖਕ:

ਕੈਪਟਨ ਅਮਰਜੀਤ ਸਿੰਘ ਕਾਲੇਕਾ
ਐਡੀਸ਼ਨਲ ਆਬਕਾਰੀ ਤੇ ਕਰ ਕਮਿਸ਼ਨਰ, ਪੰਜਾਬ (ਰਿਟਾ.)

ਪਬਲੀਸ਼ਰਜ਼:

ਗੁਰਮੇਹਰ ਪਬਲੀਕੇਸ਼ਨ, ਪਟਿਆਲਾ

# ਸ਼ਹੀਦ ਸਤਵੰਤ ਸਿੰਘ ਕਾਲੇਕਾ
## (ਜਨਮ ਤੋਂ ਸ਼ਹੀਦੀ ਤੱਕ)


## ਕੈਪਟਨ ਅਮਰਜੀਤ ਸਿੰਘ ਕਾਲੇਕਾ

63- ਸੈਂਚਰੀ ਐਨਕਲੇਵ, ਨਾਭਾ ਰੋਡ, ਪਟਿਆਲਾ
ਮੋਬਾਇਲ 98782-39940
ਈ ਮੇਲ: captkaleka@yahoo.com
ਵੈਬਸਾਈਟ: www.captainaskaleka.com



ISBN: 978-81-929148-4-8


ਕਾਪੀਰਾਈਟ: © ਲੇਖਕ


ਪਹਿਲਾ ਐਡੀਸ਼ਨ: 2019

ਭੇਟਾ ਮੁਫ਼ਤ

ਪ੍ਰਕਾਸ਼ਕ: ਗੁਰਮੇਹਰ ਪਬਲੀਕੇਸ਼ਨ

ਪ੍ਰਿੰਟਿੰਗ: ਸ਼ਹੀਦ-ਏ-ਆਜ਼ਮ ਪ੍ਰੈੱਸ ਐਂਡ ਹਾਸਪੀਟੈਲਿਟੀ ਪ੍ਰਾਈਵੇਟ ਲਿਮ.
ਪਟਿਆਲਾ, 98146-32807

# ਸਮਰਪਣ

ਅਮਰ ਸ਼ਹੀਦ ਸ. ਸਤਵੰਤ ਸਿੰਘ ਦੀ ਸੁਪਤਨੀ ਸਰਦਾਰਨੀ ਸਤਪਾਲ ਕੌਰ ਅਤੇ ਸਪੁਤਰਾਨ ਸ. ਪ੍ਰਦੀਪ ਸਿੰਘ ਅਤੇ ਸ. ਅਮਰ ਸਿੰਘ ਨੂੰ, ਜਿਹਨਾਂ ਨੇ ਸਤਵੰਤ ਦੇ ਅਚਨਚੇਤ ਵਿਛੋੜੇ ਨੂੰ ਆਪਣੇ ਪਿੰਡੇ 'ਤੇ ਹੰਢਾਇਆ ਅਤੇ ਉਸ ਦੀ ਪਵਿੱਤਰ ਯਾਦ ਨੂੰ ਹਮੇਸ਼ਾਂ ਹੀ ਆਪਣੇ ਸੀਨੇ ਵਿਚ ਤਰੋ-ਤਾਜ਼ਾ ਰੱਖਿਆ।

# ਤਤਕਰਾ

1. ਜਾਣ-ਪਛਾਣ 9
2. ਪੰਜ ਅਗਸਤ 2012 ਦੀ ਘਟਨਾ 16
3. ਸ਼ਹੀਦਾਂ ਦੀ ਸੰਖੇਪ ਜੀਵਨ ਕਥਾ 20
4. ਰਾਸ਼ਟਰਪਤੀ ਬਰਾਕ ਓਬਾਮਾ ਦਾ ਗੁਰਦੁਆਰਾ ਸਾਹਿਬ ਦੀ ਸ਼ੂਟਿੰਗ 'ਤੇ ਬਿਆਨ 24
5. ਸੰਸਾਰ ਭਰ ਵਿੱਚ ਦਰਦ 27
6. ਸਤਵੰਤ ਦੇ ਨਾਨਕਿਆਂ 'ਤੇ ਸਿੰਘ ਸਭਾ ਲਹਿਰ ਦਾ ਅਸਰ 31
7. ਨਾਨਕਿਆਂ ਦੀ ਸ਼ਹੀਦੀ-1947 36
8. ਸਾਡਾ ਦਾਦਕਾ ਪਿਛੋਕੜ 39
9. ਸਾਡਾ ਪਰਿਵਾਰ 43
10. ਵੱਡੇ ਭਰਾ ਦਾ ਅਸਰ 49
11. ਬਚਪਨ ਤੋਂ ਸ਼ਹੀਦੀ ਤੱਕ ਦਾ ਸਫ਼ਰ 57
12. ਸਤਵੰਤ ਦਾ ਸਮਾਜਿਕ ਜੀਵਨ 65
13. ਸਤਵੰਤ ਦਾ ਵਿਆਹ 67
14. ਸ਼ਹੀਦ ਸਤਵੰਤ ਸਿੰਘ ਕਾਲੇਕਾ, ਪ੍ਰੋਫੈਸਰ ਰਣਬੀਰ ਸਿੰਘ ਸਰਾਓ ਸਾਬਕਾ ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ 71
15. ਗਾਥਾ ਏ ਸਿੰਘ ਸ਼ਹੀਦਾਂ, ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ, ਸਾਬਕਾ ਪ੍ਰਧਾਨ ਐਸ.ਜੀ.ਪੀ.ਸੀ. 75
16. ਸ਼ਹੀਦ ਸਤਵੰਤ ਸਿੰਘ ਕਾਲੇਕਾ, ਡਾ. ਗੁਰਮੀਤ ਸਿੰਘ ਸਿੱਧੂ (ਮੁੱਖੀ ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ) 82
17. ਇੱਕ ਸ਼ਰਧਾਂਜਲੀ ਸ. ਸਤਵੰਤ ਸਿੰਘ ਕਾਲੇਕਾ ਨੂੰ, ਪ੍ਰੋ. (ਡਾ) ਅੰਮ੍ਰਿਤਪਾਲ ਸਿੰਘ ਕਾਲੇਕਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ 89
18. ਮੇਜਰ ਸ਼ੇਰਗਿਲ ਦੀ ਕਹਾਣੀ 94
19. ਪ੍ਰਧਾਨਗੀ ਦਾ ਧਰਮ 96
20. ਸਤਵੰਤ ਸਿੰਘ ਕਾਲੇਕਾ ਦੀਆਂ ਅਸਥੀਆਂ ਦਾ ਕੀਰਤਪੁਰ ਸਾਹਿਬ ਵਿਖੇ ਜਲ ਪ੍ਰਵਾਹ, 24-12-2012 101
21. ਮਿਲਵਾਕੀ ਘਟਨਾ ਦਾ ਸਬਕ 102
22. ਸ਼ਹੀਦ ਸਤਵੰਤ ਸਿੰਘ ਦਾ ਚਿੱਤਰ ਸਿੱਖ ਅਜਾਇਬ ਘਰ, ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਚ ਲਗਾਉਣ ਬਾਰੇ 108
23. ਸਾਡੇ ਜ਼ਖ਼ਮਾਂ ਦਾ ਦਾਨ 110
24. ਆਖਰੀ ਗੱਲ 113

# ਦੋ ਸ਼ਬਦ

ਪਰਮ ਪਿਤਾ ਪ੍ਰਮਾਤਮਾ ਦਾ ਸ਼ੁਕਰਗੁਜ਼ਾਰ ਹਾਂ ਜਿਹਨਾਂ ਨੇ ਸਾਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਦਰਸਾਏ ਮਾਰਗ ਉੱਤੇ ਚੱਲਣ ਦੀ ਤੌਫ਼ੀਕ ਬਖਸ਼ੀ। ਗੁਰੂ ਨਾਨਕ ਦੀ ਪੰਚਮ ਜੋਤ ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ ਪ੍ਰਮਾਤਮਾ ਦੀ ਪੋਥੀ 'ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ' ਦੀ ਸੰਪਾਦਨਾ ਕਰ ਕੇ ਭਟਕੀ ਹੋਈ ਲੋਕਾਈ ਨੂੰ ਪਰਮਾਰਥ ਦੇ ਮਾਰਗ ਉੱਪਰ ਤੋਰਿਆ। ਦਸਮ ਜੋਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦੇਹਧਾਰੀ ਗੁਰੂਆਂ ਦੀ ਪਰਿਪਾਟੀ ਨੂੰ ਸਮਾਪਤ ਕਰਦਿਆਂ 'ਸ਼ਬਦ ਗੁਰੂ' ਨੂੰ ਪ੍ਰਗਟ ਗੁਰਾਂ ਕੀ ਦੇਹਿ' ਮੰਨਣ ਦੀ ਤਾਕੀਦ ਕੀਤੀ ਅਤੇ ਦੁਨਿਆਵੀ ਮੁਸੀਬਤਾਂ ਨੂੰ ਖਿੜੇ ਮੱਥੇ ਝੱਲਣ ਦੇ ਸਮਰੱਥ ਬਣਾਇਆ। ਇਹਨਾਂ ਅਕੀਦਿਆਂ ਉੱਪਰ ਚੱਲਦਿਆਂ ਹੀ ਅਸੀਂ ਛੋਟੇ ਭਰਾ ਸ. ਸਤਵੰਤ ਸਿੰਘ ਕਾਲੇਕਾ ਦੀ ਗੌਰਵਮਈ ਸ਼ਹੀਦੀ ਨੂੰ ਝੱਲਣ ਦੇ ਸਮੱਰਥ ਹੋ ਸਕੇ।

5 ਅਗਸਤ, 2012 ਨੂੰ ਗੁਰਦੁਆਰਾ ਸਾਹਿਬ ਓਕ ਕਰੀਕ (ਵਿਸਕਾਨਸਿਨ) ਵਿਚ ਵਾਪਰੀ ਘਟਨਾ ਨੇ ਪੂਰੀ ਦੁਨੀਆ ਦਾ ਧਿਆਨ ਆਪਣੇ ਵੱਲ ਖਿੱਚਿਆ। ਸਮੂਹ ਨਾਨਕ ਨਾਮ ਲੇਵਾ ਸੰਗਤ ਦੇ ਹਿਰਦੇ ਇਸ ਅਣਮਨੁੱਖੀ ਘਟਨਾ ਕਾਰਨ ਵਲੂੰਧਰੇ ਗਏ ਸਨ। ਅਮਰੀਕਾ ਦੇ ਤਤਕਾਲੀਨ ਰਾਸ਼ਟਰਪਤੀ ਸ੍ਰੀ ਬਰਾਕ ਓਬਾਮਾ ਨੇ ਇਸ ਘਟਨਾ ਨੂੰ ਬੜੀ ਸ਼ਿੱਦਤ ਨਾਲ ਮਹਿਸੂਸ ਕੀਤਾ ਅਤੇ ਤਿੰਨ ਦਿਨਾਂ (8 ਅਗਸਤ ਤੋਂ 10 ਅਗਸਤ 2012) ਤੱਕ ਅਮਰੀਕਾ ਦੇ ਕੌਮੀ ਝੰਡੇ ਅੱਧ-ਝੁਕੇ ਰਹੇ। ਉੱਚ ਪੱਧਰ ਦੇ ਸਰਕਾਰੀ ਨੁਮਾਇੰਦਿਆਂ ਸਮੇਤ ਹਜ਼ਾਰਾਂ ਸੰਗਤਾਂ ਨੇ ਮਿਲਵਾਕੀ ਵਿਖੇ ਹੋਏ ਸ਼ਰਧਾਂਜਲੀ ਸਮਾਗਮ ਵਿਚ ਸਿਰਕਤ ਕੀਤੀ। ਇਸ ਮੁਸੀਬਤ ਭਰੇ ਸਮੇਂ ਵਿਚ ਸਾਕ-ਸਨੇਹੀਆਂ ਅਤੇ ਦੋਸਤਾਂ-ਮਿੱਤਰਾਂ ਦੀਆਂ ਹਜ਼ਾਰਾਂ ਬਾਹਵਾਂ ਦੁੱਖ ਵੰਡਾਉਣ ਲਈ ਅੱਗੇ ਵਧੀਆਂ। 6 ਅਗਸਤ ਤੋਂ 15 ਅਗਸਤ, 2012 ਤੱਕ ਪਟਿਆਲਾ ਸ਼ਹਿਰ ਮੇਰੇ ਨਿਵਾਸ ਵਿਖੇ ਵੱਡੀ ਗਿਣਤੀ ਵਿਚ ਰਿਸ਼ਤੇਦਾਰਾਂ ਅਤੇ ਸੱਜਣ-ਮਿੱਤਰਾਂ ਨੇ ਅਫ਼ਸੋਸ ਪ੍ਰਗਟਾਇਆ। ਸਮੁੱਚੇ ਵਿਸ਼ਵ ਵਿਚ ਵੱਸਦੇ ਸਿੱਖ ਭਾਈਚਾਰੇ ਨੇ ਗੁਰਦੁਆਰਿਆਂ ਵਿਚ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ।

16 ਅਗਸਤ, 2012 ਨੂੰ ਗੁਰਦੁਆਰਾ ਸਿੰਘ ਸਭਾ, ਪਟਿਆਲਾ ਵਿਖੇ ਵਿਸ਼ਾਲ ਇਕੱਠ ਵਿਚ ਸ਼ਹੀਦ ਸਤਵੰਤ ਸਿੰਘ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਇਸ ਮੌਕੇ ਮਹਾਰਾਣੀ ਪਰਨੀਤ ਕੌਰ (ਸਾਬਕਾ ਉਪ ਵਿਦੇਸ਼ ਮੰਤਰੀ, ਭਾਰਤ ਸਰਕਾਰ) ਸ੍ਰੀ ਵਿਜੇ ਇੰਦਰ ਸਿੰਗਲਾ (ਤਤਕਾਲੀਨ ਐੱਮ.ਪੀ. ਸੰਗਰੂਰ) ਹੁਣ ਕੈਬਨਿਟ ਮੰਤਰੀ, ਪੰਜਾਬ, ਸ. ਸੁਰਜੀਤ ਸਿੰਘ ਰੱਖੜਾ (ਤਤਕਾਲੀਨ ਕੈਬਨਿਟ ਮੰਤਰੀ, ਪੰਜਾਬ ਸਰਕਾਰ), ਪ੍ਰੋਫੈਸਰ ਕਿਰਪਾਲ ਸਿੰਘ ਬੰਡੂਗਰ (ਸਾਬਕਾ ਪ੍ਰਧਾਨ, ਐੱਸ.ਜੀ.ਪੀ.ਸੀ. ਅੰਮ੍ਰਿਤਸਰ) ਅਤੇ ਸ. ਅਵਤਾਰ ਸਿੰਘ ਮੱਕੜ ਤਤਕਾਲੀਨ ਪ੍ਰਧਾਨ ਐੱਸ.ਜੀ.ਪੀ.ਸੀ. ਅੰਮ੍ਰਿਤਸਰ) ਸਮੇਤ ਹੋਰ ਬਹੁਤ ਸਾਰੀਆਂ ਮਾਇਨਾਜ਼ ਸਖ਼ਸ਼ੀਅਤਾਂ ਨੇ ਹਾਜ਼ਰੀਆਂ ਭਰੀਆਂ।

ਸ. ਅੰਮ੍ਰਿਤਪਾਲ ਸਿੰਘ ਕਾਲੇਕਾ ਅਤੇ ਵੀਰ ਭਗਵੰਤ ਸਿੰਘ ਸਰਾਓ ਦਾ ਵਿਸ਼ੇਸ਼ ਸਹਿਯੋਗ ਰਿਹਾ। ਸ੍ਰੀਮਤੀ ਸੋਨੀਆ ਗਾਂਧੀ ਤੇ ਕੈਪਟਨ ਅਮਰਿੰਦਰ ਸਿੰਘ (ਮੌਜੂਦਾ ਮੁੱਖ ਮੰਤਰੀ) ਨੇ ਸ਼ੋਕ ਪੱਤਰ ਭੇਜੇ। ਸ. ਸੁਰਜੀਤ ਸਿੰਘ ਰੱਖੜਾ ਕੈਬਨਿਟ ਮੰਤਰੀ, ਪੰਜਾਬ ਨੇ ਆਈ ਸੰਗਤ ਦਾ ਧੰਨਵਾਦ ਕੀਤਾ ਅਤੇ ਆਪ ਸਾਰੇ ਦੁੱਖ ਦਾ ਅੱਖੀ ਡਿਠਾ ਹਾਲ ਵੀ ਸੰਗਤਾਂ ਨੂੰ ਸੁਣਾਇਆ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪਹਿਲਾਂ ਹੀ 12 ਅਗਸਤ, 2012 ਨੂੰ ਮੰਜੀ ਸਾਹਿਬ ਦੀਵਾਨ ਹਾਲ, ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸ਼ਹੀਦਾਂ ਦੀ ਯਾਦ ਵਿਚ ਸ੍ਰੀ ਅਖੰਡ ਪਾਠ ਦੇ ਭੋਗ ਪਾਏ ਗਏ ਸੀ। ਵੱਡੀ ਗਿਣਤੀ ਵਿਚ ਸੰਗਤਾਂ ਨੇ ਸਮਾਗਮ ਵਿਚ ਸ਼ਮੂਲੀਅਤ ਕੀਤੀ।

ਸਾਡੇ ਜੱਦੀ ਪਿੰਡ ਦੁਗਾਲ ਵਿਖੇ ਸਮੂਹ ਇਲਾਕਾ ਨਿਵਾਸੀਆਂ ਵੱਲੋਂ 12 ਸਤੰਬਰ, 2012 ਨੂੰ ਸਤਵੰਤ ਸਿੰਘ ਦੀ ਯਾਦ ਵਿਚ ਵਿਸ਼ਾਲ ਸਮਾਗਮ ਕਰਵਾਇਆ ਗਿਆ। ਸਟੇਜ ਸੰਚਾਲਨ ਵੀਰ ਭਗਵੰਤ ਸਿੰਘ ਸਰਾਓ ਵੱਲੋਂ ਕੀਤਾ ਗਿਆ ਅਤੇ ਚਾਚਾ ਜੀ ਸ. ਗੁਰਬਖਸ਼ ਸਿੰਘ ਸਮੇਤ ਹੋਰ ਬਹੁਤ ਸਾਰੇ ਬੁਲਾਰਿਆਂ ਨੇ ਸ਼ਹੀਦ ਸਤਵੰਤ ਸਿੰਘ ਦੇ ਜੀਵਨ ਦੇ ਵੱਖਰੇ-ਵੱਖਰੇ ਪੱਖਾਂ ’ਤੇ ਚਾਨਣਾ ਪਾਇਆ। ਇਸ ਮੌਕੇ ‘ਤੇ ਪੰਜਾਬ ਦੇ ਤਤਕਾਲੀਨ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਦਾ ਵੀ ਪਰਿਵਾਰ ਨੂੰ ਵਿਸ਼ੇਸ਼ ਆਸ਼ੀਰਵਾਦ ਰਿਹਾ। ਉਹਨਾਂ ਨੇ ਅਮਰੀਕਾ ਵਿਖੇ ਮੇਰੇ ਭਰਾ ਦੇ ਘਰ ਅਤੇ ਹੋਰ ਸ਼ਹੀਦਾਂ ਦੇ ਘਰ-ਘਰ ਜਾ ਕੇ ਅਫ਼ਸੋਸ ਪ੍ਰਗਟ ਕੀਤਾ ਅਤੇ ਸਾਡੇ ਜੱਦੀ ਪਿੰਡ ਦੁਗਾਲ ਦੇ ਸਰਕਾਰੀ ਸਕੂਲ ਦਾ ਨਾਂ ਬਦਲ ਕੇ ਸਤਵੰਤ ਸਿੰਘ ਦੇ ਨਾਂ ‘ਤੇ ਰੱਖਿਆ। ਮੁੱਖ ਮੰਤਰੀ ਜੀ ਨੇ ਸਮੁੱਚੀ ਕੈਬਨਿਟ ਦੀ ਮੀਟਿੰਗ ਬੁਲਾ ਕੇ ਵੀ ਅਫ਼ਸੋਸ ਜ਼ਾਹਿਰ ਕੀਤਾ ਅਤੇ ਸ਼ਹੀਦਾਂ ਦੇ ਪਰਿਵਾਰਾਂ ਨੂੰ ਪੰਜ-ਪੰਜ ਲੱਖ ਰੁਪਏ ਦੀ ਗਰਾਂਟ ਦਿੱਤੀ।

ਸ. ਸਤਵੰਤ ਸਿੰਘ ਦੀ ਪਤਨੀ ਸਰਦਾਰਨੀ ਸਤਪਾਲ ਕੌਰ ਨੂੰ ਸ੍ਰੀ ਹਰਮੰਦਿਰ ਸਾਹਿਬ, ਅੰਮ੍ਰਿਤਸਰ ਵਿਖੇ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ ਗਿਆ। ਦਸੰਬਰ 2012 ਵਿਚ ਲਫਟੈਣ ਬਰਾਇਨ ਮਰਫੀ ਨੂੰ ਵੀ ਡਾਕ ਰਾਹੀਂ ਅਮਰੀਕਾ ਗੋਲਡ ਮੈਡਲ ਭੇਜਿਆ ਗਿਆ। ਗੁਰਦੁਆਰਾ ਸਾਹਿਬ ਤੋਂ ਨਿਕਲ ਕੇ ਮਾਈਕਲ ਪੇਜ ਦਾ ਸਾਹਮਣਾ ਲਫਟੈਣ ਬਰਾਇਨ ਮਰਫੀ (ਓਕ ਕਰੀਕ ਪੁਲਿਸ ਦਾ ਅਫ਼ਸਰ) ਨਾਲ ਹੀ ਹੋਇਆ ਸੀ। ਮਰਫੀ ਨੇ ਪੇਜ ਦੇ ਪਿਸਤੌਲ ਦੀ ਗੋਲੀ ਮਾਰੀ। ਉਹ ਗੋਲੀ ਪੇਜ ਦੇ ਨਾ ਲੱਗੀ। ਪੇਜ ਨੇ ਨੌ ਗੋਲੀਆਂ ਮਾਰ ਕੇ ਮਰਫੀ ਨੂੰ ਬੁਰੀ ਤਰ੍ਹਾਂ ਜਖ਼ਮੀ ਕਰ ਦਿੱਤਾ। ਲਾਈਫ ਜੈਕਟ ਤੇ ਹੈਲਮੇਟ ਪਹਿਨਣ ਕਰਕੇ ਮਰਫੀ ਬਚ ਗਿਆ। ਮਰਫੀ ਵੀ ਹੀਰੋ ਬਣ ਗਿਆ।

ਪ੍ਰੋਫੈਸਰ ਕਿਰਪਾਲ ਸਿੰਘ ਬੰਡੂਗਰ ਜੀ ਦੇ ਯਤਨਾਂ ਸਦਕਾ ਸ਼ਹੀਦ ਸਤਵੰਤ ਸਿੰਘ ਕਾਲੇਕਾ ਦਾ ਚਿੱਤਰ ਸਿੱਖ ਅਜਾਇਬ ਘਰ ਸ੍ਰੀ ਹਰਮਿੰਦਰ ਸਾਹਿਬ, ਅੰਮ੍ਰਿਤਸਰ ਵਿਖੇ ਲਗਾਇਆ ਗਿਆ। ਇਸ ਪੁਸਤਕ ਵਿਚ ਪ੍ਰੋਫੈਸਰ ਕਿਰਪਾਲ ਸਿੰਘ ਬੰਡੂਗਰ, ਡਾ. ਰਣਬੀਰ ਸਿੰਘ ਸਰਾਓ, ਡਾ. ਗੁਰਮੀਤ ਸਿੰਘ ਸਿੱਧੂ ਅਤੇ ਛੋਟੇ ਵੀਰ ਡਾਕਟਰ

ਅੰਮ੍ਰਿਤਪਾਲ ਸਿੰਘ ਕਾਲੇਕਾ ਵੱਲੋਂ ਸ਼ਹੀਦ ਸਤਵੰਤ ਸਿੰਘ ਬਾਰੇ ਲਿਖੇ ਲੇਖ ਵੀ ਸ਼ਾਮਿਲ ਕੀਤੇ ਗਏ ਹਨ।

ਭਾਵੇਂ ਸਤਵੰਤ ਸਿੰਘ ਦੀ ਸ਼ਹੀਦੀ, ਸਾਡੇ ਪਰਿਵਾਰ, ਪਿੰਡ ਵਾਸੀਆਂ, ਸੱਜਣਾਂ-ਮਿੱਤਰਾਂ ਅਤੇ ਵਿਸ਼ੇਸ਼ ਕਰਕੇ ਸਮੂਹ ਨਾਨਕ ਨਾਮ ਲੇਵਾ ਮਨੁੱਖਾਂ ਲਈ ਇਕ ਨਾ-ਭੁਲਾਇਆ ਜਾਣ ਵਾਲਾ ਵਾਕਿਆ ਹੈ ਪ੍ਰੰਤੂ ਫਿਰ ਵੀ ਮੇਰੇ ਮਨ ਵਿਚ ਇਹ ਇੱਛਾ ਸੀ ਕਿ ਮੇਰੇ ਤੋਂ 5 ਵਰ੍ਹੇ ਛੋਟੇ ਵੀਰ ਸਤਵੰਤ ਸਿੰਘ ਕਾਲੇਕਾ ਦੀ ਸ਼ਹੀਦੀ ਦੀ ਗੌਰਵਗਾਥਾ ਨੂੰ ਸ਼ਬਦਾਂ ਵਿਚ ਕਾਨੀਬੱਧ ਕੀਤਾ ਜਾਵੇ ਅਤੇ ਇਸ ਘਟਨਾ ਦੀ ਯਾਦ ਨੂੰ ਇਤਿਹਾਸਕ ਦਸਤਾਵੇਜ਼ ਦੇ ਰੂਪ ਵਿਚ ਸੰਭਾਲ ਕੇ ਰੱਖਿਆ ਜਾਵੇ। ਕਿਉਂਕਿ ਆਮ ਕਹਾਵਤ ਹੈ ਕਿ ਸੀਨਾ-ਬਸੀਨਾ ਤੁਰਦੀਆਂ ਗਾਥਾਵਾਂ ਸਮਾਂ ਪਾ ਕੇ ਜਨ-ਚੇਤਨਾ ਵਿਚੋਂ ਲੁਪਤ ਹੋ ਜਾਂਦੀਆਂ ਹਨ ਪ੍ਰੰਤੂ ਸ਼ਾਬਦਿਕ ਰੂਪ ਵਿਚ ਚਿੱਤਰੀਆਂ ਵੀਰ-ਗਾਥਾਵਾਂ ਇਤਿਹਾਸ ਦਾ ਸਥਾਈ ਹਿੱਸਾ ਬਣ ਜਾਂਦੀਆਂ ਹਨ। ਇਸ ਪੁਸਤਕ ਦੀ ਰਚਨਾ ਕਰਦਿਆਂ ਮੈਂ ਕਿਸੇ ਇਤਿਹਾਸ, ਮਿਥਿਹਾਸ ਜਾਂ ਕਲਪਨਾ ਦਾ ਸਹਾਰਾ ਨਹੀਂ ਲਿਆ। ਮੇਰਾ ਜ਼ਿਆਦਾ ਧਿਆਨ ਸ. ਸਤਵੰਤ ਸਿੰਘ ਅਤੇ ਉਸ ਦੇ ਜੀਵਨ ਨਾਲ ਸਬੰਧਤ ਵਾਸਤਵਿਕ ਘਟਨਾਵਾਂ ਨੂੰ ਚਿੱਤਰਣ 'ਤੇ ਹੀ ਕੇਂਦਰਿਤ ਰਿਹਾ ਹੈ।

ਇਸ ਪੁਸਤਕ ਦੀ ਰਚਨਾ ਪ੍ਰਕਿਰਿਆ ਅਤੇ ਸੰਪੂਰਨਤਾ ਵਿਚ ਵੀ ਆਮ ਵਾਂਗ ਮੇਰੀ ਸੁਪਤਨੀ ਸਰਦਾਰਨੀ ਜਸਮਿੰਦਰ ਕੌਰ ਦਾ ਮਹੱਤਵਪੂਰਨ ਯੋਗਦਾਨ ਰਿਹਾ ਹੈ। ਉਹ ਮੇਰੀਆਂ ਰਚਨਾਵਾਂ ਦੀ ਪਹਿਲੀ ਪਾਠਕ ਅਤੇ ਆਲੋਚਕ ਵੀ ਹੈ। ਪ੍ਰੋਫੈਸਰ (ਡਾ.) ਗੁਰਮੀਤ ਸਿੰਘ ਸਿੱਧੂ, ਡਾ. ਹਰਨੇਕ ਸਿੰਘ ਢੋਟ ਅਤੇ ਪ੍ਰੋਫੈਸਰ ਅਵਤਾਰ ਸਿੰਘ ਧਾਲੀਵਾਲ ਨੇ ਸਾਰਥੀ ਬਣ ਕੇ ਮੇਰੀ ਲੇਖਣੀ ਦੇ ਰੱਥ ਨੂੰ ਅੱਗੇ ਤੋਰਨ ਵਿਚ ਮੱਦਦ ਕੀਤੀ ਹੈ।

ਅਖੀਰ ਵਿਚ ਮੈਂ ਉਹਨਾਂ ਸਮੂਹ ਸਾਕ-ਸਬੰਧੀਆਂ ਅਤੇ ਸੱਜਣਾ-ਮਿੱਤਰਾਂ ਸਬੰਧੀ ਆਭਾਰ ਪ੍ਰਗਟ ਕਰਦਾ ਹਾਂ ਜਿਹੜੇ ਇਸ ਮੁਸ਼ਕਿਲ ਘੜੀ ਵਿਚ ਸਾਡੇ ਪਰਿਵਾਰ ਲਈ ਢਾਰਸ ਬਣ ਕੇ ਖੜ੍ਹੇ ਹੋਏ।

ਆਮੀਨ !

ਕੈਪਟਨ ਅਮਰਜੀਤ ਸਿੰਘ ਕਾਲੇਕਾ

# ਜਾਣ-ਪਛਾਣ

ਵਿਸ਼ਵ ਦੇ ਇਤਿਹਾਸ ਵਿਚ ਸਭ ਤੋਂ ਪਹਿਲੀ ਸ਼ਹਾਦਤ ਸੁਕਰਾਤ ਦੀ ਸੀ। ਸੁਕਰਾਤ ਦਾ ਜਨਮ 470 ਬੀ.ਸੀ (ਈਸਾ ਮਸੀਹ ਤੋਂ ਪਹਿਲਾਂ) ਯੂਨਾਨ ਦੇ ਇਕ ਇਲਾਕੇ ਏਥਨਸ ਦੇ ਪਿੰਡ ਡੇਮੀਕਲੋਪੇਕ ਵਿਚ ਹੋਇਆ। ਸੁਕਰਾਤ ਦੀ ਮੌਤ 399 ਬੀ.ਸੀ (ਈਸਾ ਮਸੀਹ ਤੋਂ ਪਹਿਲਾਂ) ਤਕਰੀਬਨ 71 ਸਾਲ ਦੀ ਉਮਰ ਵਿਚ ਹੋਈ। ਉਸ ਨੂੰ ਹੈਮਲੌਕ ਨਾਮੀ ਜ਼ਹਿਰ ਪਿਲਾ ਕੇ ਸ਼ਹੀਦ ਕੀਤਾ ਗਿਆ।

ਵਿਦਿਆਰਥੀ ਦੇ ਤੌਰ 'ਤੇ ਸੁਕਰਾਤ ਨੇ ਸੰਗੀਤ, ਗਰਾਮਰ ਅਤੇ ਜਿਮਨਾਸਟਿਕ ਪੜ੍ਹੀ, ਜੋ ਉਹਨਾਂ ਦਿਨਾਂ ਵਿਚ ਯੂਨਾਨੀ ਨੌਜਵਾਨ ਪੜ੍ਹਦੇ ਸਨ। ਸੁਕਰਾਤ ਦੇ ਪਿਤਾ ਦਾ ਨਾਂ ਸਫਰੋਨਿਕਸ ਸੀ, ਜੋ ਕਿ ਪੱਥਰਘਾੜਾ ਸੀ। ਸੁਕਰਾਤ ਵੀ ਆਪਣੇ ਪਿਤਾ ਵਾਂਗ ਇਕ ਅੱਛਾ ਪੱਥਰਘਾੜਾ ਬਣਿਆ। ਸੁਕਰਾਤ ਨੇ ਫੌਜ ਵਿਚ ਭਰਤੀ ਹੋ ਕੇ ਪੁਟੀਡਾ ਦੀ ਲੜਾਈ ਵਿਚ ਜਨਰਲ ਐਲਕੀਬਾਲਡਿਸ ਦੀ ਜਾਨ ਬਚਾਈ।

ਸੁਕਰਾਤ ਦੀ ਸੂਝ-ਬੂਝ ਬਹੁਤ ਅੱਛੀ ਸੀ ਅਤੇ ਉਸ ਨੂੰ ਪੱਛਮੀ ਫਿਲਾਸਫੀ ਦਾ ਪਿਤਾ ਸਮਝਿਆ ਜਾਂਦਾ ਹੈ। ਸੁਕਰਾਤ ਗੁਣਵਾਨ ਅਤੇ ਗਿਆਨਵਾਨ ਜੀਵਨ ਨੂੰ ਹੀ ਸਹੀ ਜੀਵਨ ਸਮਝਦਾ ਸੀ। ਸੁਕਰਾਤ ਆਜ਼ਾਦ ਵਿਚਾਰਾਂ ਵਾਲਾ ਫਿਲਾਸਫਰ ਸੀ। ਉਹਨਾਂ ਦਿਨਾਂ ਵਿਚ ਏਥਨ ਵਿਚ ਲੋਕ ਰਾਜ ਸੀ। ਸੁਕਰਾਤ ਲੋਕ ਰਾਜ ਦੇ ਹੱਕ ਵਿਚ ਨਹੀ ਸੀ। ਸਮੇਂ ਦੀ ਸਰਕਾਰ ਨੇ ਉਸ ਨੂੰ ਮੌਤ ਦੀ ਸਜ਼ਾ ਸੁਣਾਈ। ਜ਼ਿਆਦਾਤਰ ਲੋਕ ਸਮਝਦੇ ਸਨ ਕਿ ਉਹ ਮੌਤ ਤੋਂ ਬਚਣ ਲਈ ਏਥਨ ਛੱਡ ਕੇ ਕਿਸੇ ਹੋਰ ਸ਼ਹਿਰ ਚਲਾ ਜਾਵੇਗਾ ਪਰ ਉਸ ਨੇ ਅਜਿਹਾ ਨਹੀਂ ਕੀਤਾ। ਸੁਕਰਾਤ ਨੇ ਬਹਾਦਰੀ, ਇਨਸਾਨੀਅਤ ਅਤੇ ਸੱਚ ਦੇ ਨਾਂ 'ਤੇ ਹੈਮਲੌਕ ਜ਼ਹਿਰ ਦਾ ਪਿਆਲਾ ਪੀ ਕੇ ਮੌਤ ਨੂੰ ਹੱਸ ਕੇ ਸਵੀਕਾਰ ਕੀਤਾ। ਉਸ ਦੀ ਮੌਤ ਦੇ ਸਮੇਂ ਉਸ ਦਾ ਸੁਪ੍ਰਸਿੱਧ ਚੇਲਾ, ਪਲੈਟੋ ਵੀ ਉਥੇ ਹੀ ਮੌਜੂਦ ਸੀ। ਸੁਕਰਾਤ ਦੁਨੀਆ ਨੂੰ ਸਿੱਧ ਕਰਨਾ ਚਾਹੁੰਦਾ ਸੀ ਕਿ ਉਹ ਮੌਤ ਤੋਂ ਨਹੀਂ ਡਰਦਾ। ਉਸ ਦੀ ਫਿਲਾਸਫੀ ਵੀ ਇਹੀ ਸੀ ਕਿ ਗੁਣ ਅਤੇ ਗਿਆਨ ਸਾਨੂੰ ਮੌਤ ਲਈ ਤਿਆਰ ਕਰਦੇ ਹਨ ਅਤੇ ਡਰ ਤੋਂ ਮੁਕਤ ਕਰਦੇ ਹਨ।

ਗਲੀਲੀਓ ਇਕ ਜਗਤ ਪ੍ਰਸਿੱਧ ਇਟਲੀ ਦਾ ਸਾਇੰਸਦਾਨ ਹੋਇਆ ਹੈ। ਗਲੀਲੀਓ ਦਾ ਜਨਮ 1564 ਈ ਵਿਚ ਹੋਇਆ। 1642 ਈ ਵਿਚ 78 ਸਾਲ ਦੀ ਉਮਰ ਵਿਚ ਕੈਦ ਕੱਟਦਿਆਂ ਇਸ ਦੀ ਮੌਤ ਹੋਈ। ਗਲੀਲੀਓ ਇਟਲੀ ਦਾ ਭੌਤਿਕ ਵਿਗਿਆਨੀ ਸੀ। ਉਸ ਜ਼ਮਾਨੇ ਵਿਚ ਐਰਸਟੌਟਲ ਦੇ ਵਿਚਾਰ ਹੀ ਮੰਨੇ ਜਾਂਦੇ ਸਨ,

ਜਿਸ ਵਿਚ ਧਰਤੀ ਨੂੰ ਸਾਰੀ ਸ੍ਰਿਸ਼ਟੀ ਦਾ ਮੱਧ ਮੰਨਦੇ ਸਨ ਤੇ ਸਮਝਦੇ ਸਨ ਕਿ ਸੂਰਜ ਅਤੇ ਚੰਦ ਆਦਿਕ ਧਰਤੀ ਦੁਆਲੇ ਘੁੰਮਦੇ ਹਨ। ਇਹ ਸਮਝਿਆ ਜਾਂਦਾ ਸੀ ਕਿ ਧਰਤੀ ਖੜ੍ਹੀ ਹੈ, ਚੰਦ ਅਤੇ ਸੂਰਜ ਆਦਿ ਗ੍ਰਹਿ ਚਲ ਰਹੇ ਹਨ।

ਗਲੀਲੀਓ ਨੇ ਦੂਰਬੀਨ ਬਣਾਈ ਅਤੇ ਇਸ ਦੀ ਸਹਾਇਤਾ ਨਾਲ ਸਿਤਾਰਿਆਂ ਆਦਿਕ ਨੂੰ ਦੇਖਿਆ। ਗਲੀਲੀਓ ਇਸ ਸਿੱਟੇ 'ਤੇ ਪਹੁੰਚਿਆ ਕਿ ਸੂਰਜ ਖੜ੍ਹਾ ਹੈ। ਧਰਤੀ, ਚੰਦ ਅਤੇ ਵੀਨਸ ਆਦਿ ਇਸ ਦੇ ਦੁਆਲੇ ਘੁੰਮ ਰਹੇ ਹਨ। ਕ੍ਰਿਸ਼ਚਨ ਚਰਚ ਨੇ ਦੋ ਵਾਰ ਈਸਾਈ ਮਤ ਦੇ ਵਿਰੁੱਧ ਕੁਫਰ ਦੇ ਦੋਸ਼ ਲਾ ਕੇ ਉਸ ਨੂੰ ਸਜ਼ਾ ਸੁਣਾਈ ਅਤੇ ਮਰਨ ਤੱਕ ਉਸ ਨੂੰ ਜੇਲ੍ਹ ਵਿਚ ਰੱਖਿਆ ਗਿਆ। ਇਸ ਤੋਂ ਪਤਾ ਲੱਗਦਾ ਹੈ ਕਿ ਸੱਚੇ ਫਾਂਸੀ ਚੜ੍ਹਦੇ ਦੇਖੇ। ਹੁਣ ਉਸੇ ਹੀ ਗਲੀਲੀਓ ਨੂੰ ਆਧੁਨਿਕ ਸਾਇੰਸ ਦਾ ਪਿਤਾ ਕਿਹਾ ਜਾਂਦਾ ਹੈ।

ਸ਼ਹਾਦਤ ਆਪਣਾ ਬਲਿਦਾਨ ਦੇਣ ਦਾ ਨਾਮ ਹੈ। ਜੋ ਵਿਅਕਤੀ ਆਪਣੀ ਸੋਝੀ ਨਾਲ ਕਿਸੇ ਖਾਸ ਮੁੱਦੇ, ਦੇਸ਼, ਧਰਮ ਅਤੇ ਲੋਕ ਭਲਾਈ ਲਈ ਆਪਣੇ ਸਰੀਰ ਨੂੰ ਮਹੱਤਤਾ ਨਾ ਦਿੰਦਾ ਹੋਇਆ ਬਲਿਦਾਨ ਦਿੰਦਾ ਹੈ ਉਸ ਨੂੰ ਸ਼ਹੀਦ ਕਿਹਾ ਜਾਂਦਾ ਹੈ। ਭਾਰਤ ਵਿਚ ਪੁਰਾਣੇ ਸਮੇਂ ਤੋਂ ਹੀ ਦੇਵੀ-ਦੇਵਤਿਆਂ ਨੂੰ ਖੁਸ਼ ਕਰਨ ਲਈ ਪਸ਼ੂਆਂ ਦੀ ਬਲੀ ਦੇਣ ਦੀ ਪ੍ਰਥਾ ਚੱਲਦੀ ਆ ਰਹੀ ਹੈ। ਅੱਜ-ਕੱਲ੍ਹ ਵੀ ਬੱਕਰੇ ਆਦਿਕ ਝਟਕਾਏ ਜਾਂਦੇ ਹਨ। ਮੁਸਲਾਮਾਨਾਂ ਵਿਚ ਵੀ ਇਹ ਪ੍ਰਪੰਰਾ ਰਹੀ ਹੈ।

ਸਿੱਖੀ, ਉੱਤਰੀ ਭਾਰਤ ਵਿਚ ਸ਼ੁਰੂ ਹੋਈ ਅਤੇ ਇਸ ਦਾ ਜਨਮ ਗੁਰੂ ਨਾਨਕ ਦੇਵ ਜੀ ਦੇ ਜਨਮ (1469 ਈ.) ਨਾਲ ਹੀ ਕਹਿ ਸਕਦੇ ਹਾਂ। ਬਾਬਰ, ਗੁਰੂ ਨਾਨਕ ਦੇਵ ਜੀ ਦਾ ਸਮਕਾਲੀ ਹੋਇਆ ਹੈ ਅਤੇ ਇਸ ਨੇ 1526 ਵਿਚ ਹਿੰਦੁਸਤਾਨ ਵਿਚ ਰਾਜ ਸਥਾਪਿਤ ਕੀਤਾ। ਬਾਬਰ ਦੇ ਮਰਨ ਤੋਂ ਬਾਅਦ ਹਿੰਮਾਯੂ ਰਾਜ ਨਾ ਸੰਭਾਲ ਸਕਿਆ ਅਤੇ ਸ਼ੇਰ ਸ਼ਾਹ ਸੂਰੀ ਨੇ ਹਿੰਮਾਯੂ ਤੋਂ ਰਾਜ ਖੋਹ ਲਿਆ। ਉਸ ਤੋਂ ਬਾਅਦ ਹਿੰਮਾਯੂ ਦੇ ਪੁੱਤਰ ਅਕਬਰ ਨੇ ਲੰਮੇ ਸਮੇਂ ਤੱਕ ਭਾਰਤ ਉਤੇ ਰਾਜ ਕੀਤਾ। ਅਕਬਰ ਸਿੱਖ ਗੁਰੂਆਂ ਦਾ ਬਹੁਤ ਸਤਿਕਾਰ ਕਰਦਾ ਸੀ। ਉਹ ਗੁਰੂ ਅਮਰਦਾਸ ਸਾਹਿਬ ਜੀ ਦੇ ਦਰਸ਼ਨ ਕਰਨ ਲਈ ਗੋਇੰਦਵਾਲ ਸਾਹਿਬ ਆਇਆ ਅਤੇ ਉਹਨਾਂ ਤੋਂ ਆਸ਼ੀਰਵਾਦ ਲਿਆ। ਉਸ ਨੇ ਗੁਰੂ ਅਮਰਦਾਸ ਜੀ ਦੇ ਕਹਿਣ 'ਤੇ ਕੁਝ ਪਿੰਡਾਂ ਦੇ ਮਾਮਲੇ ਆਦਿ ਵੀ ਮੁਆਫ਼ ਕਰ ਦਿੱਤੇ। ਅਕਬਰ ਉਦਾਰਵਾਦੀ ਸ਼ਹਿਨਸ਼ਾਹ ਸੀ। ਉਸ ਨੇ ਹਿੰਦੂਆਂ ਪ੍ਰਤੀ ਬਹੁਤ ਅੱਛਾ ਵਰਤਾਓ ਰੱਖਿਆ। ਉਸ ਦੇ ਰਾਜ ਸਮੇਂ ਵਿਚ ਕੱਟੜ ਮੁਸਲਮਾਨਾਂ ਦੀ ਜ਼ਿਆਦਾ ਸੁਣਵਾਈ ਨਹੀਂ ਸੀ। ਉਸ ਨੇ ਹਿੰਦੂ ਲੋਕਾਂ ਨੂੰ ਨੇੜ੍ਹੇ ਲਿਆਉਣ ਲਈ ਜੈਪੁਰ ਦੇ ਮਹਾਰਾਜੇ ਦੀ ਲੜਕੀ ਵਿਆਹੀ ਅਤੇ ਉਥੋਂ ਦੇ ਰਾਜਾ ਜੈ ਸਿੰਘ ਨੂੰ ਫੌਜ ਦਾ ਸੈਨਾਪਤੀ ਥਾਪਿਆ।

ਅਕਬਰ ਤੋਂ ਬਾਅਦ ਉਸ ਦੇ ਪੁੱਤਰ ਜਹਾਂਗੀਰ ਨੇ ਰਾਜ ਸੰਭਾਲਿਆ। ਉਹ ਕੱਟੜ ਮੁਸਲਮਾਨਾਂ ਦੇ ਅਸਰ ਹੇਠ ਆ ਗਿਆ। ਜਹਾਂਗੀਰ ਦੇ ਰਾਜ ਵਿਚ ਹੀ ਲਾਹੌਰ

ਵਿਖੇ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਹੋਈ। ਸ਼ਹੀਦ ਹੋਣ ਤੋਂ ਪਹਿਲਾਂ ਗੁਰੂ ਅਰਜਨ ਦੇਵ ਜੀ ਨੇ ਆਪਣੇ ਪੁੱਤਰ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਫੌਜ, ਚੰਗੇ ਘੋੜੇ ਅਤੇ ਸ਼ਸ਼ਤਰ ਰੱਖਣ ਲਈ ਕਿਹਾ। ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਬਾਅਦ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਦੀ ਮਦਦ ਨਾਲ ਇਕ ਥੜ੍ਹਾ ਬਣਾਇਆ, ਜਿਸ ਨੂੰ ਅਕਾਲ ਤਖ਼ਤ ਦਾ ਨਾਮ ਦਿੱਤਾ। ਗੁਰੂ ਹਰਿਗੋਬਿੰਦ ਜੀ ਨੇ ਆਪਣੇ ਗਲ਼ ਵਿਚ ਮੀਰੀ ਅਤੇ ਪੀਰੀ ਨਾਮ ਦੀਆਂ ਦੋ ਤਲਵਾਰਾਂ ਪਹਿਨੀਆਂ। ਹੁਣ ਸਿੱਖ ਸਿਰਫ਼ ਰੱਬ ਦੀ ਭਗਤੀ ਹੀ ਨਹੀਂ ਕਰਦੇ ਸਨ, ਸਗੋਂ ਯੋਧੇ ਵੀ ਬਣਨ ਲੱਗੇ ਸਨ। ਜਿਥੇ ਹਰਿਮੰਦਰ ਸਾਹਿਬ ਵਿਖੇ ਦਿਨ ਰਾਤ ਭਗਤੀ ਜਾਪ ਹੁੰਦਾ, ਉਥੇ ਅਕਾਲ ਤਖ਼ਤ ਸਾਹਿਬ ਵਿਖੇ ਅਬਦੁਲਾ ਅਤੇ ਹੋਰ ਢਾਡੀ ਜੱਥੇ ਬਹਾਦਰੀ ਦੀਆਂ ਵਾਰਾਂ ਸੁਣਾ ਕੇ ਸਿੱਖਾਂ ਵਿਚ ਜੋਸ਼ ਭਰਦੇ ਸਨ। ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸਿੱਖਾਂ ਨੂੰ ਪ੍ਰਭੂ ਭਗਤੀ ਤੋਂ ਇਲਾਵਾ ਬਹਾਦਰੀ ਅਤੇ ਸੂਰਮਗਤੀ ਵੱਲ ਤੋਰਿਆ। ਸਿੱਖ ਸੰਗਤਾਂ ਨੂੰ ਸੇਵਾ ਵੱਜੋਂ ਸੁੰਦਰ ਘੋੜੇ ਅਤੇ ਹਥਿਆਰ ਲਿਆਉਣ ਲਈ ਕਿਹਾ। ਨੌਜਵਾਨ ਸਿੱਖ, ਗੁਰੂ ਜੀ ਦੀ ਫੌਜ ਵਿਚ ਭਰਤੀ ਹੋਣ ਲੱਗੇ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਚਾਰ ਜੰਗਾਂ ਲੜੀਆਂ ਅਤੇ ਚਾਰਾਂ ਵਿਚ ਹੀ ਉਹਨਾਂ ਨੇ ਫ਼ਤਹਿ ਪ੍ਰਾਪਤ ਕੀਤੀ।

ਔਰੰਗਜੇਬ ਨੇ ਆਪਣੇ ਭਰਾਵਾਂ ਦਾ ਕਤਲ ਅਤੇ ਪਿਤਾ ਸ਼ਾਹਜਹਾਨ ਨੂੰ ਕੈਦ ਕਰਕੇ ਲਗਭਗ 50 ਸਾਲ 1707 ਈ. ਤੱਕ ਹਿੰਦੁਸਤਾਨ 'ਤੇ ਰਾਜ ਕੀਤਾ। ਇਸ ਦੌਰਾਨ ਕੱਟੜਵਾਦੀ ਮੁਸਲਮਾਨ ਹੋਰ ਵੀ ਉੱਭਰ ਆਏ। ਔਰੰਗਜੇਬ ਨੇ ਸਾਰੇ ਭਾਰਤ ਵਾਸੀਆਂ ਨੂੰ ਜ਼ਬਰਨ ਮੁਸਲਮਾਨ ਬਣਾਉਣਾ ਸ਼ੁਰੂ ਕਰ ਦਿੱਤਾ। ਉਸ ਨੇ ਭਾਰਤ ਦੇ ਗ਼ੈਰ-ਮੁਸਲਮਾਨ ਅਤੇ ਬੇਕਸੂਰ ਲੋਕਾਂ 'ਤੇ ਬਹੁਤ ਜ਼ੁਲਮ ਢਾਹੇ। 11 ਨਵੰਬਰ 1675 ਨੂੰ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਹਿੰਦੂ ਧਰਮ ਦੇ ਤਿਲਕ ਅਤੇ ਜੰਞੂ ਦੀ ਰਾਖੀ ਲਈ ਦਿੱਲੀ ਦੇ ਚਾਂਦਨੀ ਚੌਕ ਵਿਖੇ ਆਪਣੇ ਤਿੰਨ ਸਾਥੀਆਂ ਭਾਈ ਸਤੀ ਦਾਸ ਜੀ, ਭਾਈ ਮਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਸਮੇਤ ਲਾਸਾਨੀ ਸ਼ਹਾਦਤ ਦਿੱਤੀ।

ਔਰੰਗਜੇਬ ਦੇ ਜ਼ੁਲਮਾਂ ਦੇ ਰਾਹ ਵਿਚ ਗੁਰੂ ਗੋਬਿੰਦ ਸਿੰਘ ਜੀ ਪਹਾੜ ਵਾਂਗ ਉਸ ਦੇ ਸਾਹਮਣੇ ਖੜ੍ਹੇ ਹੋ ਗਏ। 1696 ਤੋਂ 1699 ਤੱਕ ਗੁਰੂ ਗੋਬਿੰਦ ਸਿੰਘ ਜੀ ਨੇ ਪਾਉਂਟਾ ਸਾਹਿਬ ਵਿਖੇ ਰਹਿ ਕੇ ਵਿੱਦਿਅਕ ਕੰਮ ਕੀਤਾ। ਇਸ ਸਮੇਂ ਉਹਨਾਂ ਨੇ ਭੰਗਾਣੀ ਦਾ ਯੁੱਧ ਲੜਿਆ। 1699 ਨੂੰ ਵਿਸਾਖੀ ਵਾਲੇ ਦਿਨ ਉਹਨਾਂ ਨੇ ਖਾਲਸਾ ਪੰਥ ਦੀ ਸਾਜਨਾ ਕੀਤੀ। ਪੰਜ ਪਿਆਰਿਆਂ ਨੇ ਆਪਣਾ ਸੀਸ ਦੇ ਕੇ ਗੁਰੂ ਜੀ ਪਾਸੋਂ ਅੰਮ੍ਰਿਤ ਪਾਨ ਕੀਤਾ। ਗੁਰੂ ਗੋਬਿੰਦ ਸਿੰਘ ਜੀ ਨੇ ਆਪ ਪੰਜ ਪਿਆਰਿਆਂ ਤੋਂ ਅੰਮ੍ਰਿਤ ਦੀ ਦਾਤ ਮੰਗੀ ਅਤੇ ਗੁਰੂ ਗੋਬਿੰਦ ਰਾਇ ਤੋਂ ਗੁਰੂ ਗੋਬਿੰਦ ਸਿੰਘ ਹੋ ਗਏ। ਅਗਲੇ ਦਿਨ 20 ਹਜ਼ਾਰ ਸੰਗਤ ਨੇ ਅੰਮ੍ਰਿਤ ਛਕਿਆ। ਨਵਾਂ ਬਣਿਆ ਖਾਲਸਾ ਕੁਦਰਤ ਦਾ

ਅਲੱਗ ਹੀ ਨਜ਼ਾਰਾ ਸੀ। ਮਨ ਸ਼ਾਂਤੀ ਵਾਲਾ ਅਤੇ ਤਨ ਸਿਪਾਹੀ ਵਾਲਾ। ਪੰਜ ਕਕਾਰਾਂ ਦੀ ਪ੍ਰਧਾਨਤਾ ਹੋ ਗਈ। ਲੋਕ ਇੰਨੇ ਬਹਾਦਰ ਅਤੇ ਸਿਦਕਵਾਨ ਹੋ ਗਏ ਕਿ ਉੱਤਰੀ ਭਾਰਤ ਦਾ ਨਕਸ਼ਾ ਹੀ ਬਦਲ ਗਿਆ। ਦੇਸ਼ ਅਤੇ ਕੌਮ ਲਈ ਸ਼ਹੀਦ ਹੋਣਾ ਮਜ਼ਾਕ ਜਿਹਾ ਹੀ ਬਣ ਗਿਆ।

॥ ਸਵਾ ਲਾਖ ਸੇ ਏਕ ਲੜਾਊਂ ਤਬੈ ਗੋਬਿੰਦ ਸਿੰਘ ਨਾਮ ਕਹਾਊਂ ॥

ਦੇ ਵਿਚਾਰ ਨੇ ਲੋਕਾਂ ਵਿਚ ਜੋਸ਼ ਭਰ ਦਿੱਤਾ। ਜੋ ਇਨਸਾਨ ਮਰਨ ਨੂੰ ਤਿਆਰ ਹੁੰਦਾ ਹੈ ਤੇ ਆਪਣੀ ਜਾਨ ਦੀ ਪ੍ਰਵਾਹ ਨਹੀਂ ਕਰਦਾ, ਉਸ ਦੀ ਸ਼ਕਤੀ ਆਮ ਇਨਸਾਨ ਨਾਲੋਂ ਕਈ ਗੁਣਾਂ ਵੱਧ ਜਾਂਦੀ ਹੈ। ਜਦੋਂ ਗੁਰੂ ਗੋਬਿੰਦ ਸਿੰਘ ਜੀ ਦਾ ਥਾਪੜਾ ਹੋਵੇ ਫਿਰ ਇਹ ਸ਼ਕਤੀ ਅਸਮਾਨ ਦੀ ਬਿਜਲੀ ਬਣ ਜਾਂਦੀ ਹੈ।

ਆਪ ਜੀ ਨੂੰ ਪਤਾ ਹੀ ਹੈ ਕਿ ਸਿੱਖ ਇਤਿਹਾਸ ਬਹਾਦਰੀ, ਜੰਗਾਂ ਅਤੇ ਸ਼ਹੀਦੀਆਂ ਨਾਲ ਭਰਪੂਰ ਹੈ। ਭਗਤੀ ਤੇ ਸ਼ਕਤੀ ਦਾ ਸੁਮੇਲ ਨਾਲ-ਨਾਲ ਹੀ ਚੱਲਦਾ ਆ ਰਿਹਾ ਹੈ। 6 ਦਸੰਬਰ 1704 ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਫੌਜ ਸਮੇਤ ਆਨੰਦਪੁਰ ਦਾ ਕਿਲ੍ਹਾ ਛੱਡਿਆ। ਸਰਸਾ ਨਦੀ ਦੇ ਨੇੜੇ ਜਦੋਂ ਅੰਮ੍ਰਿਤ ਵੇਲਾ ਹੋਇਆ ਤਾਂ ਗੁਰੂ ਜੀ ਨੇ ਭਾਈ ਦਇਆ ਸਿੰਘ ਜੀ ਨੂੰ ਆਸਾ ਦੀ ਵਾਰ ਦਾ ਕੀਰਤਨ ਕਰਨ ਲਈ ਕਿਹਾ। ਸਿੰਘਾਂ ਨੇ ਕਿਹਾ ਕਿ ਪਾਤਸ਼ਾਹ ਮੁਗਲਾਂ ਦੀ ਵੱਡੀ ਫੌਜ ਸਾਡੇ ਪਿੱਛੇ ਹੈ। ਕੁਝ ਸਿੰਘਾਂ ਨੂੰ ਪਹਿਰੇ 'ਤੇ ਲਾ ਦਿੱਤਾ ਅਤੇ ਆਸਾ ਦੀ ਵਾਰ ਦਾ ਕੀਰਤਨ ਆਰੰਭ ਹੋਇਆ। ਇਸ ਦੌਰਾਨ ਭਾਈ ਜੀਵਨ ਸਿੰਘ (ਭਾਈ ਜੈਤਾ ਜੀ) ਜੀ ਸ਼ਹੀਦ ਹੋ ਗਏ। ਗੁਰੂ ਸਾਹਿਬ ਨੇ ਖਾਲਸੇ ਵਿਚ ਇੰਨਾ ਜੋਸ਼ ਅਤੇ ਸਾਹਸ ਭਰ ਦਿੱਤਾ ਕਿ ਤਕਰੀਬਨ ਸਾਢੇ ਚਾਰ ਫੁੱਟ ਕੱਦ ਦਾ ਸਿੰਘ ਭਾਈ ਬਚਿੱਤਰ ਸਿੰਘ ਸ਼ਰਾਬੀ ਹਾਥੀ ਨਾਲ ਭਿੜ ਗਿਆ। ਚਮਕੌਰ ਦੀ ਲੜਾਈ ਜੋ ਕਿ ਆਪਣੇ ਆਪ ਵਿਚ ਇਕ ਲਾਸਾਨੀ ਇਤਿਹਾਸ ਹੈ। ਇਸ ਵਿਚ ਗੁਰੂ ਸਾਹਿਬ ਜੀ ਦੇ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ ਅਤੇ ਬਾਬਾ ਜੁਝਾਰ ਸਿੰਘ ਜੀ ਸਮੇਤ 40 ਸਿੰਘਾਂ ਨੇ 10 ਲੱਖ ਦੀ ਫੌਜ ਨਾਲ ਮੁਕਾਬਲਾ ਕੀਤਾ।

1708-1716 ਬਾਬਾ ਬੰਦਾ ਸਿੰਘ ਬਹਾਦਰ ਦਾ ਸਮਾਂ ਸੀ। ਜਦੋਂ ਦਿੱਲੀ ਵਿਚ ਮੁਗਲ ਰਾਜ ਸੀ, ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਵਿੱਚ ਆਮ ਸਿੰਘਾਂ ਨੇ ਡਾਂਗਾ-ਸੋਟੀਆਂ, ਬਰਛਿਆਂ ਅਤੇ ਤਲਵਾਰਾਂ ਨਾਲ ਸੂਬਾ ਸਰਹਿੰਦ ਨੂੰ ਹਰਾ ਦਿੱਤਾ ਅਤੇ ਪੰਜਾਬ ਵਿਚ ਖਾਲਸੇ ਦਾ ਰਾਜ ਸਥਾਪਿਤ ਕਰ ਦਿੱਤਾ। ਉਸ ਨੇ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਸਿੱਕੇ ਵੀ ਚਲਾ ਦਿੱਤੇ। 8 ਸਾਲ ਪੰਜਾਬ ਵਿਚ ਖਾਲਸੇ ਦਾ ਰਾਜ ਰਿਹਾ। 1716 ਵਿਚ ਬਾਬਾ ਬੰਦਾ ਸਿੰਘ ਬਹਾਦਰ ਅਤੇ ਉਹਨਾਂ ਦੇ ਸਾਥੀਆਂ ਨੂੰ ਮੁਗਲ ਫੌਜ ਨੇ ਘੇਰ ਲਿਆ। 8 ਮਹੀਨੇ ਦੇ ਘੇਰੇ ਪਿਛੋਂ ਉਹਨਾਂ ਨੂੰ 700 ਸਾਥੀਆਂ ਸਮੇਤ ਦਿੱਲੀ ਲਿਜਾਇਆ ਗਿਆ। ਕੁਤਬਮਿਨਾਰ ਦੇ ਨੇੜ੍ਹੇ ਉਹਨਾਂ ਨੂੰ ਇਕ-ਇਕ ਕਰ ਕੇ ਸ਼ਹੀਦ ਕੀਤਾ ਗਿਆ। ਕਿਸੇ ਇੱਕ ਨੇ ਵੀ ਇਸਲਾਮ

ਧਰਮ ਨਹੀਂ ਕਬੂਲਿਆ ਅਤੇ ਗੁਰੂ ਕੇ ਲਾਡਲੇ ਹੱਸਦੇ-ਹੱਸਦੇ ਸ਼ਹੀਦੀਆਂ ਪਾ ਗਏ।

1737 ਈ ਵਿਚ ਭਾਈ ਮਨੀ ਸਿੰਘ ਜੀ ਦੀ ਤਕਰੀਬਨ 72 ਸਾਲ ਦੀ ਉਮਰ ਵਿਚ ਸ਼ਹੀਦੀ ਵੀ ਚੜ੍ਹਦੀਕਲਾ ਦੀ ਮੂੰਹ ਬੋਲਦੀ ਤਸਵੀਰ ਹੈ। ਹੁਕਮਰਾਨ ਨੇ ਭਾਈ ਮਨੀ ਸਿੰਘ ਜੀ ਦਾ ਬੰਦ-ਬੰਦ ਕੱਟਣ ਦਾ ਹੁਕਮ ਦਿੱਤਾ ਸੀ। ਜਦੋਂ ਜਲਾਦ ਇਕ ਬੰਦ ਛੱਡ ਕੇ ਤੀਸਰੇ ਬੰਦ ਤੇ ਗੰਡਾਸੀ ਮਾਰਨ ਲੱਗਾ ਤਾਂ ਭਾਈ ਮਨੀ ਸਿੰਘ ਜੀ ਨੇ ਕਿਹਾ ਭਾਈ ਹੁਕਮਰਾਨ ਦਾ ਹੁਕਮ ਬੰਦ-ਬੰਦ ਕੱਟਣ ਦਾ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਜਦੋਂ ਗੁਰੂ ਮਹਾਰਾਜ ਦੀ ਮਿਹਰ ਆਪਣੇ ਖਾਲਸੇ 'ਤੇ ਹੋਵੇ ਤਾਂ ਉਸ ਨੂੰ ਕੋਈ ਵੀ ਪੀੜ ਜਾਂ ਤਕਲੀਫ਼ ਨਹੀਂ ਹੋ ਸਕਦੀ।

1757 ਈ. ਵਿੱਚ ਹੋਈ ਬਾਬਾ ਦੀਪ ਸਿੰਘ ਜੀ ਦੀ ਸ਼ਹਾਦਤ ਵੀ ਲਾਸਾਨੀ ਸ਼ਹਾਦਤ ਹੈ। ਸ਼ਹੀਦ ਬਾਬਾ ਦੀਪ ਸਿੰਘ ਜੀ ਦੀ ਸ਼ਹਾਦਤ ਵੇਲੇ 75 ਸਾਲ ਦੀ ਉਮਰ ਸੀ ਅਤੇ ਉਹ 18 ਸੇਰ ਦੇ ਖੰਡੇ ਨਾਲ ਲੜਦੇ ਸਨ। ਬਾਬਾ ਦੀਪ ਸਿੰਘ ਜੀ, ਸ਼ਹੀਦੀ ਮਿਸਲ ਦੇ ਮੁਖੀ ਸਨ ਤੇ ਸ਼ਹੀਦੀ ਮਿਸਲ ਦਾ ਹੈੱਡਕੁਆਰਟਰ ਸ੍ਰੀ ਆਨੰਦਪੁਰ ਸਾਹਿਬ ਵਿਖੇ ਸੀ। ਬਾਬਾ ਦੀਪ ਸਿੰਘ ਸਾਬੋ ਕੀ ਤਲਵੰਡੀ, ਬਠਿੰਡੇ ਤੋਂ ਅੰਮ੍ਰਿਤਸਰ ਵੱਲ ਚਲੇ। ਕਿਸੇ ਸੇਵਕ ਨੇ ਬਾਬਾ ਜੀ ਨੂੰ ਕਿਹਾ ਕਿ ਆਨੰਦਪੁਰ ਸਾਹਿਬ ਸੁਨੇਹਾ ਭੇਜ ਦਿੰਦੇ ਹਾਂ ਜਿਥੇ ਸਾਡੀ ਮਿਸਲ ਦੇ ਕਾਫੀ ਸਿੰਘ ਬੈਠੇ ਹਨ। ਉਹਨਾਂ ਦਾ ਉਤਸ਼ਾਹ ਅਤੇ ਆਤਮ ਵਿਸ਼ਵਾਸ ਦੇਖੋ ਉਹਨਾਂ ਨੇ ਕਿਹਾ ਨਹੀਂ, ਰਾਹ ਦੇ ਪਿੰਡਾਂ ਵਿਚੋਂ ਬਹੁਤ ਸਿੰਘ ਇਕੱਠੇ ਹੋ ਜਾਣਗੇ। ਬਾਬਾ ਜੀ ਜਿਸ ਪਿੰਡ ਵਿਚੋਂ ਲੰਘਦੇ ਉਥੋਂ ਦੇ ਵਸਨੀਕਾਂ ਨੂੰ ਹਰਮਿੰਦਰ ਸਾਹਿਬ ਦੀ ਬੇਅਦਬੀ ਬਾਰੇ ਦੱਸਦੇ। ਬਾਬਾ ਜੀ ਦਾ ਪ੍ਰਭਾਵ ਇੰਨਾਂ ਸੀ ਕਿ ਲੋਕਾਂ ਨੇ ਆਪਣੇ ਨੌਜਵਾਨ ਬੱਚੇ ਖੁਸ਼ੀ-ਖੁਸ਼ੀ ਸ਼ਹੀਦੀਆਂ ਲਈ ਤੋਰ ਦਿੱਤੇ। ਸ਼ਹੀਦਾਂ ਦੀ ਕੁਰਬਾਨੀਆਂ ਤਾਂ ਸਦਾ ਹੀ ਬਹੁਤ ਸਤਿਕਾਰ ਵਾਲੀ ਗੱਲ ਹੈ ਪਰ ਉਹਨਾਂ ਦੇ ਮਾਪਿਆਂ ਦੀ ਕੁਰਬਾਨੀ ਵੀ ਛੁਟਿਆਈ ਨਹੀਂ ਜਾ ਸਕਦੀ ਜਿਹਨਾਂ ਨੇ ਛੋਟੀ ਉਮਰ ਦੇ ਬੱਚਿਆਂ ਨੂੰ ਪਾਲ-ਪੋਸ ਕੇ ਘਰੋਂ ਘੋੜੇ ਤੇ ਤਲਵਾਰ ਦੇ ਕੇ ਬਾਬਾ ਜੀ ਨਾਲ ਤੋਰ ਦਿੱਤਾ। ਲੋਕਾਂ ਨੂੰ ਪਤਾ ਸੀ ਕਿ ਉਹਨਾਂ ਦੇ ਬੱਚਿਆਂ ਦਾ ਕੀ ਹੋਣਾ ਹੈ। ਸਿੱਖ ਇਤਿਹਾਸ ਵਿਚ ਇਹ ਸਭ ਤੋਂ ਵੱਡੀ ਸੰਗਠਿਤ ਕੁਰਬਾਨੀ ਹੈ ਜਿਸ ਵਿਚ ਪੰਜ ਹਜ਼ਾਰ ਸਿੰਘ ਸ਼ਹੀਦ ਹੋਏ।

ਬਾਬਾ ਦੀਪ ਸਿੰਘ ਜੀ, ਗੁਰੂ ਗੋਬਿੰਦ ਸਿੰਘ ਜੀ ਦੇ ਨਿਕਟਵਰਤੀਆਂ ਵਿਚੋਂ ਇਕ ਸਨ। ਜਦੋਂ ਬਾਬਾ ਦੀਪ ਸਿੰਘ ਜੀ ਗੁਰੂ ਜੀ ਨੂੰ ਇਹ ਬੇਨਤੀ ਕਰਦੇ ਕਿ ਗੁਰੂ ਜੀ ਮੈਨੂੰ ਸ਼ਹੀਦੀ ਦਾ ਹੁਕਮ ਦਿਓ ਤਾਂ ਗੁਰੂ ਸਾਹਿਬ ਹੱਸ ਕੇ ਕਹਿ ਦਿੰਦੇ ਕਿ ਤੁਹਾਡੀ ਸ਼ਹੀਦੀ ਤਾਂ ਅਨੋਖੀ ਹੋਵੇਗੀ। ਵਾਕਿਆਂ ਹੀ ਇਤਿਹਾਸ ਵਿਚ ਪਹਿਲੀ ਵਾਰ ਪੜ੍ਹਿਆ ਅਤੇ ਸੁਣਿਆ ਹੈ ਕਿ ਕੋਈ ਸੂਰਮਾ ਸਿਰ ਧੜ ਤੋਂ ਅਲੱਗ ਹੋਣ ਤੋਂ ਬਾਅਦ ਵੀ ਦੁਸ਼ਮਣ ਨਾਲ ਲੜਦਾ ਰਿਹਾ। ਬਾਬਾ ਦੀਪ ਸਿੰਘ ਜੀ ਦੀ ਸ਼ਹੀਦੀ ਵਾਕਿਆਂ ਹੀ ਅਨੋਖੀ ਸ਼ਹਾਦਤ ਹੈ।

ਮਹਾਰਾਜਾ ਰਣਜੀਤ ਸਿੰਘ ਦੇ ਦਿਹਾਂਤ ਤੋਂ ਬਾਅਦ ਸਿੱਖਾਂ ਤੇ ਅੰਗਰੇਜ਼ਾਂ ਵਿਚਕਾਰ ਦੋ ਜੰਗਾਂ ਹੋਈਆਂ, ਜਿਹਨਾਂ ਵਿਚ ਭਾਈ ਸ਼ਾਮ ਸਿੰਘ ਅਟਾਰੀ ਵਾਲੇ ਦਾ ਨਾਮ ਉੱਭਰ ਕੇ ਸਾਡੇ ਸਾਹਮਣੇ ਆਉਂਦਾ ਹੈ। ਸ਼ਾਮ ਸਿੰਘ ਅਟਾਰੀ ਵਾਲਾ ਬਜ਼ੁਰਗ ਸੀ ਅਤੇ ਨੌਕਰੀ ਤੋਂ ਰਿਟਾਇਰ ਹੋ ਚੁੱਕਾ ਸੀ। ਮੁਦਕੀ ਦੀ ਲੜਾਈ ਵਿਚ ਖਾਲਸਾ ਫੌਜ ਨੂੰ ਕਾਫੀ ਨੁਕਸਾਨ ਹੋ ਰਿਹਾ ਸੀ। ਜਨਰਲ ਸ਼ਾਮ ਸਿੰਘ ਅਟਾਰੀ ਵਾਲਾ ਆਪਣੀ ਜ਼ਿੰਮੇਵਾਰੀ ਸਮਝਦੇ ਹੋਏ ਲੜਨ ਲਈ ਤਿਆਰ ਹੋ ਗਏ। ਉਹਨਾਂ ਦੇ ਨਾਲ 51 ਸਿੰਘ ਹੋਰ ਅਟਾਰੀ ਪਿੰਡ ਤੋਂ ਅਰਦਾਸ ਕਰਕੇ ਚੱਲੇ ਅਤੇ ਮੁਦਕੀ ਦੇ ਯੁੱਧ ਵਿਚ ਬਹਾਦਰੀ ਨਾਲ ਲੜੇ ਅਤੇ ਸ਼ਹੀਦ ਹੋ ਗਏ। ਅੰਗਰੇਜ਼ ਦੁਸ਼ਮਣ ਵੀ ਇਹਨਾਂ ਸਿੰਘਾਂ ਦੀ ਬਹਾਦਰੀ ਦੀ ਤਾਰੀਫ਼ ਕੀਤੇ ਬਿਨਾਂ ਨਹੀਂ ਰਹਿ ਸਕਿਆ।

ਗੁਰਦੁਆਰਿਆਂ ਨੂੰ ਮਹੰਤਾਂ ਤੋਂ ਆਜ਼ਾਦ ਕਰਵਾਉਣ ਲਈ ਸਿੰਘ ਸਿੰਘਣੀਆਂ ਨੇ ਜੈਤੋ ਦਾ ਮੋਰਚਾ ਤੇ ਗੁਰੂ ਕਾ ਬਾਗ਼ ਮੋਰਚਾ ਲਾਇਆ ਅਤੇ ਸ਼ਹੀਦੀਆਂ ਦਿੱਤੀਆਂ। ਪਹਿਲੀ ਅਤੇ ਦੂਜੀ ਸੰਸਾਰ ਯੁੱਧ ਵਿਚ ਵੀ ਹਜ਼ਾਰਾਂ ਦੀ ਗਿਣਤੀ ਵਿਚ ਫੌਜੀ ਸਿੱਖਾਂ ਨੇ ਸ਼ਹੀਦੀਆਂ ਦਿੱਤੀਆਂ। ਸਾਰਾਗੜ੍ਹੀ ਦੀ ਲੜਾਈ ਜਿਸ ਵਿਚ ਕੇਵਲ 22 ਸਿੱਖ ਸਨ, ਨੇ 10 ਹਜ਼ਾਰ ਫੌਜ ਨਾਲ ਮੁਕਾਬਲਾ ਕੀਤਾ ਅਤੇ ਸ਼ਹੀਦੀਆਂ ਪ੍ਰਾਪਤ ਕੀਤੀਆਂ।

ਭਾਰਤ ਨੂੰ ਅੰਗਰੇਜ਼ਾਂ ਦੀ ਗੁਲਾਮੀ ਤੋਂ ਆਜ਼ਾਦ ਕਰਵਾਉਣ ਲਈ ਵੀ ਸਿੱਖਾਂ ਦੀ ਕੁਰਬਾਨੀ ਬਹੁਤ ਮਹੱਤਵਪੂਰਨ ਹੈ। ਤਕਰੀਬਨ ਦੋ ਪ੍ਰਤੀਸ਼ਤ ਦੀ ਆਬਾਦੀ ਵਾਲੇ ਸਿੱਖਾਂ ਨੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ 85 ਪ੍ਰਤੀਸ਼ਤ ਕੁਰਬਾਨੀਆਂ ਕੀਤੀਆਂ। ਸ. ਭਗਤ ਸਿੰਘ, ਸ. ਕਰਤਾਰ ਸਿੰਘ ਸਰਾਭਾ ਅਤੇ ਸ. ਉੱਧਮ ਸਿੰਘ ਦਾ ਨਾਮ ਵਿਸ਼ੇਸ਼ ਤੌਰ ’ਤੇ ਵਰਣਨਯੋਗ ਹਨ।

ਸੁਭਾਵਿਕ ਹੈ ਇਹੋ ਜਿਹੀਆਂ ਸ਼ਹਾਦਤਾਂ ਅਤੇ ਕੁਰਬਾਨੀਆਂ ਪੜ੍ਹ ਸੁਣ ਕੇ, ਧਾਰਮਿਕ ਮਾਤਾ ਪਿਤਾ ਦੀ ਗੋਦ ਵਿਚ ਪਲ ਕੇ ਅਤੇ ਨਾਨਾ ਸ਼ਮਸ਼ੇਰ ਸਿੰਘ ਦੀਆਂ ਗਾਥਾਵਾਂ ਅਤੇ ਆਪਣੇ ਵੱਡੇ ਭਰਾ ਅਮਰਜੀਤ ਸਿੰਘ ਕਾਲੇਕਾ ਦੀ ਫੌਜ ਵਿਚ ਲੜਾਈਆਂ ਦੀ ਬਹਾਦਰੀ ਸੁਣ ਕੇ ਸਤਵੰਤ ਨੇ ਜੋ ਸ਼ਹੀਦੀ ਸੰਗਤ ਦੀ ਰੱਖਿਆ ਅਤੇ ਗੁਰਦੁਆਰਾ ਸਾਹਿਬ ਦੀ ਮਾਣ ਮਰਯਾਦਾ ਕਾਇਮ ਰੱਖਣ ਲਈ ਦਿੱਤੀ, ਉਹ ਵੀ ਸ਼ਹੀਦੀ ਦੇ ਇਤਿਹਾਸ ਦਾ ਪੰਨਾ ਬਣ ਗਈ ਹੈ। ਸਤਵੰਤ ਦੀ ਸ਼ਹੀਦੀ ਅਰਦਾਸ ਦੇ ਉਸ ਭਾਗ ਦਾ ਹਿੱਸਾ ਬਣ ਗਈ ਹੈ ਜਿਸ ਵਿਚ ਅਸੀਂ ਰੋਜ਼ਾਨਾ ਅਰਦਾਸ ਕਰਦੇ ਹਾਂ, “ਜਿੰਨਾ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ, ਬੰਦ-ਬੰਦ ਕਟਵਾਏ, ਖੋਪਰੀਆਂ ਲੁਹਾਈਆਂ, ਚਰਖੜੀਆਂ ’ਤੇ ਚੜ੍ਹੇ, ਤਨ ਆਰਿਆਂ ਨਾਲ ਚਿਰਾਏ ਗਏ ਧਰਮ ਨਹੀਂ ਹਾਰਿਆ।” ਜਦੋਂ ਵੀ ਵਿਦੇਸ਼ਾਂ ਦੀ ਕੁਰਬਾਨੀ ਅਤੇ ਸ਼ਹਾਦਤ ਦਾ ਜ਼ਿਕਰ ਹੋਵੇਗਾ ਤਾਂ ਅਮਰੀਕਾ ਦੇ ਵਿਸਕਾਨਸਿਨ ਸਟੇਟ ਦੇ ਮਿਲਵਾਕੀ ਸ਼ਹਿਰ ਦੇ ਗੁਰਦੁਆਰਾ ਸਾਹਿਬ ਓਕ ਕਰੀਕ ਦੀ ਯਾਦ ਜ਼ਰੂਰ ਆਵੇਗੀ, ਜਿਸ ਵਿਚ ਸਤਵੰਤ

ਸਿੰਘ ਕਾਲੇਕਾ ਗੁਰਦੁਆਰਾ ਸਾਹਿਬ ਵਿਖੇ ਵਾਪਰੀ ਘਟਨਾ ਦਾ ਨਾਇਕ ਜਾਣਿਆ ਜਾਵੇਗਾ। ਸਤਵੰਤ 65 ਕੁ ਸਾਲ ਦਾ ਸੀ ਜੋ ਕਿ ਕਾਫ਼ੀ ਉਮਰ ਹੁੰਦੀ ਹੈ, ਹਮਲਾਵਰ ਮਾਈਕਲ ਪੇਜ (40 ਸਾਲ ਦੇ ਅਮਰੀਕਨ ਸਾਬਕਾ ਫੌਜੀ) 'ਤੇ ਛੋਟੀ ਜਿਹੀ ਕਰਦ ਨਾਲ ਧਾਵਾ ਬੋਲ ਦਿੱਤਾ। ਮਾਈਕਲ ਕੋਲ 18 ਰੌਂਦਾਂ ਵਾਲਾ ਆਟੋਮੈਟਿਕ ਪਿਸਤੌਲ ਸੀ ਪਰ ਜਦੋਂ ਗੁਰੂ ਅੰਗ-ਸੰਗ ਹੋਵੇ ਤਾਂ ਸਭ ਕੁਝ ਅੱਛਾ ਹੀ ਹੋ ਜਾਂਦਾ ਹੈ। ਮੈਨੂੰ ਮਾਣ ਹੈ ਕਿ ਮੇਰੇ ਭਰਾ ਨੇ ਉਹੀ ਕੰਮ ਕੀਤਾ ਜੋ ਕਿ ਹਰ ਸਿੱਖ ਨੂੰ ਕਰਨਾ ਚਾਹੀਦਾ ਹੈ। ਉਸ ਨੇ ਆਪਣੀ ਜ਼ਿੰਮੇਵਾਰੀ ਬਾਖ਼ੂਬੀ ਨਿਭਾਈ।

# 5 ਅਗਸਤ 2012 ਦੀ ਘਟਨਾ

13 ਏਕੜ ਵਿਚ ਫੈਲਿਆ ਸਤਵੰਤ ਸਿੰਘ ਕਾਲੇਕਾ (ਪ੍ਰਧਾਨ) ਦੇ ਸੁਪਨਿਆਂ ਦੀ ਜਗ੍ਹਾ ਗੁਰਦੁਆਰਾ ਸਾਹਿਬ ਓਕ ਕਰੀਰ ਵਿਸਕਾਨਸਿਨ 5 ਅਗਸਤ 2012 ਦਿਨ ਐਤਵਾਰ ਵਾਲੀ ਘਟਨਾ ਨੇ ਸਾਰੀ ਦੁਨੀਆ ਦਾ ਧਿਆਨ ਆਕਰਸ਼ਿਤ ਕੀਤਾ। ਸਿੱਖਾਂ ਵਾਸਤੇ ਔਕੜਾਂ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ (1606 ਈ.) ਤੋਂ ਹੀ ਸ਼ੁਰੂ ਹੋ ਗਈਆਂ ਸਨ। ਪਰ ਪ੍ਰਦੇਸਾਂ ਵਿਚ ਇਹ ਪਹਿਲੀ ਵੱਡੀ ਘਟਨਾ ਸੀ ਜਿਸ ਦਾ ਅਸਰ ਸਾਰੀ ਦੁਨੀਆ ਦੇ ਲੋਕਾਂ ‘ਤੇ ਪਿਆ।

ਓਕ ਕਰੀਰ ਗੁਰਦੁਆਰਾ ਸਾਹਿਬ ਮਿਲਵਾਕੀ ਦੇ ਏਅਰਪੋਰਟ ਤੋਂ 3 ਕਿਲੋਮੀਟਰ ਦੂਰ ਰਸੀਨ ਰੋਡ ਉਤੇ ਸਥਿਤ ਹੈ। ਮਿਲਵਾਕੀ ਸ਼ਹਿਰ ਵਿਚ ਦੋ ਹੀ ਗੁਰਦੁਆਰੇ ਹਨ। ਇਕ ਮਿਲਵਾਕੀ ਦੇ ਉੱਤਰ ਵਿਚ ਜੋ ਬਰੁਕਫੀਲਡ ਕਸਬੇ ਵਿਚ ਹੈ। ਦੂਜਾ ਗੁਰਦੁਆਰਾ ਜੋ ਮਿਲਵਾਕੀ ਦੱਖਣ ਵਿਚ ਏਅਰਪੋਰਟ ਦੇ ਨਜ਼ਦੀਕ ਸਥਿਤ ਹੈ। ਸਤਵੰਤ ਸਿੰਘ ਕਾਲੇਕਾ ਨੇ 1996 ਵਿਚ ਇਸ ਨਵੇਂ ਗੁਰਦੁਆਰੇ ਦੀ ਸ਼ੁਰੂਆਤ ਆਪਣੇ ਘਰ ਦੀ ਬੇਸਮੈਂਟ ਤੋਂ ਕੀਤੀ। ਸੁਪਤਨੀ ਸਤਪਾਲ ਕੌਰ ਸੰਗਤ ਲਈ ਲੰਗਰ ਆਦਿ ਦਾ ਪ੍ਰਬੰਧ ਖੁਦ ਹੀ ਕਰਦੀ ਸੀ। ਕੁਝ ਮਹੀਨਿਆਂ ਬਾਅਦ ਇਕ ਕਿਰਾਏ ਦਾ ਪਾਰਕ ਇਸ ਕੰਮ ਵਾਸਤੇ ਵਰਤਦੇ ਸੀ। ਕੁਝ ਸਾਲ ਗੁਰਦੁਆਰਾ ਸਾਹਿਬ ਡਾਊਨਟਾਊਨ, ਮਿਲਵਾਕੀ ਵਿਚ ਇਕ ਪੁਰਾਣੀ ਬਿਲਡਿੰਗ ਵਿਚ ਚਲਦਾ ਰਿਹਾ। ਫਿਰ ਸੰਗਤ ਦੀ ਹਿੰਮਤ ਸਦਕਾ ਇਹ 13 ਏਕੜ ਜਗ੍ਹਾ ਓਕ ਕਰੀਕ ਸ਼ਹਿਰ ਵਿਚ ਖ਼ਰੀਦੀ। 2007 ਵਿਚ ਬਿਲਡਿੰਗ ਦਾ ਕੰਮ ਬੜੇ ਜ਼ੋਰਾਂ ਸ਼ੋਰਾਂ ਨਾਲ ਸ਼ੁਰੂ ਹੋਇਆ ਅਤੇ 2010 ਤੱਕ ਇਹ ਇਮਾਰਤ ਮੁਕੰਮਲ ਹੋ ਗਈ। ਸਤਵੰਤ ਦਾ ਸੁਪਨਾ ਸੀ ਕਿ ਉਹ ਗੁਰਦੁਆਰੇ ਦੀ ਬਿਲਡਿੰਗ ਉਤੇ ਸੁਨਹਿਰੀ ਗੁੰਬਦ ਲਗਵਾਏ। ਇਹ ਸੁਪਨਾ ਉਸ ਦੀ ਸ਼ਹੀਦੀ ਉਪਰੰਤ ਉਸ ਦੀ ਪਤਨੀ ਨੇ ਸੁਨਹਿਰੀ ਗੁੰਬਦ ਲਗਾ ਕੇ ਪੂਰਾ ਕੀਤਾ।

ਮਿਲਵਾਕੀ ਸ਼ਹਿਰ ਤੋਂ ਇਲਾਵਾ ਸੰਗਤਾਂ ਰਸੀਨ, ਕਨੋਸ਼ਾ ਅਤੇ ਸ਼ਿਕਾਗੋ ਆਦਿ ਸ਼ਹਿਰਾਂ ਤੋਂ ਵੀ ਆਉਂਦੀਆਂ ਸਨ। ਆਪਣੀ ਅਣਥੱਕ ਸੇਵਾ ਕਰਕੇ ਤੇ ਗੁਰੂ ਘਰ ਦੇ ਅਥਾਹ ਪਿਆਰ ਕਰਕੇ ਗੁਰਦੁਆਰਾ ਸਾਹਿਬ ਦੇ ਸ਼ੁਰੂ ਹੋਣ ਤੋਂ ਲੈ ਕੇ ਆਪਣੇ ਅੰਤਿਮ ਸਾਹਾਂ ਤੱਕ ਸਤਵੰਤ ਪ੍ਰਧਾਨ ਰਹੇ ਜੋ ਕਿ ਖੁਦ ਵਿਚ ਹੀ ਬਹੁਤ ਵੱਡੀ ਉਪਲਬਧੀ ਹੈ। ਇਹ ਸਮਾਂ ਤਕਰੀਬਨ 18 ਸਾਲਾਂ ਦਾ ਸੀ। ਸਤਵੰਤ ਕੋਲ ਕੁਝ ਪੈਟਰੋਲ ਪੰਪ, ਅਪਾਰਟਮੈਂਟ ਬਿਲਡਿੰਗਾਂ ਅਤੇ ਕਾਰ ਗੈਰਾਜ ਸਨ ਜੋ ਕਿ

ਜ਼ਿਆਦਾਤਰ ਕਿਰਾਏ 'ਤੇ ਹੀ ਦਿੱਤੇ ਹੋਏ ਸਨ। ਉਸ ਦਾ ਜ਼ਿਆਦਾ ਸਮਾਂ ਲੋੜਵੰਦਾਂ ਦੀ ਸਹਾਇਤਾ, ਵਿਦਿਆਰਥੀਆਂ ਨੂੰ ਯੂਨੀਵਰਸਿਟੀਆਂ ਅਤੇ ਸਕੂਲਾਂ ਵਿਚ ਦਾਖ਼ਲਾ ਦਿਵਾਉਣਾ ਅਤੇ ਕੀਰਤਨੀਆਂ ਨੂੰ ਸ਼ਿਕਾਗੋ ਆਦਿ ਤੋਂ ਲੈ ਕੇ ਅਤੇ ਛੱਡ ਕੇ ਆਉਣਾ ਸੀ। ਉਹ ਲੋੜਵੰਦ ਬੱਚਿਆਂ ਦੀਆਂ ਗਾਰੰਟੀਆਂ ਆਦਿ ਵੀ ਦੇ ਦਿੰਦਾ ਸੀ। ਸਤਵੰਤ ਦੇ ਸਹੁਰੇ ਨੇਪਾਲ-ਭਾਰਤ ਦੇ ਬਾਰਡਰ ਉਤੇ ਸਨ। ਇਸ ਕਰਕੇ ਉਹ ਸਾਰੇ ਨੇਪਾਲੀਆਂ ਦੀ ਵੀ ਬਹੁਤ ਅਪਣੱਤ ਕਰਦਾ ਸੀ। ਸਾਰੇ ਨੇਪਾਲੀ ਉਸ ਨੂੰ ਜੀਜਾ ਜੀ ਕਰਕੇ ਬੁਲਾਉਂਦੇ ਸਨ। ਸਤਵੰਤ ਦਾ ਸਹੁਰਾ ਪਰਿਵਾਰ ਇਕ ਪੂਰੇ ਪਿੰਡ ਦੇ ਮਾਲਕ ਹਨ। ਇਹ ਪਿੰਡ ਸਮੇਰਪੁਰ, ਯੂ.ਪੀ. ਦਾ ਪਿੰਡ ਹੈ ਅਤੇ ਨੇਪਾਲ ਬਾਰਡਰ 'ਤੇ ਸਥਿਤ ਹੈ। ਅਕਸਰ ਲੋਕ ਸਤਵੰਤ ਤੋਂ ਪੈਸੇ ਉਧਾਰ ਲੈ ਜਾਂਦੇ ਸਨ। 80% ਲੋਕ ਉਸ ਨੂੰ ਪੈਸੇ ਵਾਪਸ ਨਹੀਂ ਮੋੜਦੇ ਸਨ। ਜੇ ਮੈਂ ਸਤਵੰਤ ਨੂੰ ਕਹਿੰਦਾ ਕਿ ਫਲਾਣਾ ਵਿਅਕਤੀ ਤੇਰੇ ਪੈਸੇ ਨਹੀਂ ਮੋੜ ਰਿਹਾ ਤਾਂ ਉਹ ਹੱਸ ਕੇ ਕਹਿ ਦਿੰਦਾ ਕਿ ਪੈਸੇ ਮੋੜੇ ਚਾਹੇ ਨਾ ਪਰ ਟੈਲੀਫੋਨ ਤਾਂ ਚੁੱਕ ਲਵੇ। ਉਸ ਦੀ ਸਖ਼ਸ਼ੀਅਤ ਵਿਚ ਬਹੁਤ ਦੰਮ ਸੀ। ਹੁਣ ਤਾਂ ਕਈ ਸਾਲਾਂ ਤੋਂ ਆਰਥਿਕ ਹਾਲਤ ਚੰਗੀ ਹੋ ਗਈ ਸੀ ਪਰ ਜਦੋਂ ਆਰਥਿਕ ਹਾਲਤ ਚੰਗੀ ਨਹੀਂ ਸੀ ਤਾਂ ਵੀ ਉਹ ਕਦੇ ਛੋਟੀ ਗੱਲ ਨਹੀਂ ਕਰਦਾ ਸੀ। ਉਹ ਕਦੇ ਕਿਸੇ ਬੰਦੇ ਤੋਂ ਨਹੀਂ ਝਿੱਜਕਦਾ ਸੀ। ਵੱਡੇ ਤੋਂ ਵੱਡੇ ਬੰਦੇ ਨਾਲ ਬੜੇ ਸਾਹਸ ਨਾਲ ਗੱਲ ਕਰਦਾ ਸੀ।

**ਘਟਨਾ ਦੀ ਕਹਾਣੀ:** 5 ਅਗਸਤ 2012 ਐਤਵਾਰ ਦਾ ਉਹ ਦਿਨ ਜੋ ਦੁਖਦਾਇਕ ਵੀ ਸੀ ਅਤੇ ਸਤਵੰਤ ਦੇ ਇਮਤਿਹਾਨ ਦੀਆਂ ਘੜੀਆਂ ਵਾਲਾ ਸੀ। ਮਾਈਕਲ ਪੇਜ ਨਾਂ ਦਾ ਵਿਅਕਤੀ ਗੁਰਦੁਆਰਾ ਸਾਹਿਬ ਦੇ ਗੁਆਂਢ ਵਿਚ ਹੀ ਇਕ ਅਪਾਰਟਮੈਂਟ ਵਿਚ ਕਿਰਾਏ 'ਤੇ ਰਹਿੰਦਾ ਸੀ। ਉਹ ਇਕ ਸਾਬਕਾ ਫੌਜੀ ਸੀ, ਜਿਸ ਨੂੰ ਦਿਮਾਗੀ ਬਿਮਾਰੀ ਦੇ ਚਲਦਿਆਂ ਫੌਜ ਤੋਂ ਹਟਾ ਦਿੱਤਾ ਗਿਆ ਸੀ। ਬਾਅਦ ਵਿਚ ਪਤਾ ਲੱਗਾ ਕਿ ਉਸ ਦਾ ਆਪਣੀ ਗਰਲਫਰੈਂਡ ਜੋ ਕਿ ਉਸ ਦੇ ਨਾਲ ਹੀ ਰਹਿੰਦੀ ਸੀ, ਨਾਲ ਕਿਸੇ ਕਾਰਨ ਝਗੜਾ ਹੋ ਗਿਆ। ਝਗੜੇ ਵਿਚ ਦੋਹੇਂ ਜਣੇ ਉੱਚੀ-ਉੱਚੀ ਬੋਲਣ ਲੱਗੇ। ਨਾਲ ਦੇ ਅਪਾਰਟਮੈਂਟ ਵਿਚ ਇਕ ਪੁਲਿਸ ਅਫ਼ਸਰ ਰਹਿੰਦਾ ਸੀ ਜੋ ਬਾਹਰ ਆਇਆ ਤੇ ਉਸ ਨੇ ਮਾਈਕਲ ਪੇਜ ਦੇ ਮੂੰਹ 'ਤੇ ਥੱਪੜ ਮਾਰਿਆ, ਜਿਸ ਨਾਲ ਮਾਈਕਲ ਪੇਜ ਨੂੰ ਬਹੁਤ ਗੁੱਸਾ ਆਇਆ। ਹੋਰ ਤਾਂ ਉਸ ਨੂੰ ਕੁਝ ਨਾ ਸੁਝਿਆ ਉਸ ਦੇ ਕੋਲ 18 ਗੋਲੀਆਂ ਦੇ ਮੈਗਜ਼ੀਨ ਵਾਲਾ ਪਿਸਤੌਲ ਸੀ। ਪਿਸਤੌਲ ਲੈ ਕੇ ਉਹ ਗੁਰਦੁਆਰੇ ਵੱਲ ਤੁਰ ਪਿਆ। ਇਹ ਘਟਨਾ ਤਕਰੀਬਨ ਸਵੇਰੇ 9:30 ਵਜੇ ਦੀ ਹੈ। ਪਾਰਕਿੰਗ ਲਾਟ ਵਿਚ ਹੀ ਉਸ ਨੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਦੋ ਭਰਾ ਰਣਜੀਤ ਸਿੰਘ ਅਤੇ ਸੀਤਾ ਸਿੰਘ ਜੋ ਕਿ ਗੁਰਦੁਆਰਾ ਸਾਹਿਬ ਕੀਰਤਨ ਦੀ ਸੇਵਾ ਕਰਦੇ ਸਨ, ਜੋ ਕਿ ਅਜੇ ਅਮਰੀਕਾ ਦੇ ਪੱਕੇ ਨਿਵਾਸੀ ਵੀ ਨਹੀਂ ਬਣੇ ਸਨ (Green Card Holder), ਨੂੰ ਮਾਈਕਲ ਪੇਜ ਨੇ ਪਾਰਕਿੰਗ ਲਾਟ ਵਿਚ ਹੀ ਗੋਲੀਆਂ ਮਾਰ

ਦਿੱਤੀਆਂ। ਇਹ ਦੋਵੇਂ ਭਰਾ ਉਥੇ ਹੀ ਦਮ ਤੋੜ ਗਏ।

ਕੁਝ ਬੱਚਿਆਂ ਨੇ ਗੁਰਦੁਆਰਾ ਸਾਹਿਬ ਵਿਚ ਰੌਲਾ ਪਾ ਦਿੱਤਾ ਕਿ ਇਕ ਗੋਰਾ ਸੰਗਤ ਨੂੰ ਮਾਰ ਰਿਹਾ ਹੈ। ਸਤਵੰਤ ਸਿੰਘ ਨੇ ਸੰਗਤ ਨੂੰ ਸਾਵਧਾਨ ਹੋਣ ਲਈ ਕਿਹਾ। ਗੁਰਦੁਆਰਾ ਸਾਹਿਬ ਵਿਚ ਕੰਮ ਕਰ ਰਹੀਆਂ ਬੀਬੀਆਂ ਨੂੰ ਲੁਕਣ ਲਈ ਕਿਹਾ। ਉਸ ਨੇ ਸੰਗਤ ਨੂੰ ਬਾਬਾ ਜੀ ਦੇ ਕਮਰੇ ਵਿਚ ਜਾ ਕੇ ਸ਼ਸ਼ਤਰਧਾਰੀ ਹੋਣ ਲਈ ਕਿਹਾ ਅਤੇ ਨਾਲ ਹੀ 911 ਨੰਬਰ 'ਤੇ ਪੁਲਿਸ ਨੂੰ ਕਾਲ ਕੀਤਾ ਅਤੇ ਸਾਰੀ ਗੱਲ ਦੱਸੀ। ਉਸ ਦੇ ਕਹਿਣ ਤੇ ਹੀ ਲਫਟੈਣ ਮਰਫੀ ਅਤੇ ਸੈਮਲੈਂਡਾ ਗੁਰਦੁਆਰਾ ਸਾਹਿਬ ਆਏ ਸਨ।

ਇੰਨੇ ਵਿਚ ਮਾਈਕਲ ਪੇਜ ਗੁਰਦੁਆਰਾ ਸਾਹਿਬ ਦੀ ਬਿਲਡਿੰਗ ਵਿਚ ਆ ਗਿਆ। ਗੁਰੂ ਗ੍ਰੰਥ ਸਾਹਿਬ ਵਾਲੇ ਹਾਲ ਵਿਚੋਂ ਦੋ ਬੀਬੀਆਂ ਸਰਦਾਰਨੀ ਪਰਮਜੀਤ ਕੌਰ ਅਤੇ ਸਰਦਾਰਨੀ ਅਮਰਜੀਤ ਕੌਰ ਆ ਰਹੀਆਂ ਸਨ। ਅਮਰਜੀਤ ਕੌਰ ਦੀ ਬਾਂਹ 'ਤੇ ਗੋਲੀ ਵੱਜੀ ਅਤੇ ਉਹ ਗੁਰੂ ਘਰ ਦੀ ਰਸੋਈ ਵੱਲ ਦੌੜ ਪਈ। ਪਰਮਜੀਤ ਕੌਰ ਨੂੰ ਮਾਈਕਲ ਪੇਜ ਨੇ ਗੁਰੂ ਘਰ ਦੇ ਦਰਬਾਰ ਹਾਲ ਵਿਚ ਹੀ ਗੋਲੀਆਂ ਨਾਲ ਮਾਰ ਦਿੱਤਾ। ਇੰਨੇ ਵਿਚ ਮਾਈਕਲ ਪੇਜ ਗੁਰਦੁਆਰਾ ਹਾਲ ਤੋਂ ਬਾਹਰ ਆ ਰਿਹਾ ਸੀ ਕਿ ਦਫ਼ਤਰ ਵਿਚੋਂ ਬਾਹਰ ਨਿਕਲੇ ਸ. ਸੁਬੇਗ ਸਿੰਘ ਖੱਟੜਾ ਨੂੰ ਗੋਲੀਆਂ ਨਾਲ ਮਾਰ ਦਿੱਤਾ ਗਿਆ। ਇਸ ਤੋਂ ਬਾਅਦ ਉਹ ਗੁਰਦੁਆਰੇ ਦੇ ਰਿਹਾਇਸ਼ੀ ਕਮਰਿਆਂ ਵੱਲ ਚਲਾ ਗਿਆ। ਇਕ ਰਿਹਾਇਸ਼ੀ ਕਮਰੇ ਵਿਚ ਸਤਵੰਤ ਅਤੇ ਸ. ਪ੍ਰਕਾਸ਼ ਸਿੰਘ ਬੈਠੇ ਸਨ। ਸ. ਪ੍ਰਕਾਸ਼ ਸਿੰਘ ਵੀ ਗੁਰੂ ਘਰ ਦੀ ਸੇਵਾ ਕਰਦੇ ਸਨ। ਪੇਜ ਨੇ ਸ. ਪ੍ਰਕਾਸ਼ ਸਿੰਘ ਨੂੰ ਗੋਲੀਆਂ ਮਾਰ ਕੇ ਢੇਰ ਕਰ ਦਿੱਤਾ। ਇੰਨੇ ਵਿਚ ਮਾਈਕਲ ਪੇਜ ਦੇ ਮੈਗਜੀਨ ਦੀਆਂ ਗੋਲੀਆਂ ਖ਼ਤਮ ਹੋ ਗਈਆਂ ਅਤੇ ਉਹ ਮੈਗਜ਼ੀਨ ਬਦਲਣ ਲੱਗਾ, ਉਸ ਦੌਰਾਨ ਸਤਵੰਤ ਨੇ ਇਕ ਕਰਦ (Fruit Knife) ਨਾਲ ਮਾਈਕਲ ਪੇਜ 'ਤੇ ਹਮਲਾ ਕੀਤਾ ਅਤੇ ਉਸ ਦੀ ਛਾਤੀ ਤੇ ਗਰਦਨ ਵਿਚ ਕਰਦ ਨਾਲ ਤਿੰਨ ਵਾਰ ਕੀਤੇ। ਜਦੋਂ ਮਾਈਕਲ ਪੇਜ ਨੇ ਮੈਗਜ਼ੀਨ ਬਦਲ ਲਿਆ ਤਾਂ ਸਤਵੰਤ ਸਿੰਘ ਨੇ ਮਾਈਕਲ ਨੂੰ ਪਿੱਛੋਂ ਦੀ ਜਫ਼ਾ ਪਾ ਲਿਆ। ਮਾਈਕਲ ਪੇਜ ਨੇ ਜਫ਼ਾ ਪਏ ਪੁਆਏ ਹੀ ਸਾਈਡ ਤੋਂ ਪੰਜ ਗੋਲੀਆਂ ਮਾਰ ਕੇ ਸਤਵੰਤ ਨੂੰ ਛਲਣੀ-ਛਲਣੀ ਕਰ ਦਿੱਤਾ। ਉਸ ਤੋਂ ਬਾਅਦ ਮਾਈਕਲ ਪੇਜ ਗੁਰਦੁਆਰਾ ਸਾਹਿਬ ਦੀ ਬਿਲਡਿੰਗ ਤੋਂ ਬਾਹਰ ਚਲਾ ਗਿਆ।

ਉਹ ਪਾਰਕਿੰਗ ਲਾਟ ਵਿਚ ਦਾਖ਼ਲ ਹੋ ਹੀ ਰਿਹਾ ਸੀ ਕਿ ਲਫਟੈਣ ਮਰਫੀ ਜੋ ਓਕ ਕਰੀਕ ਪੁਲਿਸ ਵਿਭਾਗ ਦਾ ਅਫ਼ਸਰ ਸੀ, ਨੇ ਮਾਈਕਲ ਪੇਜ 'ਤੇ ਗੋਲੀ ਚਲਾਈ। ਮਾਈਕਲ ਪੇਜ ਨੇ ਮਰਫੀ ਦੇ 9 ਗੋਲੀਆਂ ਮਾਰੀਆਂ। ਮਰਫੀ ਗੋਲੀਆਂ ਲੱਗਣ ਕਰਕੇ ਜ਼ਖ਼ਮੀ ਹੋ ਗਿਆ ਅਤੇ ਡਿੱਗ ਪਿਆ। ਇੰਨੇ ਵਿਚ ਇਕ ਪੁਲਿਸ ਅਫ਼ਸਰ, ਸੈਮ ਲੈਂਡਾ ਨੇ ਪਾਰਕਿੰਗ ਲਾਟ ਵਿਚ ਖੜ੍ਹ ਕੇ ਰਾਈਫਲ ਨਾਲ ਪੇਜ 'ਤੇ

ਗੋਲੀਆਂ ਚਲਾਈਆਂ ਅਤੇ ਮਾਈਕਲ ਪੇਜ ਨੂੰ ਢੇਰ ਕਰ ਦਿੱਤਾ। ਲਫਟੈਣ ਮਰਫੀ ਨੂੰ ਹਸਪਤਾਲ ਵਿਚ ਦਾਖ਼ਲ ਕਰਵਾਇਆ ਅਤੇ ਇਲਾਜ ਤੋਂ ਬਾਅਦ ਉਹ ਠੀਕ ਹੋ ਗਿਆ। ਸਿੱਖ ਸੰਗਤਾਂ ਨੇ ਸਾਰੇ ਅਮਰੀਕਾ ਤੋਂ ਲਫਟੈਣ ਮਰਫੀ ਨੂੰ ਦੋ ਲੱਖ ਡਾਲਰ ਉਸ ਦੀ ਸਹਾਇਤਾ ਵਜੋਂ ਭੇਟਾ ਕੀਤੇ। ਮਰਫੀ ਨੌਕਰੀ ਤੋਂ ਰਿਟਾਇਰ ਹੋ ਗਿਆ ਅਤੇ ਅੱਜ-ਕੱਲ੍ਹ ਗੁਰਦੁਆਰੇ ਆਉਂਦਾ ਹੈ।

ਦਸੰਬਰ 2012 ਵਿਚ ਸ਼ਹੀਦ ਸਤਵੰਤ ਸਿੰਘ ਕਾਲੇਕਾ ਦੀ ਸੁਪਤਨੀ ਸਰਦਾਰਨੀ ਸਤਪਾਲ ਕੌਰ ਨੂੰ ਅਕਾਲ ਤਖ਼ਤ ਸ਼੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵੱਲੋਂ ਸੋਨੇ ਦੇ ਮੈਡਲ ਨਾਲ ਨਿਵਾਜਿਆ ਗਿਆ। ਇਸ ਮੌਕੇ ਤੇ ਸਤਵੰਤ ਦੀ ਸੁਪਤਨੀ ਸਤਪਾਲ ਕੌਰ ਅਤੇ ਦੋਵੇਂ ਸਪੁਤਰ ਪਰਦੀਪ ਸਿੰਘ ਅਤੇ ਅਮਰ ਸਿੰਘ ਹਾਜ਼ਰ ਰਹੇ। ਸਤਵੰਤ ਦੀ ਵੱਡੀ ਭੈਣ ਜਸਵਿੰਦਰ ਕੌਰ, ਭਰਾ ਸ. ਅਮਰਜੀਤ ਸਿੰਘ ਕਾਲੇਕਾ ਅਤੇ ਭਰਜਾਈ ਸਰਦਾਰਨੀ ਜਸਮਿੰਦਰ ਕੌਰ ਵੀ ਹਾਜ਼ਰ ਰਹੇ। ਸਤਵੰਤ ਦੇ ਚਾਚਾ ਜੀ ਸ. ਗੁਰਬਖਸ਼ ਸਿੰਘ, ਪਿੰਡ ਤੋਂ ਭਰਾ ਸ. ਹਰਬੰਸ ਸਿੰਘ ਅਤੇ ਡਾ. ਅੰਮ੍ਰਿਤਪਾਲ ਸਿੰਘ ਕਾਲੇਕਾ ਵੀ ਸ਼ਾਮਿਲ ਸਨ। ਮੇਰੇ ਛੋਟੇ ਲੜਕੇ ਦੇ ਸੱਸ ਸਹੁਰਾ ਡਾ. ਰਣਬੀਰ ਸਿੰਘ ਪੰਨੂ ਅਤੇ ਡਾ. ਕੁਲਵੰਤ ਕੌਰ ਪੰਨੂ ਵੀ ਇਸ ਅਵਸਰ ਵਿਚ ਸ਼ਾਮਿਲ ਹੋਏ। ਇਸ ਮੌਕੇ ਤੇ ਬੀਬਾ ਸਤਪਾਲ ਕੌਰ ਨੂੰ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ ਗਿਆ ਅਤੇ ਸਾਰੇ ਰਿਸ਼ਤੇਦਾਰਾਂ ਨੂੰ ਅਕਾਲ ਤਖ਼ਤ ਵੱਲੋਂ ਸਿਰੋਪਿਆਂ ਨਾਲ ਸਨਮਾਨਿਆ ਗਿਆ। ਇਹ ਸਾਰਾ ਪ੍ਰੋਗਰਾਮ ਪੀ.ਟੀ.ਸੀ. ਨਿਊਜ਼ ਅਤੇ ਹੋਰ ਮੀਡੀਆ ਦੇ ਚੈਨਲਾਂ ਨੇ ਕਵਰ ਕੀਤਾ। ਇਸ ਸਮਾਗਮ ਦੀ ਕਈ ਦਿਨਾਂ ਤੱਕ ਚੈਨਲਾਂ ਉਤੇ ਖ਼ਬਰਾਂ ਆਉਂਦੀਆਂ ਰਹੀਆਂ। ਲਫਟੈਣ ਮਰਫੀ ਦਾ ਗੋਲਡ ਮੈਡਲ ਉਸ ਨੂੰ ਪੋਸਟ ਰਾਹੀਂ ਭੇਜਿਆ ਗਿਆ।

2016 ਵਿਚ ਸਤਵੰਤ ਦੇ ਦੁਗਾਲ ਪਿੰਡ ਦੇ ਸਕੂਲ ਦਾ ਨਾਂ ਬਦਲ ਕੇ ਸ਼ਹੀਦ ਸਤਵੰਤ ਸਿੰਘ ਕਾਲੇਕਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਦੁਗਾਲ ਰੱਖਿਆ ਗਿਆ।

16 ਨਵੰਬਰ 2017 ਨੂੰ ਸਿੱਖ ਅਜਾਇਬ ਘਰ, ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਖੇ ਸਤਵੰਤ ਸਿੰਘ ਦਾ ਚਿੱਤਰ ਇਤਿਹਾਸਿਕ ਸ਼ਹੀਦਾਂ ਨਾਲ ਲਗਾਇਆ ਗਿਆ।

ਪੰਜਾਬ ਸਰਕਾਰ ਵੱਲੋਂ ਵਾਅਦੇ ਅਨੁਸਾਰ ਸ਼ਹੀਦਾਂ ਦੇ ਪਰਿਵਾਰਾਂ ਨੂੰ ਪੰਜ-ਪੰਜ ਲੱਖ ਰੁਪਏ ਦਿੱਤੇ ਗਏ।

# ਸ਼ਹੀਦਾਂ ਦੀ ਸੰਖੇਪ ਜੀਵਨ ਕਥਾ

ਇਹਨਾਂ ਸ਼ਹੀਦਾਂ ਦੀ ਲੜੀਵਾਰ ਜੀਵਨ ਕਥਾ ਉਸੇ ਤਰ੍ਹਾਂ ਦਿੱਤੀ ਹੈ, ਜਿਸ ਤਰ੍ਹਾਂ ਸਾਰੇ ਵੀਰ ਅਤੇ ਇਕ ਭੈਣ ਸ਼ਹੀਦ ਹੋਈ ਹੈ।

**1. ਸ. ਰਣਜੀਤ ਸਿੰਘ (49 ਸਾਲ):-** ਰਣਜੀਤ ਸਿੰਘ ਦਾ ਜਨਮ 4 ਅਪ੍ਰੈਲ 1963 ਨੂੰ ਦਾਹਲੂਵਾਲਾ ਪਿੰਡ ਵਿਚ ਹੋਇਆ। ਇਹਨਾਂ ਦੇ ਦੋ ਭਰਾ ਅਤੇ ਇੱਕ ਭੈਣ ਸੀ। ਰਣਜੀਤ ਦੀ ਉਮਰ 49 ਸਾਲ ਸੀ। ਇਹਨਾਂ ਦਾ ਇਕ ਛੋਟਾ ਭਰਾ ਸੀਤਾ ਸਿੰਘ ਇਹਨਾਂ ਨਾਲ ਅਮਰੀਕਾ ਹੀ ਰਹਿੰਦਾ ਸੀ। ਇਹ ਪਿੰਡ ਤੋਂ ਦਿੱਲੀ ਆ ਗਏ ਅਤੇ ਇਥੇ ਆਪਣੀ ਪੜ੍ਹਾਈ ਪੂਰੀ ਕੀਤੀ। 1997 ਵਿਚ ਰਣਜੀਤ ਸਿੰਘ ਅਮਰੀਕਾ ਚੱਲੇ ਗਏ। ਉਹ ਹਮੇਸ਼ਾਂ ਹੀ ਗੁਰਦੁਆਰੇ ਦੀ ਸੇਵਾ ਵਿਚ ਤਤਪਰ ਰਹਿੰਦੇ ਸੀ ਅਤੇ ਗੁਰਦੁਆਰੇ ਸਮਾਗਮ ਦੌਰਾਨ ਤਬਲਾ ਵਜਾਉਂਦੇ ਸੀ। ਇਹਨਾਂ ਦੀ ਪਤਨੀ ਅਤੇ ਤਿੰਨ ਬੱਚੇ ਹਨ। ਦੋ ਲੜਕੀਆਂ ਵਿਆਹੀਆਂ ਹਨ ਅਤੇ ਇੱਕ ਲੜਕਾ ਗੁਰਵਿੰਦਰ ਸਿੰਘ ਹੈ। ਰਣਜੀਤ ਸਿੰਘ ਖਾਲੀ ਦਿਨਾਂ ਵਿਚ ਗੈਸ ਸਟੇਸ਼ਨਾਂ ਆਦਿ ’ਤੇ ਕੰਮ ਕਰਕੇ ਵੱਧ ਪੈਸੇ ਕਮਾਉਂਦੇ ਤੇ ਆਪਣੇ ਘਰ ਭਾਰਤ ਭੇਜਦੇ। ਸ. ਰਣਜੀਤ ਸਿੰਘ 2012 ਦੀ ਦਿਵਾਲੀ ਆਪਣੇ ਪਰਿਵਾਰ ਦੇ ਨਾਲ ਦਿੱਲੀ ਮਨਾਉਣ ਬਾਰੇ ਸੋਚ ਰਹੇ ਸਨ। ਪ੍ਰੰਤੂ 5 ਅਗਸਤ 2012 ਨੂੰ ਇਹ ਘਟਨਾ ਵਾਪਰ ਗਈ ਅਤੇ 9 ਵੱਜ ਕੇ 25 ਮਿੰਟ ’ਤੇ ਮਾਈਕਲ ਪੇਜ ਨੇ ਪਾਰਕਿੰਗ ਲਾਟ ਵਿਚ ਗੋਲੀਆਂ ਨਾਲ ਭਾਈ ਰਣਜੀਤ ਸਿੰਘ ਨੂੰ ਸ਼ਹੀਦ ਕਰ ਦਿੱਤਾ।

**2. ਸ. ਸੀਤਾ ਸਿੰਘ (42 ਸਾਲ):-** ਸ. ਸੀਤਾ ਸਿੰਘ ਦਾ ਜਨਮ 15 ਨਵੰਬਰ 1970 ਨੂੰ ਪਿੰਡ ਦਾਹਲੂਵਾਲਾ ਵਿਖੇ ਹੋਇਆ। ਸੀਤਾ ਸਿੰਘ ਦੀ ਉਮਰ 42 ਸਾਲ ਸੀ। ਇਹ ਵੀ ਆਪਣੇ ਵੱਡੇ ਭਰਾ ਵਾਂਗ ਦਿੱਲੀ ਚੱਲੇ ਗਏ। ਪੜ੍ਹਾਈ ਪੂਰੀ ਕਰਕੇ ਇਹ ਪਹਿਲਾਂ 1993 ਵਿੱਚ ਕੈਨੇਡਾ ਅਤੇ ਫਿਰ ਇੰਗਲੈਂਡ ਜਾਣ ਤੋਂ ਬਾਅਦ 1995 ਵਿੱਚ ਅਮਰੀਕਾ ਆ ਗਏ। ਸੀਤਾ ਸਿੰਘ ਦੀ ਬੋਲਬਾਣੀ ਬਹੁਤ ਅੱਛੀ ਸੀ। ਇਹਨਾਂ ਨੂੰ ਗੁਰਮਤਿ ਦੀਆਂ ਕਿਤਾਬਾਂ ਪੜ੍ਹਨ ਅਤੇ ਗੁਰਮਤਿ ਸੰਗੀਤ ਦਾ ਬਹੁਤ ਸ਼ੌਕ ਸੀ। ਉਹ 6 ਕੁ ਮਹੀਨੇ ਪਹਿਲਾਂ ਹੀ ਓਕ ਕਰੀਕ ਗੁਰਦੁਆਰਾ ਸਾਹਿਬ ਦੀ ਸੇਵਾ ਲਈ ਆਏ ਸੀ। ਸ. ਸੀਤਾ ਸਿੰਘ ਆਪਣੀ ਪਤਨੀ ਅਤੇ ਚਾਰ ਬੱਚਿਆਂ ਸਮੇਤ ਗੁਰਦੁਆਰਾ ਸਾਹਿਬ ਦੇ ਬਣਾਏ ਸਟਾਫ ਕੁਆਰਟਰਾਂ ਵਿਚ ਰਹਿੰਦੇ ਸਨ। ਸੀਤਾ ਸਿੰਘ ਸਾਰੇ ਕੰਮ ਤਵੱਜੋਂ ਨਾਲ ਕਰਦੇ ਸਨ। ਉਹ ਸਵੇਰੇ ਆਸਾ ਦੀ ਵਾਰ ਅਤੇ ਬਾਕੀ ਪਾਠ ਤਕਰੀਬਨ 5 ਵਜੇ

ਸ਼ੁਰੂ ਕਰ ਦਿੰਦੇ ਸਨ। ਇਸ ਦੀ ਸ਼ਹਾਦਤ ਆਪਣੇ ਭਰਾ ਤੋਂ ਬਾਅਦ ਪਾਰਕਿੰਗ ਲਾਟ ਵਿਚ ਹੀ ਹੋਈ।

**3. ਸਰਦਾਰਨੀ ਪਰਮਜੀਤ ਕੌਰ:–** ਬੀਬਾ ਪਰਮਜੀਤ ਕੌਰ ਦੀ ਉਮਰ 41 ਸਾਲ ਸੀ। ਉਸ ਦੇ ਦੋ ਪੁੱਤਰ ਸਨ, ਵੱਡਾ ਪੁੱਤਰ ਕਮਲਜੀਤ ਸਿੰਘ (21 ਸਾਲ) ਅਤੇ ਛੋਟਾ ਹਰਪ੍ਰੀਤ ਸਿੰਘ (18 ਸਾਲ)। ਪਰਮਜੀਤ ਕੌਰ ਹਰ ਐਤਵਾਰ ਨੂੰ ਗੁਰਦੁਆਰੇ ਆ ਕੇ ਕਾਫ਼ੀ ਸਮਾਂ ਗੁਜ਼ਾਰਦੀ ਸੀ। ਇਹ ਬਹੁਤ ਹੀ ਆਦਰਸ਼ਵਾਦੀ ਔਰਤ ਸੀ। ਪਰਮਜੀਤ ਆਪਣੇ ਪਰਿਵਾਰ ਅਤੇ ਪਤੀ ਦਾ ਬਹੁਤ ਖ਼ਿਆਲ ਰੱਖਦੀ ਸੀ। ਇਹ ਪਰਿਵਾਰ ਸਮੇਤ 2004 ਵਿਚ ਮਿਲਵਾਕੀ ਸ਼ਹਿਰ ਆਏ। ਕੁਝ ਹਫ਼ਤੇ ਪਹਿਲਾਂ ਹੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਤੋਂ ਦਰਸ਼ਨ ਕਰਕੇ ਆਏ ਹੀ ਸਨ। ਅਕਸਰ ਕੀਰਤਨ ਸ਼ੁਰੂ ਹੋਣ ਤੋਂ ਪਹਿਲਾਂ ਪਰਮਜੀਤ ਕੌਰ, ਮੂੰਹ ਜ਼ੁਬਾਨੀ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਦੀ ਸੀ। ਇਹ ਆਪਣੇ ਬੱਚਿਆਂ ਦੀ ਵਿੱਦਿਆ ਦਾ ਬਹੁਤ ਧਿਆਨ ਕਰਦੀ ਸੀ। ਇਸ ਦੀ ਸ਼ਹਾਦਤ ਗੁਰਦੁਆਰਾ ਸਾਹਿਬ ਦੇ ਦਰਬਾਰ ਹਾਲ ਵਿਚ ਹੋਈ।

**4. ਸ. ਸੁਬੇਗ ਸਿੰਘ (84 ਸਾਲ):–** ਸ. ਸੁਬੇਗ ਸਿੰਘ ਜੀ ਦਾ ਜਨਮ 6 ਜੁਲਾਈ 1928 ਨੂੰ ਅੰਬਾਲਾ ਵਿਚ ਹੋਇਆ। 2004 ਵਿੱਚ ਇਹ ਆਪਣੀ ਪਤਨੀ ਨਛੱਤਰ ਕੌਰ ਨਾਲ ਆਪਣੇ ਲੜਕੇ ਬਲਜਿੰਦਰ ਸਿੰਘ ਕੋਲ ਅਮਰੀਕਾ ਆ ਗਏ। 2010 ਵਿਚ ਇਹਨਾਂ ਦੀ ਪਤਨੀ ਸਵਰਗਵਾਸ ਹੋ ਗਈ। ਸ. ਸੁਬੇਗ ਸਿੰਘ ਦੀ ਉਮਰ 84 ਸਾਲ ਸੀ। ਸੁਬੇਗ ਸਿੰਘ ਗੁਰਦੁਆਰਾ ਸਾਹਿਬ ਵਿਚ ਕਾਫ਼ੀ ਸਮਾਂ ਬਿਤਾਉਂਦੇ ਸਨ। ਉਹਨਾਂ ਨੂੰ ਆਪਣੇ ਤਿੰਨ ਭਰਾਵਾਂ ਅਤੇ ਤਿੰਨ ਭੈਣਾਂ ’ਤੇ ਬਹੁਤ ਮਾਣ ਸੀ, ਜੋ ਉਹਨਾਂ ਵਾਂਗ ਅੰਮ੍ਰਿਤਧਾਰੀ ਸਿੱਖ ਸਨ। ਉਹਨਾਂ ਦੀ ਸ਼ਹਾਦਤ ਤੋਂ ਬਾਅਦ ਉਹਨਾਂ ਦੇ ਪੰਜ ਬੱਚੇ ਅਤੇ 7 ਪੋਤੇ ਪੋਤੀਆਂ ਹਨ। ਉਹਨਾਂ ਦਾ ਸੁਭਾਅ ਬਹੁਤ ਖੁੱਲ੍ਹਾ ਸੀ ਅਤੇ ਦੂਜਿਆਂ ਦੇ ਦੁੱਖ ਸੁੱਖ ਪੁੱਛਦੇ ਰਹਿੰਦੇ ਸਨ। ਉਹ ਸਵੇਰੇ ਹੀ ਗੁਰਦੁਆਰਾ ਸਾਹਿਬ ਆ ਜਾਂਦੇ ਸਨ ਅਤੇ ਸ਼ਾਮ ਨੂੰ ਲੇਟ ਘਰ ਵਾਪਸ ਜਾਂਦੇ ਸਨ। ਘਟਨਾ ਵਾਲੇ ਦਿਨ ਸ. ਸੁਬੇਗ ਸਿੰਘ ਖੱਟੜਾ ਜੀ, ਗੁਰਦੁਆਰਾ ਸਾਹਿਬ ਦੇ ਦਫ਼ਤਰੋਂ ਬਾਹਰ ਆ ਹੀ ਰਹੇ ਸੀ ਜਦੋਂ ਮਾਈਕਲ ਪੇਜ ਨੇ ਉਹਨਾਂ ਦੇ ਗੋਲੀ ਮਾਰੀ ਤੇ ਉਹ ਮੌਕੇ ਤੇ ਹੀ ਸ਼ਹੀਦ ਹੋ ਗਏ।

**5. ਸ. ਪ੍ਰਕਾਸ਼ ਸਿੰਘ (40 ਸਾਲ):–** ਸ. ਪ੍ਰਕਾਸ਼ ਸਿੰਘ ਦਾ ਜਨਮ 1 ਨਵੰਬਰ 1972 ਨੂੰ ਨਵੀਂ ਦਿੱਲੀ ਵਿਖੇ ਹੋਇਆ। ਇਹਨਾਂ ਦੇ ਚਾਰ ਭਰਾ ਤੇ ਇੱਕ ਭੈਣ ਸੀ। ਪ੍ਰਕਾਸ਼ ਸਿੰਘ ਦੀ ਉਮਰ 40 ਸਾਲ ਸੀ। ਇਹ ਦੂਸਰਿਆਂ ਦਾ ਬਹੁਤ ਖ਼ਿਆਲ ਕਰਦੇ ਸੀ ਅਤੇ ਆਪਣਾ ਕੰਮ ਬਹੁਤ ਮਿਹਨਤ ਅਤੇ ਲਗਨ ਨਾਲ ਕਰਦੇ ਸੀ। ਇਹ ਬਹੁਤ ਗੁਣੀ ਸਨ ਅਤੇ ਗੁਰਮਤਿ ਵਿਚ ਇਹਨਾਂ ਦਾ ਅਥਾਹ ਵਿਸ਼ਵਾਸ ਸੀ। ਇਹਨਾਂ ਨੇ ਆਪਣੇ ਗੁਣ ਆਪਣੇ ਬੱਚਿਆਂ ਨੂੰ ਵੀ ਦਿੱਤੇ। ਇਹ 2005 ਵਿਚ ਅਮਰੀਕਾ ਆਏ।

ਇਹਨਾਂ ਦੀ ਸ਼ਹਾਦਤ ਤੋਂ ਬਾਅਦ ਇਹਨਾਂ ਦੀ ਪਤਨੀ ਅਤੇ ਦੋ ਬੱਚੇ ਅਮਰੀਕਾ ਵਿਚ ਹੀ ਰਹਿੰਦੇ ਹਨ। ਇਹਨਾਂ ਦਾ ਪਰਿਵਾਰ ਮਈ 2012 ਵਿਚ ਹੀ ਅਮਰੀਕਾ ਆਇਆ ਸੀ। ਪ੍ਰਕਾਸ਼ ਸਿੰਘ ਤਕਰੀਬਨ ਪਿਛਲੇ 7 ਸਾਲ ਤੋਂ ਗੁਰਦੁਆਰਾ ਸਾਹਿਬ ਵਿਖੇ ਸੇਵਾ ਕਰ ਰਿਹਾ ਸੀ ਅਤੇ ਹੁਣੇ ਹੀ ਪ੍ਰਕਾਸ਼ ਸਿੰਘ ਨੂੰ ਅਮਰੀਕਾ ਦਾ ਗ੍ਰੀਨ ਕਾਰਡ ਮਿਲਿਆ ਸੀ। ਪਰਿਵਾਰ ਦੇ ਆਉਣ ਨਾਲ ਗੁਰਦੁਆਰਾ ਸਾਹਿਬ ਵੱਲੋਂ ਦਿੱਤੀ ਰਿਹਾਇਸ਼ ਛੋਟੀ ਲੱਗਣ ਕਰਕੇ ਉਹ ਜਲਦੀ ਹੀ ਬਾਹਰ ਕਿਸੇ ਦੂਜੇ ਮਕਾਨ ਵਿਚ ਜਾਣਾ ਚਾਹੁੰਦਾ ਸੀ।

**6. ਸ. ਸਤਵੰਤ ਸਿੰਘ ਕਾਲੇਕਾ (65 ਸਾਲ):-** ਦਾ ਜਨਮ 2 ਜੂਨ 1947 ਨੂੰ ਪਟਿਆਲਾ ਵਿਖੇ ਮੇਜਰ ਪ੍ਰੀਤਮ ਸਿੰਘ ਦੇ ਗ੍ਰਹਿ ਵਿਖੇ ਮਾਤਾ ਜੰਗੀਰ ਕੌਰ ਦੀ ਕੁੱਖੋਂ ਹੋਇਆ। ਉਸ ਦੀ ਮਾਤਾ ਬਹੁਤ ਧਾਰਮਿਕ ਔਰਤ ਸੀ। ਉਸ ਦੇ 8 ਭੈਣ ਭਰਾ ਸਨ। 9 ਬੱਚਿਆਂ ਦੇ ਇਸ ਪਰਿਵਾਰ ਵਿਚ ਸਤਵੰਤ ਦਾ ਨੰਬਰ ਸੱਤ ਸੀ। ਸਤਵੰਤ ਦੀ ਉਮਰ 65 ਸਾਲ ਸੀ। ਸਤਵੰਤ ਦਾ ਬਚਪਨ ਉਸ ਦੇ ਜੱਦੀ ਪਿੰਡ ਦੁਗਾਲ ਵਿਚ ਹੀ ਬੀਤਿਆ। ਉਹ ਪਿੰਡ ਦੇ ਸਕੂਲ ਵਿਚ ਹੀ ਪੜ੍ਹਿਆ। ਉਸ ਨੇ ਬੀ.ਏ ਰਣਬੀਰ ਕਾਲਜ, ਸੰਗਰੂਰ ਤੋਂ ਕੀਤੀ। ਸਤਵੰਤ ਨੇ 1972 ਤੋਂ 1982 ਤੱਕ ਖੇਤੀਬਾੜੀ ਕੀਤੀ। ਉਸ ਦਾ ਵਿਆਹ ਦਸੰਬਰ 1974 ਵਿਚ ਯੂ.ਪੀ. ਦੇ ਵੱਡੇ ਜ਼ਿੰਮੀਦਾਰ, ਸ. ਗੜਗੱਜ ਸਿੰਘ ਦੀ ਲੜਕੀ ਸਤਪਾਲ ਕੌਰ ਨਾਲ ਹੋਇਆ। ਇਹਨਾਂ ਦੇ ਦੋ ਬੱਚੇ ਹੋਏ, ਵੱਡਾ ਕਾਕਾ ਪਰਦੀਪ ਸਿੰਘ ਅਤੇ ਛੋਟਾ ਅਮਰ ਸਿੰਘ। 1982 ਵਿਚ ਸਤਵੰਤ ਆਪਣੇ ਪਰਿਵਾਰ ਸਮੇਤ ਅਮਰੀਕਾ ਚਲਾ ਗਿਆ। 1982 ਤੋਂ 2012 ਤੱਕ 30 ਸਾਲਾਂ ਵਿਚ ਉਸ ਨੇ ਮਿਹਨਤ, ਨੇਕੀ ਅਤੇ ਗੁਰਸਿੱਖੀ ਪ੍ਰਤੀ ਨਿਸ਼ਚੇ ਨਾਲ ਆਪਣਾ ਜੀਵਨ ਬਤੀਤ ਕੀਤਾ। ਜਿਥੇ ਉਸ ਨੇ ਆਪਣਾ ਕਾਰੋਬਾਰ ਵਧਾਇਆ, ਉਸ ਤੋਂ ਵੱਧ ਤਵੱਜੋਂ ਉਸ ਨੇ ਧਾਰਮਿਕ ਕੰਮਾਂ ਵਿਚ ਵੀ ਦਿੱਤੀ। ਲਗਾਤਾਰ 17-18 ਸਾਲ ਉਹ ਗੁਰਦੁਆਰਾ ਸਾਹਿਬ ਦਾ ਮੁੱਖ ਸੇਵਾਦਾਰ ਰਿਹਾ।

ਸਤਵੰਤ ਦੇ ਜੀਵਨ ਦੀਆਂ ਆਖਰੀ ਘੜੀਆਂ ਵਿਸ਼ੇਸ਼ ਤੌਰ ਤੇ ਵਰਣਨਯੋਗ ਹਨ। ਜਦੋਂ ਮਾਈਕਲ ਪੇਜ ਨੇ ਪ੍ਰਕਾਸ਼ ਸਿੰਘ ਦੇ ਗੋਲੀ ਮਾਰੀ ਤਾਂ ਪੇਜ ਦੇ ਪਿਸਤੌਲ ਦਾ ਮੈਗਜ਼ੀਨ ਖਾਲੀ ਹੋ ਗਿਆ। ਉਹ ਮੈਗਜ਼ੀਨ ਭਰ ਹੀ ਰਿਹਾ ਸੀ ਕਿ ਸਤਵੰਤ ਨੇ ਪ੍ਰਕਾਸ਼ ਦੇ ਕਮਰੇ ਵਿਚ ਮੇਜ਼ ਤੇ ਪਏ ਇਕ ਫਲ ਕੱਟਣ ਵਾਲੀ ਕਰਦ (Fruit Knife) ਨਾਲ ਪੇਜ 'ਤੇ ਹਮਲਾ ਕਰ ਦਿੱਤਾ। ਸਤਵੰਤ ਨੇ ਕਰਦ ਨਾਲ ਦੋ ਹਮਲੇ ਪੇਜ ਦੀ ਗਰਦਨ 'ਤੇ ਕੀਤੇ ਅਤੇ ਇਕ ਵਾਰ ਉਸ ਦੀ ਛਾਤੀ 'ਤੇ ਕੀਤਾ। ਇੰਨੇ ਵਿਚ ਪੇਜ ਨੇ ਦੁਬਾਰਾ ਮੈਗਜ਼ੀਨ ਭਰ ਲਿਆ। ਸਤਵੰਤ ਨੇ ਕਰਦ ਛੱਡ ਕੇ ਪੇਜ ਨੂੰ ਪਿੱਛੋਂ ਦੀ ਜਫਾ ਪਾਇਆ ਅਤੇ ਜਕੜ ਲਿਆ ਪੇਜ ਨੇ ਸਾਈਡ ਤੋਂ ਸਤਵੰਤ ਦੇ ਗੋਲੀਆਂ ਮਾਰ ਦਿੱਤੀਆਂ। ਪੰਜ ਗੋਲੀਆਂ ਲੱਗਣ ਨਾਲ ਸਤਵੰਤ ਦੇ ਹੱਥ ਛੁੱਟ ਗਏ ਅਤੇ ਉਹ ਧਰਤੀ 'ਤੇ ਡਿੱਗ ਪਿਆ। ਮਾਈਕਲ ਪੇਜ ਇਕਦਮ ਬਾਹਰ ਨਿਕਲ ਗਿਆ, ਜਿਥੇ ਲਫਟੈਣ ਬ੍ਰਾਇਨ

ਮਰਫੀ ਨੇ ਪੇਜ ਦੇ ਗੋਲੀ ਮਾਰੀ। ਪੇਜ ਨੇ ਮਰਫੀ ਦੇ ਵੀ 9 ਗੋਲੀਆਂ ਮਾਰੀਆਂ ਅਤੇ ਮਰਫੀ ਜ਼ਖ਼ਮੀ ਹੋ ਗਿਆ। ਇੰਨੇ ਵਿਚ ਇਕ ਹੋਰ ਪੁਲਿਸ ਅਫ਼ਸਰ ਸੈਮ ਲਿੰਡਾ ਨੇ ਮਾਈਕਲ ਪੇਜ 'ਤੇ ਰਾਈਫਲ ਨਾਲ ਗੋਲੀਆਂ ਚਲਾਈਆਂ ਅਤੇ ਉਸ ਨੂੰ ਢੇਰ ਕਰ ਦਿੱਤਾ। ਇਹ ਸਾਰਾ ਵਾਕਿਆ 35 ਕੁ ਮਿੰਟਾਂ ਦਾ ਸੀ।

ਇੱਧਰ ਕੁਝ ਬੱਚੇ ਭੱਜ ਕੇ ਪ੍ਰਕਾਸ਼ ਸਿੰਘ ਦੇ ਕਮਰੇ ਵਿਚ ਆਏ, ਜਿਥੇ ਉਹਨਾਂ ਨੇ ਸਤਵੰਤ ਅਤੇ ਪ੍ਰਕਾਸ਼ ਸਿੰਘ ਨੂੰ ਲਹੂ-ਲੁਹਾਨ ਹਾਲਤ ਵਿਚ ਦੇਖਿਆ। ਪ੍ਰਕਾਸ਼ ਸਿੰਘ ਹਾਏ-ਹਾਏ ਕਰ ਰਿਹਾ ਸੀ। ਸਤਵੰਤ ਨੇ ਹੌਲੀ-ਹੌਲੀ ਬੋਲਦਿਆਂ ਪ੍ਰਕਾਸ਼ ਸਿੰਘ ਨੂੰ ਕਿਹਾ "ਭਾਈ ਜੀ ਵਾਹਿਗੁਰੂ ਬੋਲ"। ਸਤਵੰਤ ਨੇ ਖੁਦ ਵੀ ਦੋ ਤਿੰਨ ਵਾਰ ਵਾਹਿਗੁਰੂ ਬੋਲਿਆ ਤੇ ਸੰਸਾਰ ਨੂੰ ਅਲਵਿਦਾ ਕਹਿ ਗਿਆ।

## ਜ਼ਖਮੀ ਸੰਗਤ

ਲਫਟੈਣ ਬ੍ਰਾਇਨ ਮਰਫੀ ਤੋਂ ਇਲਾਵਾ ਪੰਜ ਹੋਰ ਸੰਗਤ ਦੇ ਮੈਂਬਰ ਜ਼ਖ਼ਮੀ ਹੋਏ। ਲਫਟੈਨ ਬ੍ਰਾਇਨ ਮਰਫੀ ਦੇ ਲਾਈਫ ਜੈਕੇਟ ਪਾਈ ਹੋਈ ਸੀ ਅਤੇ ਸਿਰ ਤੇ ਹੈਲਮੈਟ ਪਹਿਨਿਆ ਹੋਇਆ ਸੀ। ਇਸ ਲਈ ਉਸ ਦਾ ਕੋਈ ਵੀ ਜ਼ਖ਼ਮ ਦਿਮਾਗ ਜਾਂ ਛਾਤੀ ਉਤੇ ਨਹੀਂ ਸੀ। ਕੁਝ ਮਹੀਨਿਆਂ ਵਿਚ ਹੀ ਉਹ ਸਿਹਤਮੰਦ ਹੋ ਗਿਆ। ਅਮਰੀਕਾ ਦੀ ਸਿੱਖ ਸੰਗਤ ਨੇ ਖੁਸ਼ ਹੋ ਕੇ ਮਰਫੀ ਨੂੰ ਤਕਰੀਬਨ ਦੋ ਲੱਖ ਡਾਲਰ ਇਨਾਮ ਵਜੋਂ ਭੇਟ ਕੀਤੇ। ਮਰਫੀ ਨੇ ਆਪਣੀ ਨੌਕਰੀ ਤੋਂ ਰਿਟਾਇਰਮੈਂਟ ਲੈ ਲਈ ਹੈ। ਉਹ ਹੁਣ ਅਕਸਰ ਗੁਰਦੁਆਰਾ ਸਾਹਿਬ ਦਰਸ਼ਨਾਂ ਲਈ ਆਉਂਦਾ ਹੈ। ਉਸ ਦੀ ਵੀ ਕਰਮ ਭੂਮੀ, ਰਣਭੂਮੀ ਬਣ ਗਈ ਸੀ।

ਪੰਜ ਸਿੱਖ ਸੰਗਤਾਂ ਵਿਚੋਂ ਚਾਰ ਸਿਹਤਮੰਦ ਹੋ ਗਈਆਂ ਹਨ। ਸਿਰਫ ਸ. ਪੰਜਾਬ ਸਿੰਘ ਇਸ ਵੇਲੇ ਬਿਮਾਰ ਹਨ। ਇਹਨਾਂ ਦੀਆਂ ਅੱਖਾਂ ਝਪਕਣ ਤੋਂ ਬਿਨਾਂ ਹੋਰ ਸਰੀਰ ਦੀ ਕੋਈ ਹਿਲਜੁਲ ਨਹੀਂ ਹੈ। ਇਸ ਮੌਕੇ 'ਤੇ ਮੈਂ ਵੀ ਅਰਦਾਸ ਕਰਦਾ ਹਾਂ ਅਤੇ ਆਪ ਜੀ ਨੂੰ ਵੀ ਬੇਨਤੀ ਕਰਦਾ ਹਾਂ ਕਿ ਗੁਰੂ ਦੇ ਦਰਬਾਰ ਵਿਚ ਸ. ਪੰਜਾਬ ਸਿੰਘ ਦੀ ਸਿਹਤ ਲਈ ਅਰਦਾਸ ਕਰੀਏ।

# ਰਾਸ਼ਟਰਪਤੀ ਬਰਾਕ ਓਬਾਮਾ ਦਾ ਗੁਰਦੁਆਰਾ ਸਾਹਿਬ ਦੀ ਸ਼ੂਟਿੰਗ 'ਤੇ ਬਿਆਨ

5 ਅਗਸਤ 2012, ਸ਼ਾਮ ਨੂੰ 5 ਵੱਜ ਕੇ 4 ਮਿੰਟ ਤੇ ਰਾਸ਼ਟਰਪਤੀ ਓਬਾਮਾ ਨੇ ਸਿੱਖ ਸੰਗਤ ਦੇ ਨੁਕਸਾਨ ਬਾਰੇ ਇਹ ਬਿਆਨ ਜਾਰੀ ਕੀਤਾ।

"ਮੇਰੀ ਪਤਨੀ ਮਿਸ਼ਲ ਅਤੇ ਮੈਂ ਵਿਸਕਾਨਸਿਨ ਦੀ ਇਸ ਘਟਨਾ ਨੂੰ ਜਾਣ ਕੇ ਬਹੁਤ ਉਦਾਸ ਹਾਂ। ਇਸ ਘਟਨਾ ਨੇ ਬਹੁਤ ਜਾਨਾਂ ਲੈ ਲਈਆਂ ਹਨ। ਇਸ ਮੁਸ਼ਕਿਲ ਸਮੇਂ ਵਿਚ ਓਕ ਕਰੀਕ ਦੇ ਲੋਕਾਂ ਨੂੰ ਇਹ ਜਾਣਨਾ ਜ਼ਰੂਰੀ ਹੈ ਕਿ ਸਾਰੇ ਅਮਰੀਕਾ ਦੇ ਲੋਕਾਂ ਦੇ ਦਿਲਾਂ ਅਤੇ ਅਰਦਾਸਾਂ ਵਿਚ ਉਹਨਾਂ ਦੀ ਤਕਲੀਫ਼ ਹੈ। ਸਾਡੇ ਦਿਲ ਉਹਨਾਂ ਲੋਕਾਂ ਦੇ ਪਰਿਵਾਰਾਂ ਅਤੇ ਦੋਸਤਾਂ ਲਈ ਅਰਦਾਸ ਕਰਦੇ ਹਨ ਜੋ ਮਾਰੇ ਗਏ ਹਨ ਜਾਂ ਜ਼ਖ਼ਮੀ ਹੋਏ ਹਨ। ਮੇਰਾ ਰਾਜ ਪ੍ਰਬੰਧ ਉਹਨਾਂ ਸਾਰੇ ਅਫ਼ਸਰਾਂ ਨੂੰ ਪੂਰੀ ਸਹਾਇਤਾ ਕਰਨ ਲਈ ਤਿਆਰ ਹੈ, ਜੋ ਇਸ ਮਾਮਲੇ ਦੀ ਛਾਣ-ਬੀਣ ਕਰ ਰਹੇ ਹਨ। ਜਦੋਂ ਕਿ ਅਸੀਂ ਇਸ ਧਾਰਮਿਕ ਸਥਾਨ ਦੇ ਨੁਕਸਾਨ 'ਤੇ ਸੋਗ ਪ੍ਰਗਟਾ ਰਹੇ ਹਾਂ, ਸਾਨੂੰ ਇਹ ਵੀ ਯਾਦ ਆ ਰਿਹਾ ਹੈ ਕਿ ਇਸ ਦੇਸ਼ ਦੀ ਇੱਜ਼ਤ ਅਤੇ ਪ੍ਰਗਤੀ ਲਈ ਸਿੱਖਾਂ ਨੇ ਕਿੰਨਾ ਯੋਗਦਾਨ ਪਾਇਆ ਹੈ। ਸਿੱਖ, ਅਮਰੀਕਨ ਪਰਿਵਾਰ ਦਾ ਹਿੱਸਾ ਹਨ।" ਰਾਸ਼ਟਰਪਤੀ ਨੇ ਐਫ.ਬੀ.ਆਈ ਡਾਇਰੈਕਟਰ ਅਤੇ ਹੋਮ ਲੈਂਡ ਸੁਰੱਖਿਆ ਸਲਾਹਕਾਰ ਤੋਂ ਇਸ ਘਟਨਾ ਬਾਰੇ ਵਿਸਥਾਰ ਪੂਰਵਕ ਰਿਪੋਰਟ ਮੰਗੀ।

**ਰਾਸ਼ਟਪਤੀ ਬਰਾਕ ਓਬਾਮਾ ਵੱਲੋਂ ਸੁਨੇਹਾ**

10 ਅਗਸਤ 2012 ਨੂੰ ਓਕ ਕਰੀਕ, ਸਿਟੀ ਹਾਲ ਵਿੱਖੇ ਹਜ਼ਾਰਾਂ ਸਿੱਖ ਸੰਗਤਾਂ, ਹਿੰਦੂ, ਮੁਸਲਮਾਨ, ਇਸਾਈ ਅਤੇ ਹੋਰ ਧਰਮਾਂ ਦੇ ਲੋਕਾਂ ਨੂੰ ਸੰਬੋਧਨ ਕਰਨ ਪਹੁੰਚੇ ਅਮਰੀਕਾ ਦੇ ਅਟਾਰਨੀ ਜਨਰਲ ਐਰਿਕ ਹੋਲਡਰ ਨੇ ਅਮਰੀਕਾ ਦੇ ਰਾਸ਼ਟਪਤੀ ਸ੍ਰੀ ਬਰਾਕ ਓਬਾਮਾ ਵੱਲੋਂ ਭੇਜਿਆ ਹੋਇਆ ਸੁਨੇਹਾ ਪੜ੍ਹਿਆ। ਐਰਿਕ ਹੋਲਡਰ ਨੇ ਕਿਹਾ ਕਿ ਮੈਂ ਰਾਸ਼ਟਪਤੀ ਸ੍ਰੀ ਓਬਾਮਾ ਦਾ ਸੁਨੇਹਾ ਲੈ ਕੇ ਆਇਆ ਹਾਂ ਅਤੇ ਉਹਨਾਂ ਦੀ ਪ੍ਰਤੀਨਿਧਤਾ ਕਰ ਰਿਹਾ ਹਾਂ। "ਚਾਹੇ ਸਾਨੂੰ ਅਜਿਹੀ ਅਣਸੁਖਾਵੀਂ ਘਟਨਾ ਨੇ ਇਕੱਠਾ ਕੀਤਾ ਹੈ ਪਰ ਸਾਡੇ ਇਕੱਠੇ ਹੋਣ ਦਾ ਕਾਰਨ ਇਸ ਤੋਂ ਕਿਤੇ ਵੱਧ ਹੈ। ਅਸੀਂ ਇਕੱਠੇ ਰਲ ਕੇ ਅਫ਼ਸੋਸ ਕਰਨਾ ਹੈ। ਦ੍ਰਿੜ੍ਹਤਾ ਅਤੇ ਧਰਮ ਦੀ ਤਾਕਤ ਬਾਰੇ ਵੀ ਵਿਚਾਰ ਕਰਨੀ ਹੈ, ਜੋ ਸਾਡੇ ਦੇਸ਼ ਦੇ ਗਿਰਜਾ ਘਰਾਂ, ਸੋਨਾਗੋਗ, ਮਸੀਤਾਂ, ਮੰਦਿਰਾਂ, ਗੁਰਦੁਆਰਿਆਂ ਅਤੇ ਹੋਰ ਭਗਤੀ ਘਰਾਂ ਵਿਚ ਹੁੰਦੀ ਹੈ, ਜਿਥੇ ਦਇਆ,

ਪਿਆਰ, ਸਤਿਕਾਰ ਅਤੇ ਮੁਆਫ਼ੀ ਆਦਿ ਵਰਗੇ ਗੁਣ ਸਿਖਾਏ ਜਾਂਦੇ ਹਨ।

ਅਮਰੀਕਾ ਇਸੇ ਤਜ਼ਰਬੇ ਦਾ ਹਿੱਸਾ ਸੀ ਜਿਥੇ ਅਲੱਗ-ਅਲੱਗ ਧਰਮਾਂ, ਰੂਪ-ਰੰਗਾਂ ਅਤੇ ਵਿਸ਼ਵਾਸਾਂ ਵਾਲੇ ਲੋਕ ਆਏ ਅਤੇ ਇਕੱਠਿਆਂ ਕੰਮ ਕੀਤਾ। ਅਮਰੀਕਾ ਵਿਚ ਉਹਨਾਂ ਨੂੰ ਨਿੱਜੀ ਆਜ਼ਾਦੀ ਅਤੇ ਜ਼ਿੰਮੇਵਾਰੀ ਮਿਲੀ। ਇਥੇ ਉਹਨਾਂ ਨੂੰ ਬਰਾਬਰਤਾ, ਕੰਮ-ਕਾਰ ਅਤੇ ਤਰੱਕੀ ਦੇ ਮੌਕੇ ਮਿਲੇ। ਇਹੀ ਕਾਰਨ ਹੈ ਕਿ ਕੋਈ ਫ਼ਰਕ ਨਹੀਂ ਪੈਂਦਾ ਕਿ ਤੁਸੀਂ ਕਿੱਥੋਂ ਆਏ ਹੋ ਅਤੇ ਕਿਸ ਦੀ ਪੂਜਾ ਕਰਦੇ ਹੋ, ਜਦੋਂ ਤੁਸੀਂ ਅਮਰੀਕਾ ਵਿਚ ਹੋ ਤਾਂ ਤੁਸੀਂ ਅਮਰੀਕਨ ਪਰਿਵਾਰ ਦਾ ਹਿੱਸਾ ਹੋ। ਇਹੀ ਕਹਾਣੀ ਸਿੱਖਾਂ ਦੀ ਹੈ, ਜਿਹਨਾਂ ਨੇ ਬਹੁਤ ਤਰੱਕੀ ਕੀਤੀ ਅਤੇ ਅਮਰੀਕਾ ਦੀ ਤਾਕਤ ਨੂੰ ਹੋਰ ਵੀ ਵਧਾਇਆ। ਇਹੀ ਲੋਕ ਸਨ ਜੋ 19ਵੀਂ ਸਦੀ ਦੇ ਅੰਤ ਵਿਚ ਅਮਰੀਕਾ ਦੇ ਪੱਛਮੀ ਤੱਟ ਤੇ ਆਏ ਅਤੇ ਲੱਕੜ ਦੇ ਕਾਰਖ਼ਾਨਿਆਂ ਵਿਚ, ਰੇਲਵੇ ਲਾਈਨਾਂ ਉਤੇ ਅਤੇ ਖੇਤਾਂ ਵਿੱਚ ਮਜ਼ਦੂਰਾਂ ਵਾਂਗ ਕੰਮ ਕੀਤਾ। ਇਹਨਾਂ ਨੇ ਯੂਬਾ ਸਿਟੀ ਤੋਂ ਲੈ ਕੇ ਨਿਊਯਾਰਕ ਤੱਕ, ਮਿਆਮੀ ਤੋਂ ਲੈ ਕੇ ਮਿਲਵਾਕੀ ਤੇ ਵਾਸ਼ਿੰਗਟਨ ਡੀ.ਸੀ. ਤੱਕ ਕੰਮ ਕੀਤਾ ਅਤੇ ਅਮਰੀਕਨ ਨਾਗਰਿਕ ਬਣਨ ਲਈ ਸੰਘਰਸ਼ ਵੀ ਕੀਤਾ।

ਅੱਜ ਅਸੀਂ ਇਥੇ ਸ. ਸੁਬੇਗ ਸਿੰਘ ਖੱਟੜਾ ਨੂੰ ਮਾਣ ਦੇਣ ਲਈ ਆਏ ਹਾਂ ਜੋ ਗੁਰਦੁਆਰੇ ਆਪਣੀ ਮਾਂ ਬੋਲੀ ਭਾਸ਼ਾ ਪੰਜਾਬੀ ਵਿਚ ਗੱਲਾਂ ਕਰਦੇ ਸੀ ਅਤੇ ਗੁਰਮਤਿ ਨੂੰ ਸੁਣਦੇ ਸੀ। ਅਸੀਂ ਪਰਮਜੀਤ ਕੌਰ ਦੇ ਜੀਵਨ ਨੂੰ ਵੀ ਯਾਦ ਕਰ ਰਹੇ ਹਾਂ ਜਿਹਨਾਂ ਨੇ ਹਮੇਸ਼ਾ ਆਪਣੇ ਦੋਵੇਂ ਬੱਚਿਆਂ ਹਰਪ੍ਰੀਤ ਅਤੇ ਕਮਲਪ੍ਰੀਤ ਦੀ ਵਿੱਦਿਆ ਵੱਲ ਉਚੇਚਾ ਧਿਆਨ ਦਿੱਤਾ। ਅਸੀਂ ਪ੍ਰਕਾਸ਼ ਸਿੰਘ ਨੂੰ ਵੀ ਯਾਦ ਕਰ ਰਹੇ ਹਾਂ, ਜਿਹਨਾਂ ਦੀ ਪਤਨੀ ਅਤੇ ਬੱਚੇ ਹੁਣੇ ਭਾਰਤ ਤੋਂ ਆਏ ਸਨ। ਅਸੀਂ ਇਥੇ ਸੀਤਾ ਸਿੰਘ ਅਤੇ ਰਣਜੀਤ ਸਿੰਘ ਦੋਵੇਂ ਭਰਾਵਾਂ ਨੂੰ ਵੀ ਯਾਦ ਕਰ ਰਹੇ ਹਾਂ ਜਿਹਨਾਂ ਨੇ ਸਾਰਾ ਜੀਵਨ ਗੁਰੂ ਘਰ ਦੀ ਸੇਵਾ ਵਿਚ ਲਾ ਦਿੱਤਾ। ਭਾਰਤ, ਅਮਰੀਕਾ ਦਾ ਪਿਆਰਾ ਮਿੱਤਰ ਹੈ ਅਤੇ ਇਹ ਮਿੱਤਰਤਾ ਇਕ ਦੂਜੇ ਦੇ ਇਤਬਾਰ ਅਤੇ ਸਤਿਕਾਰ 'ਤੇ ਖੜ੍ਹੀ ਹੈ।

ਅਸੀਂ ਸਤਵੰਤ ਸਿੰਘ ਕਾਲੇਕਾ ਦੀ ਅਤਿਅੰਤ ਸੇਵਾ ਵੀ ਯਾਦ ਕਰ ਰਹੇ ਹਾਂ ਜਿਹਨਾਂ ਨੇ ਗੁਰਦੁਆਰੇ ਦੀ ਨੀਂਹ ਰੱਖੀ ਤੇ ਜਿਹਨਾਂ ਨੇ ਸੰਗਤਾਂ ਨੂੰ ਬਚਾਉਣ ਅਤੇ ਗੁਰਦੁਆਰੇ ਦੀ ਮਰਿਯਾਦਾ ਨੂੰ ਕਾਇਮ ਰੱਖਣ ਲਈ ਬਿਨਾਂ ਝਿੱਜਕ ਆਪਣੀ ਜਿੰਦ ਜਾਨ ਇਕ ਪਾਗਲ ਵਿਅਕਤੀ ਅੱਗੇ ਲਾ ਦਿੱਤੀ। ਸਾਨੂੰ ਕਦੇ ਵੀ ਇਸ ਗੱਲ ਦਾ ਪਤਾ ਨਹੀਂ ਲੱਗੇਗਾ ਕਿ ਸਤਵੰਤ ਨੇ ਕਿੰਨੇ ਹੀ ਜੀਵਨ ਆਪਣੀ ਸ਼ਹਾਦਤ ਦੇ ਕੇ ਬਚਾਏ। ਉਸ ਦੀ ਯਾਦ ਸਦਾ ਉਹਨਾਂ ਲੋਕਾਂ ਨੂੰ ਆਉਂਦੀ ਰਹੇਗੀ ਜਿਹਨਾਂ ਦੇ ਜੀਵਨ ਦਾ ਹਿੱਸਾ ਬਣ ਕੇ ਉਸ ਨੇ ਗੁਰਦੁਆਰੇ ਸੇਵਾ ਕੀਤੀ, ਲੋੜਵੰਦਾਂ ਨੂੰ ਰੋਟੀ ਖਵਾਈ, ਇਕੱਲਿਆਂ ਨੂੰ ਇਕੱਲਾਪਨ ਮਹਿਸੂਸ ਨਹੀਂ ਹੋਣ ਦਿੱਤਾ ਅਤੇ ਵਿੱਦਿਆਰਥੀਆਂ ਦੀਆਂ ਫ਼ੀਸਾਂ ਭਰੀਆਂ ਅਤੇ ਗਾਰੰਟੀਆਂ ਦਿੱਤੀਆਂ।"

ਨਾਲ ਹੀ ਉਹਨਾਂ ਨੇ ਓਕ ਕਰੀਕ ਦੇ ਪੁਲਿਸ ਅਫ਼ਸਰਾਂ ਦੀ ਵੀ ਸ਼ਲਾਘਾ ਕੀਤੀ। ਉਹਨਾਂ ਨੇ ਕਿਹਾ ਕਿ ਪੁਲਿਸ ਅਫ਼ਸਰਾਂ ਨੇ ਬਹਾਦਰੀ ਵਾਲਾ ਕੰਮ ਕੀਤਾ ਹੈ ਜਿਹੜਾ ਕਿ ਪੁਲਿਸ ਨੂੰ ਕਰਨਾ ਚਾਹੀਦਾ ਸੀ। ਉਹਨਾਂ ਨੇ ਲਫਟੈਣ ਬ੍ਰਾਇਨ ਮਰਫੀ ਜਿਸ ਦੇ 9 ਗੋਲੀਆਂ ਲੱਗੀਆਂ, ਉਸ ਦੀ ਭਰਪੂਰ ਸ਼ਲਾਘਾ ਕੀਤੀ। ਉਹਨਾਂ ਨੇ ਅਫ਼ਸਰ ਸੈਮ ਲਿੰਡਾ ਦੀ ਵੀ ਤਾਰੀਫ ਕੀਤੀ ਜਿਸ ਨੇ ਮਾਈਕਲ ਪੇਜ ਨੂੰ ਮਾਰ ਗਿਰਾਇਆ।

ਅੰਤ ਵਿਚ ਉਹਨਾਂ ਨੇ ਵਾਹਿਗੁਰੂ ਤੋਂ ਅਮਰੀਕਨ ਲੋਕਾਂ ਲਈ ਆਸ਼ੀਰਵਾਦ ਮੰਗਿਆ। ਉਹਨਾਂ ਨੇ ਅਮਰੀਕਾ ਦੀ ਭਾਈਚਾਰਕ ਸਾਂਝ ਵਾਸਤੇ ਅਰਦਾਸ ਕੀਤੀ।

ਇਸ ਘਟਨਾ ਦੀ ਗਹਿਰਾਈ ਨੂੰ ਦੇਖਦਿਆਂ ਹੋਇਆਂ ਰਾਸ਼ਟਰਪਤੀ ਸ੍ਰੀ ਬਰਾਕ ਓਬਾਮਾ ਨੇ ਅਫ਼ਸੋਸ ਵੱਜੋਂ ਅਮਰੀਕਾ ਦਾ ਝੰਡਾ ਤਿੰਨ ਦਿਨਾਂ ( 8 ਤੋਂ 10 ਅਗਸਤ 2012) ਲਈ ਅੱਧਾ ਝੁਕਾ ਦਿੱਤਾ। ਅਜਿਹਾ ਪਹਿਲਾਂ ਕਿਸੇ ਵਿਦੇਸ਼ੀ ਮੂਲ ਦੇ ਲੋਕਾਂ ਵਾਸਤੇ ਨਹੀਂ ਸੀ ਹੋਇਆ।

ਗੁਰਦੁਆਰਾ ਸਾਹਿਬ ਓਕ ਕਰੀਕ ਵਿਚ 12 ਅਗਸਤ 2012 ਨੂੰ ਸ਼ਹੀਦਾਂ ਦੀ ਯਾਦ ਵਿਚ ਅਖੰਡ ਪਾਠ ਦਾ ਭੋਗ ਪਾਇਆ ਗਿਆ ਜਿਸ ਵਿਚ ਅਮਰੀਕਨ ਸਰਕਾਰ ਤੋਂ ਇਲਾਵਾ ਦੂਜੇ ਧਰਮਾਂ ਦੇ ਲੋਕਾਂ ਨੇ ਵੀ ਸ਼ਿਰਕਤ ਕੀਤੀ। ਅਮਰੀਕਨ ਸਰਕਾਰ ਨੇ ਸਾਰੀ ਸੰਗਤ ਦੇ ਲੰਗਰ ਦਾ ਖ਼ਰਚ ਆਪਣੇ ਵੱਲੋਂ ਕੀਤਾ। ਅਮਰੀਕਾ, ਕੈਨੇਡਾ ਅਤੇ ਹੋਰ ਦੇਸ਼ਾਂ ਤੋਂ ਵੀ ਸਿੱਖ ਸੰਗਤ ਓਕ ਕਰੀਰ ਪਹੁੰਚੀ। ਸੰਗਤਾਂ ਦੀ ਗਿਣਤੀ ਤਕਰੀਬਨ ਪੰਜ ਹਜ਼ਾਰ ਤੋਂ ਵੱਧ ਸੀ।

ਇੱਧਰ ਦਿੱਲੀ ਵਿਖੇ ਅਮਰੀਕਨ ਅੰਬੈਸੀ ਨੂੰ ਵਿਸ਼ੇਸ਼ ਤੌਰ ਤੇ ਸਵੇਰੇ ਖੋਲ੍ਹਿਆ ਗਿਆ ਤਾਂ ਜੋ ਸਤਵੰਤ ਅਤੇ ਹੋਰ ਸ਼ਹੀਦਾਂ ਦੇ ਰਿਸ਼ਤੇਦਾਰ ਜਾਂ ਮਿੱਤਰ ਜੋ ਅਮਰੀਕਾ ਦਾ ਵੀਜ਼ਾ ਲੈਣਾ ਚਾਹੁੰਦੇ ਹਨ, ਅੰਬੈਸੀ ਖੁੱਲ੍ਹਣ ਤੋਂ ਪਹਿਲਾਂ ਹੀ ਵੀਜ਼ਾ ਲੈ ਸਕਣ। ਸਾਰੇ ਸ਼ਹੀਦਾਂ ਦੇ ਨੇੜ੍ਹੇ ਦੇ ਦੋ ਰਿਸ਼ਤੇਦਾਰਾਂ ਦਾ ਕਿਰਾਇਆ ਵੀ ਅਮਰੀਕਾ ਸਰਕਾਰ ਨੇ ਹੀ ਦਿੱਤਾ।

# ਸੰਸਾਰ ਭਰ ਵਿੱਚ ਦਰਦ

ਇਸ ਘਟਨਾ ਦਾ ਦਰਦ ਸਾਰੇ ਸੰਸਾਰ ਵਿਚ ਮਹਿਸੂਸ ਕੀਤਾ ਗਿਆ। ਕੁਝ ਘੰਟੇ ਤਾਂ ਪਤਾ ਹੀ ਨਹੀਂ ਲੱਗਿਆ ਕਿ ਗੁਰਦੁਆਰਾ ਸਾਹਿਬ ਅੰਦਰ ਕੀ ਗੱਲ ਵਾਪਰੀ ਹੈ। 6 ਅਗਸਤ ਨੂੰ ਸਵੇਰੇ ਮੇਰੇ ਵੱਡੇ ਲੜਕੇ ਗੁਰਮੀਤ ਸਿੰਘ ਨੇ ਟੈਲੀਫੋਨ ਰਾਹੀਂ ਮੈਨੂੰ ਦੱਸਿਆ ਕਿ ਮੇਰਾ ਛੋਟਾ ਭਰਾ ਸਤਵੰਤ ਸਿੰਘ ਸ਼ਹੀਦ ਹੋ ਚੁੱਕਾ ਹੈ। ਪਤਾ ਨਹੀਂ ਕਿਸ ਕੋਲੋਂ ਸੀ.ਐਨ.ਐਨ. 18 ਨੂੰ ਮੇਰਾ ਟੈਲੀਫੋਨ ਨੰਬਰ ਮਿਲਿਆ। ਸੀ.ਐਨ.ਐਨ. 18 ਨੇ ਮੈਨੂੰ ਪੁੱਛਿਆ ਕਿ ਤੁਹਾਡੇ ਭਰਾ ਦੀ ਕੀ ਸਥਿਤੀ ਹੈ। ਮੈਂ ਉਹਨਾਂ ਨੂੰ ਦੱਸਿਆ ਕਿ ਉਹ ਸ਼ਹੀਦ ਹੋ ਚੁੱਕਾ ਹੈ। ਉਹਨਾਂ ਕਿਹਾ ਕਿ ਮੀਡੀਆ ਵਿਚ ਤਾਂ ਕੋਈ ਅਜਿਹੀ ਖ਼ਬਰ ਨਹੀਂ ਹੈ। ਮੈਂ ਕਿਹਾ ਕਿ ਮੇਰੇ ਵੱਡੇ ਪੁੱਤਰ ਗੁਰਮੀਤ ਦਾ ਹੁਣੇ ਅਮਰੀਕਾ ਤੋਂ ਟੈਲੀਫੋਨ ਆਇਆ ਹੈ। ਗੁਰਦੁਆਰੇ ਦੀ ਬਿਲਡਿੰਗ ਖੁੱਲ੍ਹ ਗਈ ਹੈ, ਸੀ.ਬੀ.ਆਈ ਅਤੇ ਹੋਰ ਪੁਲਿਸ ਏਜੰਸੀਆਂ ਉੱਧਰ ਜਾਂਚ ਕਰ ਰਹੀਆਂ ਹਨ। ਉਹਨਾਂ ਦਿਨਾਂ ਵਿਚ ਮੇਰੇ ਭਣੋਈਆ ਸ. ਸੁਰਜੀਤ ਸਿੰਘ ਰੱਖੜਾ (ਸਭ ਤੋਂ ਛੋਟੀ ਭੈਣ ਹਰਿੰਦਰ ਕੌਰ ਦੇ ਪਤੀ) ਦੇ ਵੱਡੇ ਭਰਾ ਸ. ਦਰਸ਼ਨ ਸਿੰਘ ਧਾਲੀਵਾਲ ਦੇ ਲੜਕੇ ਦਾ ਮਿਲਵਾਕੀ, ਅਮਰੀਕਾ ਵਿਖੇ ਵਿਆਹ ਸੀ। ਪੰਜਾਬ ਦੀ ਅੱਧੀ ਕੈਬਨਿਟ ਜਹਾਜ਼ਾਂ ਵਿੱਚ ਸੀ। ਮੇਰੀਆਂ ਦੋਵੇਂ ਭੈਣਾਂ ਵੀ ਅਮਰੀਕਾ ਚਲੀਆਂ ਗਈਆਂ ਸਨ।

ਮੈਂ ਅਮਰੀਕਾ ਜਾਣ-ਬੁਝ ਕੇ ਨਾ ਗਿਆ, ਕਿ ਭਾਰਤ ਵਿਚ ਵੱਸਦੇ ਸੈਂਕੜੇ ਹਜ਼ਾਰਾਂ ਲੋਕ ਕਿਸ ਕੋਲ ਅਫ਼ਸੋਸ ਕਰਨਗੇ। ਮੈਂ ਸ਼ਹੀਦਾਂ ਦੀ ਯਾਦ ਵਿੱਚ ਭਾਰਤ ਪ੍ਰੋਗਰਾਮ ਕਰਵਾਉਣ ਬਾਰੇ ਸੋਚ ਰਿਹਾ ਸੀ। 6 ਅਗਸਤ ਤੋਂ 15 ਅਗਸਤ 2012 ਤੱਕ ਦਿਨ ਰਾਤ ਮੇਰੇ ਕੋਲ 5-6 ਹਜ਼ਾਰ ਸਰਕਾਰੀ ਅਫ਼ਸਰ, ਸਿਆਸਤਦਾਨ, ਰਿਸ਼ਤੇਦਾਰ, ਦੋਸਤ, ਸ਼ੁਭਚਿੰਤਕ ਅਤੇ ਪੰਥ ਦੇ ਦਰਦਵਾਨ ਅਫ਼ਸੋਸ ਕਰਨ ਆਏ। ਮੈਨੂੰ ਅਮਰੀਕਾ, ਕੈਨੇਡਾ ਅਤੇ ਯੂਰਪ ਤੋਂ ਵੀ ਕਾਫੀ ਦਰਦਵੰਦਾਂ ਦੇ ਟੈਲੀਫੋਨ ਆਏ ਅਤੇ ਉਹਨਾਂ ਨੇ ਮੈਨੂੰ ਦੱਸਿਆ ਕਿ ਵਿਦੇਸ਼ਾਂ ਦੀ ਸੰਗਤ ਵੀ ਸ਼ਹੀਦਾਂ ਦੀ ਯਾਦ ਵਿੱਚ ਆਪਣੇ ਇਲਾਕੇ ਦੇ ਗੁਰਦੁਆਰਿਆਂ ਵਿੱਚ ਅਖੰਡ ਪਾਠ ਅਤੇ ਸਹਿਜ ਪਾਠ ਕਰਵਾ ਰਹੀਆਂ ਹਨ। ਉਹਨਾਂ ਨੇ ਮੇਰੇ ਤੋਂ ਸੰਗਤਾਂ ਲਈ ਸੁਨੇਹਾ ਪੁੱਛਿਆ। ਸਭ ਨੂੰ ਮੈਂ ਦੋ ਹੀ ਸੁਨੇਹੇ ਦਿੱਤੇ ਕਿ ਖਾਲਸੇ ਨੂੰ ਤਿਆਰ-ਬਰ-ਤਿਆਰ ਰਹਿਣ ਦਾ ਗੁਰੂ ਵੱਲੋਂ ਹੀ ਹੁਕਮ ਹੈ। ਦੂਜਾ ਸ਼ਹੀਦਾਂ ਦਾ ਅਫ਼ਸੋਸ ਨਹੀਂ ਕਰਨਾ ਸਗੋਂ ਸ਼ਹੀਦਾਂ ਦੀ ਸ਼ਹੀਦੀ ਮਨਾਉਣੀ ਹੁੰਦੀ ਹੈ।

ਮੇਰੇ ਵਿਚਾਰ ਵਿਚ ਸ਼ਹੀਦਾਂ ਦਾ ਅਫ਼ਸੋਸ ਕਰਨਾ ਸ਼ਹੀਦਾਂ ਦਾ ਅਪਮਾਨ ਕਰਨਾ ਹੁੰਦਾ ਹੈ, ਸ਼ਹੀਦ ਕਦੇ ਮਰਦੇ ਨਹੀਂ। ਇਸੇ ਲਈ ਸਾਡੇ ਘਰ ਜੋ ਵੀ ਲੋਕ, ਰਿਸ਼ਤੇਦਾਰ ਜਾਂ ਹੋਰ ਮਿੱਤਰ ਆਏ, ਮੈਂ ਕਿਸੇ ਨੂੰ ਰੋਣ ਨਹੀਂ ਦਿੱਤਾ। ਇੱਧਰ ਪੰਜਾਬ

ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਮੇਰੇ ਭਣੋਈਏ ਸ. ਸੁਰਜੀਤ ਸਿੰਘ ਰੱਖੜਾ, ਜੋ ਉਸ ਵੇਲੇ ਪੰਜਾਬ ਕੈਬਨਿਟ ਮੰਤਰੀ ਸਨ ਅਤੇ ਕੈਬਨਿਟ ਦੇ ਹੋਰ ਮੈਂਬਰ ਅਤੇ ਐੱਸ.ਜੀ.ਪੀ.ਸੀ. ਦੇ ਪ੍ਰਧਾਨ ਸ. ਅਵਤਾਰ ਸਿੰਘ ਮੱਕੜ ਵੀ ਅਮਰੀਕਾ ਗਏ ਹੋਏ ਸਨ। ਭਾਰਤ ਦੀ ਅਮਰੀਕਾ ਵਿਚ ਰਾਜਦੂਤ ਸ੍ਰੀਮਤੀ ਨਰੂਪਮਾ ਰਾਓ, ਸ. ਪ੍ਰਕਾਸ਼ ਸਿੰਘ ਬਾਦਲ ਅਤੇ ਹੋਰ ਮੰਤਰੀਆਂ ਸਮੇਤ ਸ. ਸਤਵੰਤ ਸਿੰਘ ਕਾਲੇਕਾ, ਸ੍ਰੀਮਤੀ ਪਰਮਜੀਤ ਕੌਰ, ਸ. ਸੁਬੇਗ ਸਿੰਘ ਖੱਟੜਾ ਦੇ ਘਰ ਜਾ ਕੇ ਪਰਿਵਾਰਾਂ ਨੂੰ ਮਿਲੇ ਅਤੇ ਢਾਰਸ ਦਿੱਤਾ। ਉਹ ਨਾਲ ਹੀ ਜਖ਼ਮੀਆਂ ਦਾ ਹਾਲ ਪੁੱਛਣ ਲਈ ਫਰੈਂਡਰਟ ਜਨਰਲ ਹਸਪਤਾਲ, ਮਿਲਵਾਕੀ ਗਏ। ਉਹ ਜਖ਼ਮੀ ਪੁਲਿਸ ਅਫ਼ਸਰ ਲਫਟੈਣ ਬ੍ਰਾਇਨ ਮਰਫੀ ਨੂੰ ਵੀ ਮਿਲੇ ਅਤੇ ਉਸ ਦੀ ਬਹਾਦਰੀ ਦੀ ਸਰਾਹਨਾ ਕੀਤੀ।

12 ਅਗਤਸ 2012 ਨੂੰ ਗੁਰਦੁਆਰਾ ਓਕ ਕਰੀਕ ਸਾਹਿਬ ਵਿਖੇ ਵੀ ਇਹ ਸਖ਼ਸ਼ੀਅਤਾਂ ਪਹੁੰਚੀਆਂ ਅਤੇ ਸ. ਪ੍ਰਕਾਸ਼ ਸਿੰਘ ਬਾਦਲ ਨੇ ਸ਼ਹੀਦਾਂ ਦੇ ਪਰਿਵਾਰਾਂ ਲਈ ਪੰਜ ਪੰਜ ਲੱਖ ਰੁਪਏ ਦੇਣ ਦਾ ਐਲਾਨ ਕੀਤਾ। ਉਹਨਾਂ ਨੇ ਨਾਲ ਹੀ ਕਿਹਾ ਕਿ ਪੰਜਾਬ ਸਰਕਾਰ ਸ਼ਹੀਦਾਂ ਦੇ ਬੱਚਿਆਂ ਨੂੰ ਮੈਡੀਕਲ, ਇੰਜੀਨੀਅਰਿੰਗ ਜਾਂ ਕੋਈ ਹੋਰ ਉੱਚ ਵਿੱਦਿਆ ਮੁਫ਼ਤ ਦੇਵੇਗੀ। ਉਹਨਾਂ ਨਾਲ ਹੀ ਕਿਹਾ ਕਿ ਜੋ ਪਰਿਵਾਰ ਸ਼ਹੀਦਾਂ ਦੀ ਦੇਹ ਨੂੰ ਭਾਰਤ ਲਿਜਾਉਣਾ ਚਾਹੁੰਦੇ ਹਨ, ਉਹਨਾਂ ਦਾ ਖ਼ਰਚਾ ਵੀ ਪੰਜਾਬ ਸਰਕਾਰ ਹੀ ਦੇਵੇਗੀ। ਇਸ ਮੌਕੇ ਤੇ ਬਾਦਲ ਸਾਹਿਬ ਨੇ ਭਾਰਤ ਦੀ ਰਾਜਦੂਤ ਸ੍ਰੀਮਤੀ ਨਰੂਪਮਾ ਰਾਓ ਨੂੰ ਬੇਨਤੀ ਕੀਤੀ ਕਿ ਅਮਰੀਕਾ ਵਿਚ ਸਿੱਖਾਂ ਦੀ ਸੁਰੱਖਿਆ ਦੇ ਹਾਲਾਤ ਅਨੁਕੂਲ ਬਣਾਏ ਜਾਣ। ਸ਼ਹੀਦਾਂ ਦੀ ਯਾਦ ਵਿਚ ਘਟਨਾ ਵਾਲੇ ਗੁਰਦੁਆਰੇ ਵਿਚ ਲਗਭਗ ਪੰਜ ਹਜ਼ਾਰ ਸੰਗਤ ਦਾ ਇਕੱਠ ਹੋਇਆ, ਜਿਸ ਵਿਚ ਅਮਰੀਕਾ ਦੇ ਰਾਸ਼ਟਪਤੀ ਸ੍ਰੀ ਬਰਾਕ ਓਬਾਮਾ ਦੇ ਪ੍ਰਤੀਨਿਧ ਵੀ ਆਏ ਅਤੇ ਹੋਰ ਧਰਮਾਂ ਨੂੰ ਮੰਨਣ ਵਾਲੀਆਂ ਸੰਗਤਾਂ ਵੀ ਸਮਾਗਮ ਵਿਚ ਸ਼ਾਮਿਲ ਹੋਈਆਂ।

ਪੰਜ ਹਜ਼ਾਰ ਤੋਂ ਵੱਧ ਸੰਗਤ ਦੇ ਲੰਗਰ ਦੀ ਸੇਵਾ ਵੀ ਅਮਰੀਕਾ ਸਰਕਾਰ ਨੇ ਆਪਣੀ ਸਦਭਾਵਨਾ ਵਜੋਂ ਲਈ। ਅਮਰੀਕਾ ਸਰਕਾਰ ਦੀ ਇਸ ਪਰਉਪਕਾਰੀ ਭਾਵਨਾਂ ਨੂੰ ਦੂਰੋਂ-ਨੇੜਿਓਂ ਆਈਆਂ ਸੰਗਤਾਂ ਨੇ ਬਹੁਤ ਸਲਾਹਿਆ।

### ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

12 ਅਗਸਤ 2012 ਨੂੰ ਗੁਰਦੁਆਰਾ ਮੰਜੀ ਸਾਹਿਬ, ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਖੇ ਓਕ ਕਰੀਕ ਗੁਰਦੁਆਰਾ ਸਾਹਿਬ ਦੇ ਛੇ ਸ਼ਹੀਦਾਂ ਦੀ ਯਾਦ ਵਿਚ ਅਖੰਡ ਪਾਠ ਸਾਹਿਬ ਦਾ ਭੋਗ ਪਾਇਆ ਗਿਆ। ਕਾਲੇਕੇ ਪਰਿਵਾਰ ਦਾ ਇਕੱਲਾ ਮੈਂਬਰ ਮੈਂ ਹੀ ਭਾਰਤ ਵਿੱਚ ਸੀ, ਇਸ ਲਈ ਐੱਸ.ਜੀ.ਪੀ.ਸੀ. ਵੱਲੋਂ ਮੈਨੂੰ ਪਾਠ ਦੇ ਭੋਗ ਦੌਰਾਨ ਸ਼ਾਮਿਲ ਹੋਣ ਲਈ ਸੁਨੇਹਾ ਆਇਆ। ਰੋਜ਼ਾਨਾ ਕਈ ਸੌ ਬੰਦੇ ਮੇਰੇ ਘਰ ਅਫ਼ਸੋਸ ਕਰਨ ਲਈ ਆ ਰਹੇ ਸੀ, ਇਸ ਲਈ ਮੈਂ ਉਹਨਾਂ ਨੂੰ ਆਪਣੀ ਮਜਬੂਰੀ ਦੱਸੀ ਅਤੇ ਭੋਗ ਵਿਚ ਸ਼ਾਮਲ ਨਾ ਹੋ ਸਕਿਆ।

ਬਚਪਨ ਦੇ ਪਰਮ ਮਿੱਤਰ ਬਾਲ ਕ੍ਰਿਸ਼ਨ ਦਾ ਸਾਰਾ ਪਰਿਵਾਰ ਆਇਆ। ਇਹਨਾਂ ਦੇ ਵੱਡੇ ਭਰਾ ਸੰਤ ਰਾਮ ਸਿੰਗਲਾ ਦਾ ਵੀ ਸਾਰਾ ਪਰਿਵਾਰ ਆਇਆ। ਸੰਤ ਰਾਮ ਦੀ ਸੁਪਤਨੀ ਤੇ ਸਪੁਤਰ ਵਿਜੇਇੰਦਰ ਸਿੰਗਲਾ ਜੋ ਉਸ ਵੇਲੇ ਸੰਗਰੂਰ ਹਲਕੇ ਤੋਂ ਮੈਂਬਰ ਪਾਰਲੀਮੈਂਟ ਸੀ, ਮੇਰੇ ਘਰ ਆਏ ਤੇ ਦੁੱਖ ਦੀ ਘੜੀ ਵਿਚ ਨਾਲ ਖੜ੍ਹੇ ਅਤੇ ਸਾਡੀ ਹੌਸਲਾ ਅਫ਼ਜਾਈ ਕੀਤੀ।

ਗੁਰਦੁਆਰਾ ਨਵੀਨ ਸਿੰਘ ਸਭਾ, ਧਰਮਪੁਰਾ ਬਾਜ਼ਾਰ, ਪਟਿਆਲਾ ਵਿਖੇ ਵੀ 12 ਅਗਸਤ 2012 ਨੂੰ  ਸ਼ਹੀਦਾਂ ਦੀ ਯਾਦ ਵਿਚ ਅਖੰਡ ਪਾਠ ਰੱਖਿਆ ਗਿਆ ਅਤੇ ਭੋਗ ਪਾਏ ਗਏ।

16 ਅਗਸਤ 2012 ਨੂੰ ਸਾਡੇ ਪਰਿਵਾਰ ਵੱਲੋਂ ਸ. ਸਤਵੰਤ ਸਿੰਘ ਕਾਲੇਕਾ ਅਤੇ ਹੋਰ ਸ਼ਹੀਦਾਂ ਦੀ ਯਾਦ ਵਿਚ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਮਾਲ ਰੋਡ, ਪਟਿਆਲਾ ਵਿਖੇ ਸਮਾਗਮ ਕਰਵਾਇਆ ਗਿਆ ਜਿਸ ਵਿਚ 10 ਹਜ਼ਾਰ ਤੋਂ ਵੱਧ ਲੋਕ ਸ਼ਾਮਿਲ ਹੋਏ। ਕੋਈ ਅਦਾਰਾ ਨਹੀਂ ਸੀ ਬਚਿਆ, ਜੋ ਸਮਾਗਮ ਵਿਚ ਸ਼ਾਮਿਲ ਨਾ ਹੋਇਆ ਹੋਵੇ। ਸੰਗਰੂਰ ਦੇ ਐੱਮ.ਪੀ. ਸ੍ਰੀ ਵਿਜੇਇੰਦਰ ਸਿੰਗਲਾ (ਤਤਕਾਲੀਨ ਪੰਜਾਬ ਦੇ ਕੈਬਨਿਟ ਮੰਤਰੀ) ਨੇ ਵੀ ਸ਼ਹੀਦਾਂ ਨੂੰ ਯਾਦ ਕੀਤਾ ਅਤੇ ਕਾਲੇਕਾ ਪਰਿਵਾਰ ਦੇ ਪਿਛੋਕੜ ਬਾਰੇ ਸੰਗਤ ਨੂੰ ਦੱਸਿਆ। ਸ੍ਰੀਮਤੀ ਸੋਨੀਆ ਗਾਂਧੀ ਜੋ ਕਿ ਉਸ ਵੇਲੇ ਭਾਰਤੀ ਕਾਂਗਰਸ ਪਾਰਟੀ ਦੇ ਪ੍ਰਧਾਨ ਸਨ, ਦੀ ਚਿੱਠੀ ਲੈ ਕੇ ਪਹੁੰਚੀ ਮਹਾਰਾਣੀ ਪਰਨੀਤ ਕੌਰ (ਸਾਬਕਾ ਉਪ ਵਿਦੇਸ਼ ਮੰਤਰੀ, ਭਾਰਤ ਸਰਕਾਰ) ਨੇ ਸੰਗਤ ਨੂੰ ਸੰਬੋਧਨ ਕੀਤਾ ਅਤੇ ਆਪਣੇ ਪਰਿਵਾਰ ਅਤੇ ਕਾਂਗਰਸ ਪਾਰਟੀ ਵੱਲੋਂ ਅਫ਼ਸੋਸ ਜ਼ਾਹਿਰ ਕੀਤਾ। ਬੁੱਢਾ ਦਲ ਦੇ ਮੁੱਖੀ ਸ. ਬਲਬੀਰ ਸਿੰਘ ਨੇ ਵੀ ਸੰਗਤ ਨੂੰ ਸੰਬੋਧਿਤ ਕੀਤਾ। ਐੱਸ.ਜੀ.ਪੀ.ਸੀ. ਦੇ ਉਸ ਵੇਲੇ ਦੇ ਪ੍ਰਧਾਨ ਸ. ਅਵਤਾਰ ਸਿੰਘ ਮੱਕੜ ਨੇ ਸੰਗਤ ਨੂੰ ਸੰਬੋਧਿਤ ਕਰਦਿਆਂ ਅਫ਼ਸੋਸ ਪ੍ਰਗਟਾਇਆ ਅਤੇ ਸ. ਸਤਵੰਤ ਸਿੰਘ ਕਾਲੇਕਾ ਅਤੇ ਲਫਟੈਣ ਬ੍ਰਾਇਨ ਮਰਫੀ ਨੂੰ ਗੋਲਡ ਮੈਡਲ ਦੇਣ ਦਾ ਐਲਾਨ ਕੀਤਾ। ਨਾਲ ਹੀ ਉਹਨਾਂ ਨੇ ਦੱਸਿਆ ਕਿ ਸ. ਸਤਵੰਤ ਸਿੰਘ ਕਾਲੇਕਾ ਦੀ ਬਹਾਦਰੀ ਅਤੇ ਸ਼ਹਾਦਤ ਨੂੰ ਸਤਿਕਾਰਿਆ ਜਾਵੇਗਾ।

ਇਸ ਮੌਕੇ ਕੈਪਟਨ ਅਮਰਿੰਦਰ ਸਿੰਘ ਜੋ ਪੰਜਾਬ ਕਾਂਗਰਸ ਪਾਰਟੀ ਦੇ ਪ੍ਰਧਾਨ ਸਨ ਸਮੇਤ ਕਈ ਹੋਰ ਲੀਡਰਾਂ ਦੇ ਸੁਨੇਹੇ ਵੀ ਆਏ। ਪੰਜਾਬ ਦੇ ਤਤਕਾਲੀਨ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਵੱਲੋਂ ਸ. ਕੋਹਾੜ ਜੋ ਕਿ ਸੀਨੀਅਰ ਮੰਤਰੀ ਸਨ, ਪ੍ਰਤੀਨਿਧਤਾ ਕਰ ਰਹੇ ਸਨ। ਸਾਰੇ ਸਮਾਗਮ ਵਿਚ ਸਟੇਜ ਸੰਭਾਲਣ ਦੀ ਸੇਵਾ ਸ਼ਹੀਦ ਸਤਵੰਤ ਸਿੰਘ ਦੇ ਸਾਬਕਾ ਅਧਿਆਪਕ ਡਾ. ਰਣਬੀਰ ਸਿੰਘ ਸਰਾਓ ਨੇ ਕੀਤੀ। ਸ. ਸੁਰਜੀਤ ਸਿੰਘ ਰੱਖੜਾ ਨੇ ਪਰਿਵਾਰ ਵੱਲੋਂ ਆਈ ਸਾਰੀ ਸੰਗਤ ਦਾ ਧੰਨਵਾਦ ਕੀਤਾ।

12 ਸਤੰਬਰ ਨੂੰ ਸਾਡੇ ਜੱਦੀ ਪਿੰਡ ਦੁਗਾਲ ਵਾਸੀਆਂ ਦੇ ਕਹਿਣ ’ਤੇ ਇੱਕ

ਸਮਾਗਮ ਦੁਗਾਲ ਪਿੰਡ ਵਿਖੇ ਕਰਵਾਇਆ ਗਿਆ ਜਿਸ ਵਿਚ ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਸ਼ਾਮਿਲ ਹੋਏ। ਉਹਨਾਂ ਨੇ ਰੱਖੜਾ ਪਰਿਵਾਰ ਵੱਲੋਂ ਚਲਾਇਆ ਮੈਗਜ਼ੀਨ ਸਮੁੰਦਰੋਂ ਪਾਰ ਦਾ ਵਿਸ਼ੇਸ਼ ਅੰਕ ਜੋ ਸਤਵੰਤ ਸਿੰਘ ਕਾਲੇਕਾ ਬਾਰੇ ਅਤੇ ਸ਼ਹੀਦਾਂ ਬਾਰੇ ਸੀ, ਰਿਲੀਜ਼ ਕੀਤਾ ਅਤੇ ਉਸ ਦੀਆਂ ਚਾਰ ਹਜ਼ਾਰ ਕਾਪੀਆਂ ਵੰਡੀਆਂ ਗਈਆਂ। ਉਹਨਾਂ ਨੇ ਆਪਣੇ ਦਿਲ ਦੀਆਂ ਗਹਿਰਾਈਆਂ ਵਿਚੋਂ ਇਸ ਮੌਕੇ 'ਤੇ ਅਫ਼ਸੋਸ ਕੀਤਾ ਅਤੇ ਸੰਗਤ ਨੂੰ ਦੱਸਿਆ ਕਿ ਅਮਰੀਕਾ ਜੋ ਪ੍ਰੋਗਰਾਮ 12 ਅਗਸਤ 2012 ਨੂੰ ਹੋਇਆ ਸੀ ਉਹ ਬਹੁਤ ਹੀ ਵੱਡੇ ਪੱਧਰ ਦਾ ਸੀ। ਲੋਕਾਂ ਨੇ ਦੁਗਾਲ ਦੇ ਸਕੂਲ ਦਾ ਨਾਂ ਸਤਵੰਤ ਦੇ ਨਾਂ ਉਤੇ ਰੱਖਣ ਲਈ ਬੇਨਤੀ ਕੀਤੀ, ਜੋ ਬਾਦਲ ਸਾਹਿਬ ਨੇ ਪ੍ਰਵਾਨ ਕਰ ਲਈ। ਪਿੰਡ ਵਾਸੀਆਂ ਨੇ ਪਿੰਡ ਵਿਚ ਸਤਵੰਤ ਦਾ ਬੁੱਤ ਲਗਾਉਣ ਲਈ ਵੀ ਅਰਜ਼ੋਈ ਕੀਤੀ। ਬਾਦਲ ਸਾਹਿਬ ਨੇ ਆਸ਼ਵਾਸਨ ਦਿਵਾਇਆ ਕਿ ਦੋਵੇਂ ਕੰਮ ਜਲਦੀ ਹੋ ਜਾਣਗੇ। ਪਿੰਡ ਦੇ ਸਕੂਲ ਦਾ ਨਾਂ ਬਦਲ ਕੇ ਸਤਵੰਤ ਦੇ ਨਾਂ ਤੇ ਹੋ ਚੁੱਕਾ ਹੈ। ਪ੍ਰੰਤੂ ਸ਼ਹੀਦ ਦੀ ਪਤਨੀ ਦੇ ਕਹਿਣ ਤੇ ਕਿ ਛੋਟੀਆਂ ਥਾਵਾਂ ਤੇ ਬੁੱਤ ਦੀ ਚੰਗੀ ਤਰ੍ਹਾਂ ਸਾਂਭ-ਸੰਭਾਲ ਨਹੀਂ ਹੁੰਦੀ, ਇਸ ਲਈ ਪਿੰਡ ਵਿਚ ਬੁੱਤ ਲਗਾਉਣ ਦਾ ਵਿਚਾਰ ਡਰਾਪ ਕਰ ਦਿੱਤਾ ਹੈ। ਮੈਂ ਵੱਡੇ ਭਰਾ ਦੇ ਰੂਪ ਵਿਚ ਇਸ ਸਕੂਲ ਨੂੰ ਅਪਣਾ ਲਿਆ ਹੈ ਅਤੇ ਆਪਣੇ ਜੀਵਨ ਕਾਲ ਤੱਕ 51 ਹਜ਼ਾਰ ਰੁਪਏ ਸਾਲਾਨਾ ਦੇਣ ਦਾ ਵਾਅਦਾ ਕੀਤਾ ਹੈ। ਇਸ ਖ਼ਰਚੇ ਦੀ ਦੇਖਭਾਲ ਲਈ ਇਕ ਕਮੇਟੀ ਬਣਾ ਦਿੱਤੀ ਹੈ।

ਇੱਧਰ 28 ਅਗਸਤ 2012 ਨੂੰ ਪੰਜਾਬ ਕੈਬਨਿਟ ਦੀ ਉਚੇਚੀ ਮੀਟਿੰਗ ਹੋਈ ਜਿਸ ਵਿਚ ਸ. ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠ ਦੋ ਮਿੰਟ ਦਾ ਮੋਨ ਰੱਖ ਕੇ ਸ਼ਹੀਦਾਂ ਦੀ ਯਾਦ ਵਿਚ ਅਫ਼ਸੋਸ ਕੀਤਾ ਗਿਆ।

16 ਨਵੰਬਰ 2017 ਨੂੰ ਸ਼ਹੀਦ ਸਤਵੰਤ ਸਿੰਘ ਕਾਲੇਕਾ ਦੀ ਸ਼ਹਾਦਤ ਨੂੰ ਸਤਿਕਾਰਨ ਵੱਜੋਂ ਉਸ ਦਾ ਚਿੱਤਰ ਸਿੱਖ ਅਜਾਇਬ ਘਰ, ਸ੍ਰੀ ਹਰਿਮੰਦਰ ਸਾਹਿਬ ਵਿਚ ਲਗਾਇਆ ਗਿਆ ਹੈ ਤਾਂ ਜੋ ਆਉਣ ਵਾਲੀਆਂ ਪੀੜੀਆਂ ਇਹਨਾਂ ਦੀ ਬਹਾਦਰੀ ਤੋਂ ਪ੍ਰੇਰਨਾ ਲੈ ਸਕਣ। 16 ਨਵੰਬਰ, 2017 ਨੂੰ ਵਿਸ਼ੇਸ਼ ਸਮਾਗਮ ਵਿਚ ਸਤਵੰਤ ਦੀ ਪਤਨੀ ਤੋਂ ਇਲਾਵਾ ਮੈਂ, ਮੇਰੀ ਪਤਨੀ ਅਤੇ ਮੇਰੀ ਵੱਡੀ ਭੈਣ ਪ੍ਰੋਫੈਸਰ ਜਸਵਿੰਦਰ ਕੌਰ ਢਿੱਲੋਂ ਨੇ ਹਿੱਸਾ ਲਿਆ। ਮੀਡੀਆ ਦੇ ਕਾਫ਼ੀ ਪ੍ਰਤੀਨਿਧ ਆਏ ਹੋਏ ਸਨ। ਉਹਨਾਂ ਨੇ ਸ਼ਹੀਦ ਦੀ ਪਤਨੀ ਸਤਪਾਲ ਕੌਰ ਅਤੇ ਮੇਰੇ ਨਾਲ ਗੱਲ ਕੀਤੀ ਅਤੇ ਸਵਾਲ ਪੁੱਛੇ। ਸਤਪਾਲ ਕੌਰ ਨੇ ਐਸ.ਜੀ.ਪੀ.ਸੀ. ਦੇ ਇਸ ਕਦਮ 'ਤੇ ਸੰਤੁਸ਼ਟਤਾ ਜਤਾਈ। ਜਦ ਮੇਰੇ ਤੋਂ ਇਹ ਸਵਾਲ ਪੁੱਛਿਆ ਕਿ, ਕੀ ਤੁਹਾਡੇ ਭਰਾ ਨੇ ਐਸਾ ਕਰਕੇ ਠੀਕ ਕੀਤਾ ਤਾਂ ਮੈਂ ਇਹ ਉੱਤਰ ਦਿੱਤਾ,"ਸਤਵੰਤ ਨੇ ਉਹੀ ਕੀਤਾ ਜੋ ਹਰ ਸਿੱਖ ਨੂੰ ਸੰਗਤ ਨੂੰ ਬਚਾਉਣ ਵਾਸਤੇ ਅਤੇ ਗੁਰਦੁਆਰਾ ਸਾਹਿਬ ਦੀ ਸ਼ਾਨ ਨੂੰ ਬਰਕਰਾਰ ਰੱਖਣ ਲਈ ਕਰਨਾ ਚਾਹੀਦਾ ਹੈ। ਮੈਨੂੰ ਮਾਣ ਹੈ ਕਿ ਸਤਵੰਤ ਨੇ ਅੱਛਾ ਕੰਮ ਕੀਤਾ।" ਸ਼੍ਰੋਮਣੀ ਕਮੇਟੀ ਦਾ ਇਹ ਕਦਮ ਸ਼ਲਾਘਾਯੋਗ ਹੈ। ਉਹਨਾਂ ਨੇ ਉਹੀ ਕੀਤਾ ਜੋ ਉਹਨਾਂ ਨੇ ਵਾਅਦਾ ਕੀਤਾ ਸੀ

# ਸਤਵੰਤ ਦੇ ਨਾਨਕਿਆਂ 'ਤੇ ਸਿੰਘ ਸਭਾ ਲਹਿਰ ਦਾ ਅਸਰ

ਤਕਰੀਬਨ 1880 ਵਿਚ ਪੰਜਾਬ ਵਿਚ ਸਿੰਘ ਸਭਾ ਲਹਿਰ ਸ਼ੁਰੂ ਹੋਈ। ਇਸ ਲਹਿਰ ਦੇ ਆਉਣ ਦੇ ਦੋ ਕਾਰਣ ਸਨ। ਇਕ ਪਾਸੇ ਆਰੀਆ ਸਮਾਜ ਪੰਜਾਬ ਵਿੱਚ ਵੱਧ ਫੁੱਲ ਰਿਹਾ ਸੀ ਤੇ ਸਿੱਖਾਂ ਨੂੰ ਹਿੰਦੂ ਬਣਾਉਣ ਲਈ ਪ੍ਰੇਰਿਆ ਜਾ ਰਿਹਾ ਸੀ। ਦੂਜੇ ਪਾਸੇ ਮਹਾਰਾਜਾ ਰਣਜੀਤ ਸਿੰਘ ਦੀ ਸਲਤਨਤ ਖਤਮ ਹੋਣ ਨਾਲ ਅੰਗਰੇਜ਼ਾਂ ਦਾ ਪ੍ਰਭਾਵ ਪੰਜਾਬ ਵਿਚ ਤੇਜ਼ੀ ਨਾਲ ਵੱਧ ਰਿਹਾ ਸੀ। ਅੰਗਰੇਜ਼ ਪੰਜਾਬ ਵਿਚ ਈਸਾਈ ਧਰਮ ਦਾ ਪਸਾਰ ਕਰਨਾ ਚਾਹੁੰਦੇ ਸਨ। ਪੰਜਾਬ ਦੇ ਕੁਝ ਇਲਾਕਿਆਂ ਵਿਚ ਕਈ ਲੋਕਾਂ ਨੇ ਈਸਾਈ ਧਰਮ ਧਾਰਨ ਵੀ ਕਰ ਲਿਆ ਸੀ। ਇਹਨਾਂ ਦੋਵਾਂ ਸਾਜ਼ਿਸ਼ਾਂ ਤੋਂ ਸਿੱਖ ਧਰਮ ਨੂੰ ਬਚਾਉਣ ਲਈ ਇਹ ਲਹਿਰ ਹੋਂਦ ਵਿਚ ਆਈ, ਜਿਸ ਵਿਚ ਵੱਡੇ-ਵੱਡੇ ਬੁੱਧੀਜੀਵੀ ਭਾਈ ਵੀਰ ਸਿੰਘ ਅਤੇ ਭਾਈ ਕਾਨ੍ਹ ਸਿੰਘ ਨਾਭਾ ਆਦਿ ਸਖ਼ਸ਼ੀਅਤਾਂ ਨੇ ਵੀ ਹਿੱਸਾ ਲਿਆ। ਹਜ਼ਾਰਾਂ ਇਸ਼ਤਿਹਾਰ ਪਿੰਡ-ਪਿੰਡ ਜਾ ਕੇ ਘਰ ਘਰ ਵੰਡੇ ਗਏ। ਧਰਮ ਦਾ ਪ੍ਰਚਾਰ ਕੀਤਾ ਅਤੇ ਲੋਕਾਂ ਨੂੰ ਅੰਮ੍ਰਿਤ ਪਾਨ ਕਰਵਾਇਆ। ਤਕਰੀਬਨ 1890 ਤੱਕ ਸਾਰੇ ਪੰਜਾਬ ਦੇ ਸਿੱਖ ਰਾਜੇ, ਮਹਾਰਾਜੇ ਅਤੇ ਹੋਰ ਸਿੱਖ ਸਰਦਾਰ ਇਸ ਲਹਿਰ ਦਾ ਹਿੱਸਾ ਬਣ ਗਏ।

ਇਸ ਲਹਿਰ ਦਾ ਉਦੇਸ਼ ਸਿੱਖਾਂ ਨੂੰ ਉਹ ਜਿਹਾ ਜੀਵਨ ਜਿਊਣ ਦੀ ਸਿੱਖਿਆ ਦੇਣਾ ਸੀ, ਜਿਹੋ ਜਿਹਾ ਜੀਵਨ ਗੁਰੂ ਸਾਹਿਬਾਨਾਂ ਨੇ ਆਪਣੇ ਸਿੱਖਾਂ ਲਈ ਉਲੀਕਿਆ ਸੀ। ਇਸ ਵਿਚ ਅੰਮ੍ਰਿਤ ਪਾਨ ਕਰਨਾ, ਸਾਦਾ ਜੀਵਨ ਜਿਊਣਾ, ਮਿਹਨਤ ਅਤੇ ਹੱਕ ਦੀ ਕਮਾਈ ਕਰਨਾ ਸ਼ਾਮਲ ਸੀ। ਆਪਣੀ ਅਣਖ ਇੱਜ਼ਤ ਦੇ ਨਾਲ-ਨਾਲ ਦੂਜੇ ਦੇ ਮਾਨ-ਸਨਮਾਨ ਦੀ ਰਾਖੀ ਲਈ ਵੀ ਲੜਨਾ ਇਸ ਲਹਿਰ ਦਾ ਹਿੱਸਾ ਸੀ। ਗੁਰਦੁਆਰਿਆਂ ਦੀ ਮਰਯਾਦਾ ਕਾਇਮ ਰੱਖਣਾ, ਵਿਆਹਾਂ-ਸ਼ਾਦੀਆਂ ਵਿਚ ਦਹੇਜ਼ ਪ੍ਰਥਾ ਨੂੰ ਖ਼ਤਮ ਕਰਨਾ ਅਤੇ ਵਿਆਹ ਦੇ ਪ੍ਰੋਗਰਾਮਾਂ ਵਿਚ ਨਾਚ ਗਿੱਧਿਆਂ ਦੀ ਜਗ੍ਹਾ ਕੇਵਲ ਗੁਰਬਾਣੀ ਦੇ ਸ਼ਬਦਾਂ ਨੂੰ ਤਰਜੀਹ ਦੇਣੀ ਆਦਿ ਸ਼ਾਮਿਲ ਸਨ। ਸਾਡੇ ਨਾਨਕੇ ਪਰਿਵਾਰ ਨੇ ਵੀ ਇਸ ਲਹਿਰ ਵਿਚ ਵੱਧ ਚੜ੍ਹ ਕੇ ਹਿੱਸਾ ਲਿਆ ਅਤੇ ਆਪਣਾ ਬਣਦਾ ਯੋਗਦਾਨ ਪਾਇਆ। ਸਿੰਘ ਸਭਾ ਲਹਿਰ ਨੇ ਮੁੜ ਸਿੱਖਾਂ ਨੂੰ ਲੱਖਾਂ ਦੀ ਗਿਣਤੀ ਵਿਚ ਅੰਮ੍ਰਿਤ ਸੰਚਾਰ ਕਰਾ ਕੇ ਗੁਰੂ ਨਾਲ ਜੋੜਿਆ ਅਤੇ ਕੁਰਹਿਤਾਂ ਤੋਂ ਬਚਾਇਆ। ਮੇਰੇ ਦੋਵੇਂ ਨਾਨੇ ਅਤੇ ਤਿੰਨੇ ਮਾਮੇ ਅੰਮ੍ਰਿਤਧਾਰੀ ਸਿੱਖ ਸਨ ਅਤੇ ਇਹਨਾਂ ਦੀ ਰਹਿਣੀ ਵੀ ਗੁਰਮਤਿ ਅਨੁਸਾਰ ਹੀ ਸੀ।

**ਮੇਰੇ ਪਿਤਾ ਜੀ ਦਾ ਵਿਆਹ:-** ਮੇਰੇ ਪਿਤਾ ਦਾ ਵਿਆਹ 1931 ਵਿਚ ਭੈਣੀ ਫੱਤਾ ਵਿਖੇ ਹੋਇਆ ਅਤੇ ਇਸ ਵਿਆਹ ਦਾ ਵਿਚੋਲਾ ਸ. ਗੁਰਨਾਮ ਸਿੰਘ ਸੀ, ਜੋ ਕਿ

ਪਟਿਆਲਾ ਰਿਆਸਤ ਵਿਚ ਜੱਜ ਸੀ ਅਤੇ ਮੇਰੇ ਦਾਦਾ ਜੀ ਕੈਪਟਨ ਸ. ਕਪੂਰ ਸਿੰਘ ਜੀ ਦਾ ਨੇੜੇ ਦਾ ਦੋਸਤ ਸੀ। ਗੁਰਨਾਮ ਸਿੰਘ ਦਾ ਇੱਕਲੌਤਾ ਲੜਕਾ ਸ. ਮਿਹਰ ਸਿੰਘ ਦੀਆਂ ਦੋ ਪਤਨੀਆਂ ਸਨ ਜੋ ਸਕੀਆਂ ਭੈਣਾ ਸਨ ਅਤੇ ਮੇਰੇ ਨਾਨਾ ਜੋਗਿੰਦਰ ਸਿੰਘ ਦੇ ਭੂਆ ਜੀ ਦੀਆਂ ਲੜਕੀਆਂ ਸਨ। ਉਹਨਾਂ ਦਿਨਾਂ ਵਿਚ ਸਰਦਾਰ ਪਰਿਵਾਰਾਂ ਵਿਚ ਸੋਨੇ ਦੀਆਂ ਮੋਹਰਾਂ (ਅੱਠਮਾਸੀਆਂ) ਲੈਣ-ਦੇਣ ਦਾ ਰਿਵਾਜ ਸੀ। ਦਾਦਾ ਜੀ ਨੇ ਆਪਣੇ ਦੋਸਤ ਜੱਜ ਸਾਹਿਬ ਨੂੰ ਕਿਹਾ ਮੇਰਾ ਲੜਕਾ ਪ੍ਰੀਤਮ ਸਿੰਘ ਲਫਟੈਣ ਹੈ ਤੇ ਅਸੀਂ ਦੁਗਾਲ ਦੇ ਸਰਦਾਰ ਹਾਂ, ਸਾਡੀ ਇੱਜ਼ਤ ਵਾਸਤੇ ਸਾਨੂੰ 21 ਮੋਹਰਾਂ ਦਿਵਾ ਦੇਣਾ। ਜੱਜ ਸਾਹਿਬ ਨੇ ਦਾਦਾ ਜੀ ਨੂੰ ਕਿਹਾ ਭੈਣੀ ਫੱਤਾ ਵਾਲੇ ਵੀ ਅਮੀਰ ਬੰਦੇ ਹਨ, ਸੋ ਇਹ ਕੋਈ ਸਮੱਸਿਆ ਵਾਲੀ ਗੱਲ ਨਹੀਂ ਹੋਣੀ ਚਾਹੀਦੀ। ਜਦੋਂ ਵਿਆਹ ਹੋਇਆ ਤੇ ਜੰਞ ਭੈਣੀ ਫੱਤੋ ਤੋਂ ਪਟਿਆਲਾ ਵਾਪਸ ਆਉਣ ਵਾਲੀ ਸੀ ਤਾਂ ਮੇਰੇ ਨਾਨਕਿਆਂ ਨੇ ਸਵਾ ਰੁਪਏ ਦਾ ਸ਼ਗਨ ਕੀਤਾ ਤੇ ਪੰਜ ਕਕਾਰ ਦਿੱਤੇ। ਜੱਜ ਸਾਹਿਬ ਦੇ ਕਹਿਣ ਤੇ ਕਿ ਇਹ ਤੁਸੀਂ ਕੀ ਕੀਤਾ, ਸਾਡੇ ਨਾਨਾ ਜੀ ਸ. ਜੋਗਿੰਦਰ ਸਿੰਘ ਜੀ ਨੇ ਕਿਹਾ, "ਗੁਰਸਿੱਖੀ ਰਿਵਾਜ ਇਹੀ ਹੈ।" ਜੱਜ ਸਾਹਿਬ ਨੇ ਅੱਗੋਂ ਸ. ਜੋਗਿੰਦਰ ਸਿੰਘ ਨੂੰ ਕਿਹਾ ਕਿ ਇਹ ਲੜਕਾ ਲਫਟੈਣ ਹੈ ਅਤੇ ਉੱਘੇ ਸਰਦਾਰ ਪਰਿਵਾਰ ਦਾ ਲੜਕਾ ਹੈ। ਸ. ਜੋਗਿੰਦਰ ਸਿੰਘ ਨੇ ਕਿਹਾ ਕਿ ਸਾਨੂੰ ਸਰਦਾਰਾਂ ਤੇ ਜੱਟਾਂ ਵਿਚ ਅਤੇ ਅਫ਼ਸਰ ਤੇ ਸਿਪਾਹੀ ਵਿਚ ਕੋਈ ਫਰਕ ਨਹੀਂ ਲੱਗਦਾ। ਜੱਜ ਸਾਹਿਬ ਦੇ ਕਹਿਣ 'ਤੇ ਕਿ ਤੁਸੀਂ ਕਿਹੋ ਜਿਹਾ ਲੜਕਾ ਲੱਭਣਾ ਸੀ। ਸ. ਜੋਗਿੰਦਰ ਸਿੰਘ ਨੇ ਕਿਹਾ, "ਸਾਡੇ ਇਲਾਕੇ ਵਿਚ ਪਲਾੜੇ ਦਾ ਮੇਲਾ ਲੱਗਦਾ ਹੈ। ਕੋਈ ਸੋਹਣਾ ਸੁਣਖਾ ਬੱਚਾ ਦੇਖ ਕੇ ਮੈਂ ਇਹੀ ਪੁਛਣਾ ਸੀ ਕਿ ਕਾਕਾ ਤੁਹਾਡਾ ਗੋਤ ਕੀ ਹੈ? ਤੁਸੀਂ ਕਿਹੜੇ ਪਿੰਡ ਦੇ ਹੋ। ਸਾਨੂੰ ਤਾਂ ਕਿਉਂਕਿ ਸਾਰੇ ਲੋਕ ਹੀ ਜਾਣਦੇ ਹਨ ਸਾਡਾ ਇਹ ਦੱਸਣਾ ਹੀ ਕਾਫੀ ਹੈ ਕਿ ਮੈਂ ਜੋਗਿੰਦਰ ਸਿੰਘ ਭੈਣੀ ਫੱਤਾ ਪਿੰਡ ਦਾ ਹਾਂ। ਮੈਂ ਕਿਸੇ ਵੀ ਗੈਰ ਸਿੱਧੂ ਨੂੰ ਇਕ ਰੁਪਏ ਉਥੇ ਹੀ ਸ਼ਗਨ ਕਰ ਦੇਣਾ ਸੀ।" ਉਹਨਾਂ ਦਿਨਾਂ ਵਿਚ ਲੋਕਾਂ ਦੇ ਮਨ ਖੁੱਲ੍ਹੇ ਹੁੰਦੇ ਸਨ।

ਮੇਰੇ ਨਾਨਕੇ ਅਣਖ ਤੇ ਇੱਜ਼ਤ ਵਾਲੇ ਲੋਕ ਸਨ। ਮੇਰੇ ਪੜਨਾਨਾ ਸ. ਬਸੰਤ ਸਿੰਘ ਜ਼ਮੀਨ ਹੋਣ ਤੋਂ ਇਲਾਵਾ ਸ਼ਾਹੂਕਾਰੇ ਦਾ ਕੰਮ ਵੀ ਕਰਦੇ ਸਨ। ਇਸ ਲਈ ਆਰਥਿਕ ਤੌਰ ਤੇ ਇਲਾਕੇ ਦੇ ਸਿਰਕੱਢ ਲੋਕਾਂ ਵਿਚੋਂ ਸਨ। ਉਹ ਸਿਰਫ ਆਪਣੀ ਅਣਖ ਵਾਸਤੇ ਹੀ ਨਹੀਂ ਸੀ ਖੜ੍ਹਦੇ, ਬਲਕਿ ਲੋਕਾਂ ਨਾਲ ਧੱਕਾ ਹੁੰਦਾ ਦੇਖ ਕੇ ਵੀ ਉਹਨਾਂ ਨਾਲ ਖੜ੍ਹਦੇ ਸਨ। ਇੱਕ ਵਾਰੀ ਮੇਰੇ ਨਾਨਾ ਜੀ ਸ. ਜੋਗਿੰਦਰ ਸਿੰਘ ਆਪਣੇ ਮਾਤਾ ਜੀ ਨਾਲ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਖੇ ਮੱਥਾ ਟੇਕਣ ਜਾ ਰਹੇ ਸਨ। ਰੇਲ ਗੱਡੀ ਵਿਚ ਸਫ਼ਰ ਕਰਦੇ ਦੌਰਾਨ ਦੋ ਨੌਜਵਾਨ ਇੱਕ ਲੜਕੀ ਨੂੰ ਇੱਕਲੀ ਦੇਖ ਕੇ ਉਸ ਨੂੰ ਛੇੜਨ ਲੱਗੇ। ਨਾਨਾ ਜੀ ਸ. ਜੋਗਿੰਦਰ ਸਿੰਘ ਜੀ ਖੜ੍ਹੇ ਹੋ ਗਏ ਅਤੇ ਉਹਨਾਂ ਦਾ ਵਿਰੋਧ ਕੀਤਾ। ਉਹਨਾਂ ਨੇ ਨੌਜਵਾਨਾਂ ਨੂੰ ਕਿਹਾ, "ਲੜਕੀ ਤੱਕ ਪਹੁੰਚਣ ਲਈ ਪਹਿਲਾਂ ਤੁਹਾਨੂੰ ਮੇਰੇ ਨਾਲ ਲੜਨਾ ਪਵੇਗਾ।" ਉਥੇ ਤਾਂ ਉਹ ਚੁੱਪ ਹੋ ਗਏ। ਕੁਝ

ਘੰਟਿਆਂ ਬਾਅਦ ਉਹ ਹਰਿਮੰਦਰ ਸਾਹਿਬ ਪਹੁੰਚ ਗਏ। ਇਹ ਕੋਈ 1920 ਕੁ ਦੀ ਗੱਲ ਹੈ। ਜੋ ਸੁੰਦਰ ਵਰਾਂਡੇ ਹੁਣ ਬਣੇ ਹੋਏ ਹਨ ਉਸ ਸਮੇਂ ਨਹੀਂ ਸਨ। ਉਹਨਾਂ ਦਿਨਾਂ ਵਿਚ ਸ਼ਰਧਾਲੂ ਆਪਣੇ ਮੰਜੇ ਕਿਰਾਏ 'ਤੇ ਲਿਆਂਦੇ ਸਨ ਤੇ ਦਰਖਤਾਂ ਦੀ ਛਾਂ ਹੇਠ ਬੈਠ ਕੇ ਹੀ ਦੁਪਹਿਰਾ ਕੱਟਦੇ ਸਨ। ਉਸ ਸਮੇਂ ਨਾਨਾ ਜੀ ਤਕਰੀਬਨ 25 ਕੁ ਸਾਲ ਦੇ ਸਨ ਤੇ ਉਹਨਾਂ ਦੇ ਮਾਤਾ ਜੀ 50 ਸਾਲ ਦੇ। ਮਾਤਾ ਜੀ ਜਾਗ ਰਹੇ ਸਨ ਅਤੇ ਨਾਨਾ ਜੀ ਸੌਂ ਰਹੇ ਸਨ। ਉਹੀ ਨੌਜਵਾਨ ਜੋ ਰੇਲਗੱਡੀ ਵਿਚ ਬੇਬਸ ਲੜਕੀ ਨੂੰ ਤੰਗ ਕਰ ਰਹੇ ਸਨ, ਆਪਣੇ ਸਾਥੀਆਂ ਸਮੇਤ ਸੋਟੀਆਂ ਲੈ ਕੇ ਆ ਗਏ। ਨਾਨਾ ਜੀ ਦੇ ਮਾਤਾ ਇੰਨੇ ਬਹਾਦਰ ਸਨ ਕਿ ਆਪਣੇ ਪੁੱਤਰ ਜੋਗਿੰਦਰ ਸਿੰਘ ਨੂੰ ਕਿਹਾ "ਮੰਜੇ ਦੀ ਬਾਹੀ ਤੋੜ ਤੇ ਮੁਕਾਬਲਾ ਕਰ।" ਪਹਿਲੀਆਂ ਦੋ ਤਿੰਨ ਸੋਟੀਆਂ ਨਾਨਾ ਜੀ ਦੇ ਮਾਤਾ ਜੀ ਨੇ ਆਪਣੀਆਂ ਬਾਹਾਂ 'ਤੇ ਝੱਲੀਆਂ। ਇੰਨੇ ਵਿਚ ਨਾਨਾ ਜੀ ਨੇ ਟੰਗ ਦੇ ਜ਼ੋਰ ਨਾਲ ਮੰਜੇ ਦਾ ਪਾਵਾ ਤੋੜ ਦਿੱਤਾ। ਮੰਜੇ ਦੀ ਬਾਹੀ ਕੱਢ ਕੇ ਉਹਨਾਂ ਬੰਦਿਆਂ ਨਾਲ ਲੜੇ। ਉਹਨਾਂ ਦਿਨਾਂ ਵਿਚ ਨਾ ਹੀ ਇੰਨੇ ਸ਼ਰਧਾਲੂ ਮੱਥਾ ਟੇਕਣ ਆਉਂਦੇ ਸਨ ਅਤੇ ਨਾ ਹੀ ਗੁਰਦੁਆਰੇ ਇੰਨੇ ਸੇਵਾਦਾਰ ਹੁੰਦੇ ਸਨ, ਜੋ ਸੰਗਤ ਦੀ ਰਖਵਾਲੀ ਕਰ ਸਕਣ। ਜਿਸ ਕਰਕੇ ਉਹਨਾਂ ਸਮਿਆਂ ਵਿਚ ਹਰ ਇਕ ਨੂੰ ਆਪਣੀ ਰਖਵਾਲੀ ਆਪ ਹੀ ਕਰਨੀ ਪੈਂਦੀ ਸੀ।

ਮੇਰੇ ਨਾਨਕੇ ਸਿੱਧੂ ਬਰਾੜ ਹਨ। ਬਰਾੜ ਇੱਕ ਜੱਟ ਗੋਤ ਹੈ, ਜਿਹਨਾਂ ਦੀ ਤਾਰੀਫ ਗੁਰੂ ਗੋਬਿੰਦ ਸਿੰਘ ਜੀ ਨੇ ਜ਼ਫ਼ਰਨਾਮੇ ਵਿਚ ਵੀ ਕੀਤੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਔਰੰਗਜੇਬ ਨੂੰ ਚਿੱਠੀ ਲਿਖੀ ਅਤੇ ਉਸ ਨੂੰ ਮਾਲਵੇ ਵਿਚ ਆਉਣ ਲਈ ਸੱਦਾ ਦਿੱਤਾ। ਉਸੇ ਜਗ੍ਹਾ ਵਿਚ ਇਸ ਕੌਮ ਦਾ ਨਾਮ ਆਉਂਦਾ ਹੈ। ਗੁਰੂ ਸਾਹਿਬ ਨੇ ਕਿਹਾ ਕਿ ਬਰਾੜ ਕੌਮ ਦਾ ਇਥੇ ਬੋਲਬਾਲਾ ਹੈ ਅਤੇ ਇਹ ਮੇਰੇ ਹੁਕਮ ਵਿਚ ਹਨ। ਉਹੀ ਬਰਾੜ ਕੌਮ ਦਾ ਪਰਿਵਾਰ ਇਹ ਸੀ, ਜਿਸ ਦੀ ਅੱਜ ਗੱਲ ਹੋ ਰਹੀ ਹੈ।

**ਬਹਾਵਲਪੁਰ ਵਿਚ ਓਡਾਂ ਤੇ ਨਾਨਕੇ ਪਰਿਵਾਰ ਦੀ ਲੜਾਈ:-** ਸ. ਜੋਗਿੰਦਰ ਸਿੰਘ ਦੇ ਪਿਤਾ ਸ. ਬਸੰਤ ਸਿੰਘ ਬਹੁਤ ਪਹਿਲਾਂ ਹੀ ਸੁਰਗਵਾਸ ਹੋ ਗਏ ਸਨ। 1932 ਵਿਚ ਆਪਣੀ ਮਾਤਾ ਨੂੰ ਲੈ ਕੇ ਦੋਵੇਂ ਭਰਾ ਸ. ਜੋਗਿੰਦਰ ਸਿੰਘ ਅਤੇ ਸ. ਸ਼ਮਸ਼ੇਰ ਸਿੰਘ ਬਹਾਵਲਪੁਰ ਸਟੇਟ ਵਿਚ ਜ਼ਮੀਨ ਆਬਾਦ ਕਰਨ ਚਲੇ ਗਏ। ਇਹਨਾਂ ਦੀ ਜ਼ਮੀਨ ਬਹਾਵਲਪੁਰ ਸ਼ਹਿਰ ਤੋਂ ਤਕਰੀਬਨ 80 ਕਿਲੋਮੀਟਰ ਸੀ ਅਤੇ ਚੱਕ ਅਬਦੁਲਾ ਸਟੇਸ਼ਨ ਤੋਂ ਇਹ ਜ਼ਮੀਨ ਤਕਰੀਬਨ ਅੱਧਾ ਕਿਲੋਮੀਟਰ ਸੀ। ਉਥੇ ਕੁਝ ਹੋਰ ਪਰਿਵਾਰਾਂ ਦੀ ਵੀ ਜ਼ਮੀਨ ਸੀ। ਪਰ ਜਦੋਂ ਪਿੰਡ ਦਾ ਨਾਂ ਰੱਖਣ ਦੀ ਗੱਲ ਆਈ ਤਾਂ ਲੋਕਾਂ ਨੇ ਸ. ਜੋਗਿੰਦਰ ਸਿੰਘ ਦੇ ਨਾਂ ਨੂੰ ਤਰਜੀਹ ਦਿੱਤੀ ਅਤੇ ਪਿੰਡ ਦਾ ਨਾਂ ਜੋਗਿੰਦਰ ਸਿੰਘ ਵਾਲਾ ਰੱਖਿਆ ਗਿਆ। ਸ. ਜੋਗਿੰਦਰ ਸਿੰਘ ਅਤੇ ਸ. ਸ਼ਮਸ਼ੇਰ ਸਿੰਘ ਦੋਵੇਂ ਇਕੱਠੇ ਰਹਿੰਦੇ ਸਨ। ਇਕੋ ਚੁੱਲ੍ਹੇ ਰੋਟੀ ਪੱਕਦੀ ਸੀ ਅਤੇ ਸਾਰੇ ਘਰ ਦੇ ਜੀਅ ਇਕ ਛੱਤ ਹੇਠਾਂ ਸੌਂਦੇ ਸਨ। ਇਹਨਾਂ ਦੋਹੇਂ ਭਰਾਵਾਂ ਦੇ ਤਿੰਨ ਲੜਕੇ ਅਤੇ ਤਿੰਨ ਹੀ

ਲੜਕੀਆਂ ਸਨ। ਲੜਕੀਆਂ ਵਿਆਹ ਕੇ ਆਪਣੇ ਘਰੀਂ ਚਲੀਆਂ ਗਈਆਂ ਸਨ। ਇਹ ਪੰਜੇ ਬੰਦੇ ਜ਼ਮੀਨ ਦਾ ਵਿਕਾਸ ਕਰਨ ਲੱਗੇ। 1933-34 ਤੱਕ ਜ਼ਮੀਨ ਕਾਫ਼ੀ ਵਿਕਸਿਤ ਹੋ ਗਈ। ਸ. ਜੋਗਿੰਦਰ ਸਿੰਘ ਨੇ ਆਪਣੇ ਅਸਲ ਰਸੂਖ਼ ਨਾਲ ਆਪਣੀ ਜ਼ਮੀਨ ਵਿਚ ਨਹਿਰ ਦਾ ਪਾਣੀ ਲਗਵਾ ਲਿਆ। ਦਿਨਾਂ ਵਿਚ ਹੀ ਕਪਾਹ ਅਤੇ ਕਣਕ ਦੀ ਫਸਲ ਦਾ ਭਰਵਾਂ ਝਾੜ ਹੋਣ ਲੱਗ ਪਿਆ।

ਓਡ ਇਕ ਪਸ਼ੂ ਚਰਾਨ ਵਾਲੀ ਮੁਸਲਮਾਨੀ ਕੌਮ ਹੈ ਅਤੇ ਇਹ ਬਹਾਦਰੀ ਕਰਕੇ ਵੀ ਜਾਣੇ ਜਾਂਦੇ ਹਨ। ਉਸ ਇਲਾਕੇ ਵਿਚ ਮੁਸਲਮਾਨਾਂ ਦਾ ਜ਼ੋਰ ਸੀ ਅਤੇ ਉਥੋਂ ਦਾ ਰਾਜਾ ਵੀ ਮੁਸਲਮਾਨ ਸੀ। ਸਾਰੇ ਪੁਲਿਸ ਅਧਿਕਾਰੀ ਅਤੇ ਕਚਹਿਰੀਆਂ ਦੇ ਅਧਿਕਾਰੀ ਵੀ ਮੁਸਲਮਾਨ ਹੀ ਸਨ। ਉਹਨਾਂ ਨੇ ਸ. ਜੋਗਿੰਦਰ ਸਿੰਘ ਅਤੇ ਸ. ਸ਼ਮਸ਼ੇਰ ਸਿੰਘ ਨੂੰ ਇਕੱਲਿਆਂ ਸਮਝ ਕੇ ਫਸਲ ਦਾ ਉਜਾੜਾ ਕਰਨਾ ਸ਼ੁਰੂ ਕਰ ਦਿੱਤਾ। ਸਾਡੇ ਦੋਵੇਂ ਨਾਨਾ ਜੀ ਅਤੇ ਤਿੰਨੇ ਮਾਮਾ ਜੀ ਨੇ ਗੱਤਕੇ ਦੀ ਟ੍ਰੇਨਿੰਗ ਲਈ ਹੋਈ ਸੀ। ਇਸ ਟ੍ਰੇਨਿੰਗ ਲਈ ਉਹਨਾਂ ਨੇ ਇਕ ਨਿਹੰਗ ਸਿੰਘ ਨੂੰ ਆਪਣੇ ਘਰ ਰੱਖਿਆ ਹੋਇਆ ਸੀ, ਜਿਸ ਤੋਂ ਇਹਨਾਂ ਨੇ ਗੱਤਕੇ ਦੀ ਸਿਖਲਾਈ ਲਿਤੀ। ਜੋ ਇਨਸਾਨ ਗੱਤਕਾ ਖੇਡ ਸਕਦਾ ਹੈ, ਉਹ ਤਲਵਾਰ, ਸੋਟੀ ਅਤੇ ਡਾਂਗ ਆਦਿ ਚਲਾ ਸਕਦਾ ਹੈ ਤੇ ਲੜ ਸਕਦਾ ਹੈ।

ਓਡ ਅਤੇ ਨਾਨਕੇ ਪਰਿਵਾਰ ਵਿਚ ਝਗੜਾ ਦਿਨੋਂ ਦਿਨ ਵੱਧਦਾ ਗਿਆ। ਓਡ ਲੋਕ ਮੇਰੇ ਨਾਨਕਿਆਂ ਨੂੰ ਉਜਾੜ ਕੇ ਉਥੋਂ ਵਾਪਸ ਭੇਜਣਾ ਚਾਹੁੰਦੇ ਸਨ। ਇਕ ਦਿਨ ਸਾਡੇ ਨਾਨਕਾ ਪਰਿਵਾਰ ਨੇ ਫ਼ੈਸਲਾ ਕੀਤਾ ਕਿ ਜਦੋਂ ਤੱਕ ਓਡਾਂ ਨਾਲ ਦੋ-ਦੋ ਹੱਥ ਨਹੀਂ ਕਰਾਂਗੇ, ਉਦੋਂ ਤੱਕ ਇਹ ਮਸਲਾ ਹਲ ਨਹੀਂ ਹੋਣਾ। ਉਹਨਾਂ ਨੇ ਓਡਾਂ ਦੇ ਕਿਸੇ ਨੇਤਾ/ਸਰਦਾਰ ਨਾਲ ਗੱਲ ਕੀਤੀ। ਉਹਨਾਂ ਨੇ ਕਿਹਾ ਆਓ ਆਪਾਂ ਇੱਕ ਦਿਨ ਫ਼ੈਸਲਾ ਹੀ ਕਰ ਲਈਏ। ਓਡ ਕਹਿਣ ਲੱਗੇ ਕਿ ਤੁਸੀਂ ਜ਼ਮੀਨ ਛੱਡ ਕੇ ਵਾਪਸ ਚਲੇ ਜਾਓ। ਨਾਨਾ ਜੀ ਕਹਿਣ ਲੱਗੇ, "ਅਸੀਂ ਇਹ ਜ਼ਮੀਨ ਮੁੱਲ ਖ਼ਰੀਦੀ ਹੈ ਅਤੇ ਆਪਣੀ ਮਿਹਨਤ ਨਾਲ ਇਸ ਨੂੰ ਆਬਾਦ ਕੀਤਾ ਹੈ। ਇਸ ਜ਼ਮੀਨ 'ਤੇ ਸਾਡਾ ਹੱਕ ਹੈ, ਤੁਸੀਂ ਧੱਕੇ ਨਾਲ ਸਾਡਾ ਹੱਕ ਨਹੀਂ ਖੋਹ ਸਕਦੇ।" ਦੋਹਾਂ ਧਿਰਾਂ ਵਿਚ ਨਿਸ਼ਚਿਤ ਦਿਨ 'ਤੇ ਮੁਕਾਬਲਾ ਕਰਨ ਦਾ ਫ਼ੈਸਲਾ ਹੋਇਆ। 15 ਮਾਰਚ 1935 ਨੂੰ ਸਵੇਰੇ 10 ਵਜੇ ਦਾ ਟਾਈਮ ਨਿਸ਼ਚਿਤ ਕੀਤਾ ਗਿਆ।

ਨਿਸ਼ਚਿਤ ਕੀਤੇ ਸਮੇਂ 'ਤੇ 40 ਓਡ ਆ ਗਏ ਅਤੇ ਇਥੋਂ ਪੰਜ ਸਿੱਧੂ ਬਰਾੜ ਸਿੰਘ ਵੀ ਸੋਟੀਆਂ ਲੈ ਕੇ ਪਹੁੰਚ ਗਏ। ਵੱਡੇ ਨਾਨਾ ਜੀ ਨੇ ਕਿਹਾ ਕਿ ਅਸੀਂ ਲਾਈਨ ਮਾਰਦੇ ਹਾਂ ਜੋ ਵੀ ਇਸ ਲਾਈਨ ਨੂੰ ਪਾਰ ਕਰੇਗਾ, ਅਸੀਂ ਉਸ ਨਾਲ ਲੜਾਂਗੇ। ਓਡ ਸਾਡੇ ਨਾਨਕਿਆਂ ਦੀ ਘੱਟ ਗਿਣਤੀ ਦੇਖ ਕੇ ਬਹੁਤ ਖੁਸ਼ ਹੋ ਰਹੇ ਸਨ ਕਿ ਇਹਨਾਂ ਪੰਜਾਂ 'ਤੇ ਅਸੀਂ ਆਸਾਨੀ ਨਾਲ ਜਿੱਤ ਹਾਸਲ ਕਰ ਲਵਾਂਗੇ। ਪਰ ਜਦੋਂ ਲੜਾਈ ਸ਼ੁਰੂ ਹੋਈ ਤਾਂ ਨਾਨਾ ਜੀ ਅਤੇ ਬਾਕੀਆਂ ਸਾਥੀਆਂ ਨੇ ਗੱਤਕੇ ਦੇ ਨਿਯਮ ਅਨੁਸਾਰ ਲੜਾਈ

ਕੀਤੀ ਅਤੇ ਸਾਰੇ ਓਡਾਂ ਨੂੰ ਹਰਾ ਦਿੱਤਾ। ਓਡਾਂ ਦੇ ਕਾਫ਼ੀ ਸੱਟਾਂ ਵੱਜੀਆਂ। ਓਡ ਸਮਝਦੇ ਸਨ ਕਿ ਜ਼ਿਆਦਾਤਰ ਪੁਲਿਸ ਅਧਿਕਾਰੀ ਮੁਸਲਮਾਨ ਹਨ ਇਸ ਲਈ ਉਹਨਾਂ ਦੀ ਸੁਣਵਾਈ ਹੋਵੇਗੀ। ਉਹ ਚੱਕ ਅਬਦੁਲਾ ਥਾਣੇ ਗਏ ਅਤੇ ਪੁਲਿਸ ਨੂੰ ਸਾਰੀ ਵਾਰਦਾਤ ਦੱਸੀ। ਥਾਣੇਦਾਰ ਨੇ ਕਿਹਾ ਕਿ ਇਹ ਸ਼ਰਮ ਵਾਲੀ ਗੱਲ ਹੈ ਕਿ ਪੰਜ ਜਣਿਆਂ ਨੇ ਤੁਹਾਨੂੰ 40 ਜਣਿਆਂ ਨੂੰ ਕੁਟਿਆ। ਓਡ ਕਹਿਣ ਲੱਗੇ ਕਿ ਉਹ ਸਰਦਾਰ ਬਹੁਤ ਬਹਾਦਰ ਹਨ, ਉਹਨਾਂ ਨੇ ਸਾਡੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਅਤੇ ਅਸੀਂ ਉਹਨਾਂ ਦਾ ਕੁਝ ਨਾ ਵਿਗਾੜ ਸਕੇ।

ਕੁਝ ਦੇਰ ਬਾਅਦ ਹੀ ਉਥੋਂ ਦਾ ਇਕ ਬਹੁਤ ਵੱਡਾ ਮੁਸਲਮਾਨ ਰਈਸ ਜੋ ਪਹਿਲਾਂ ਹੀ ਓਨਰੇਰੀ ਮੈਜਿਸਟ੍ਰੇਟ ਸੀ, ਉਹ ਨਾਨਾ ਜੀ ਤੋਂ ਬਹੁਤ ਖੁਸ਼ ਹੋਇਆ। ਉਸ ਨੇ ਨਾਨਾ ਜੀ ਨੂੰ ਆਪਣਾ ਦੋਸਤ ਅਤੇ ਪੱਗ ਵੱਟ ਭਰਾ ਬਣਾ ਲਿਆ। ਇਸ ਤਰ੍ਹਾਂ ਉਹ ਪਰਿਵਾਰ 1947 ਤੱਕ ਬੜੇ ਮਾਣ ਅਤੇ ਇੱਜ਼ਤ ਨਾਲ ਰਿਹਾ।

ਇਸ ਘਟਨਾ ਤੋਂ ਇਹ ਸਬਕ ਮਿਲਦਾ ਹੈ ਕਿ ਜੇਕਰ ਇਹ ਪਰਿਵਾਰ ਗੁਰਾਂ ਦੇ ਦੱਸੇ ਹੁਕਮਾਂ ਅਨੁਸਾਰ ਤਿਆਰ-ਬਰ-ਤਿਆਰ ਨਾ ਹੁੰਦਾ ਤਾਂ ਇਹ ਪਰਿਵਾਰ ਆਪਣੀ ਲਈ ਹੋਈ ਜ਼ਮੀਨ ਰੱਖਣ ਦੇ ਯੋਗ ਵੀ ਨਾ ਹੁੰਦਾ। ਇਹ ਜ਼ਮੀਨ ’ਤੇ ਆਪਣਾ ਕਬਜ਼ਾ ਤਾਂ ਹੀ ਰੱਖ ਸਕੇ ਜੇ ਉਹ ਬੇਗਾਨੀ ਧਰਤੀ ਤੇ ਵੀ ਤਾਕਤ ਅਤੇ ਬਹਾਦਰੀ ਨਾਲ ਵਿਚਰੇ। ਇਸ ਲਈ ਸਾਨੂੰ ਇਸ ਘਟਨਾ ਤੋਂ ਇਹ ਸਿੱਖਣਾ ਚਾਹੀਦਾ ਹੈ ਕਿ ਸਾਨੂੰ ਹਮੇਸ਼ਾਂ ਤਿਆਰ ਬਰ ਤਿਆਰ ਰਹਿਣਾ ਚਾਹੀਦਾ ਹੈ ਤੇ ਦੂਸਰੇ ਨੂੰ ਦੋਸ਼ ਨਹੀਂ ਦੇਣਾ ਚਾਹੀਦਾ।

# ਨਾਨਕਿਆਂ ਦੀ ਸ਼ਹੀਦੀ–1947

ਸਾਡੇ ਨਾਨਕੇ ਬਰਨਾਲਾ ਜ਼ਿਲ੍ਹੇ ਵਿਚ ਪਿੰਡ ਭੈਣੀ ਫੱਤਾ ਦੇ ਹਨ। 1932 ਵਿਚ ਸਾਡੇ ਨਾਨਾ ਜੀ ਸ. ਜੋਗਿੰਦਰ ਸਿੰਘ ਆਪਣੇ ਭਰਾ ਸ. ਸ਼ਮਸ਼ੇਰ ਸਿੰਘ ਨਾਲ ਬਹਾਵਲਪੁਰ (ਹੁਣ ਪਾਕਿਸਤਾਨ ਵਿਚ) ਸਟੇਟ ਵਿਚ ਚਲੇ ਗਏ ਸਨ। ਇਹਨਾਂ ਕੋਲ ਭੈਣੀ ਫੱਤੇ ਵਿਚ 300 ਬਿੱਘੇ ਅਤੇ ਬਹਾਵਲਪੁਰ ਵਿਖੇ 800 ਬਿੱਘੇ ਜ਼ਮੀਨ ਸੀ। ਬਹਾਵਲਪੁਰ ਦੇ ਨੇੜ੍ਹੇ ਹੀ ਇਕ ਰੇਲਵੇ ਸਟੇਸ਼ਨ ਚੱਕ ਅਬਦੁਲਾ ਸੀ। ਇਹਨਾਂ ਦਾ ਰਕਬਾ ਚੱਕ ਅਬਦੁਲਾ ਤੋਂ ਤਕਰੀਬਨ ਅੱਧਾ ਕਿਲੋਮੀਟਰ ਸੀ। ਸ. ਜੋਗਿੰਦਰ ਸਿੰਘ ਬਹੁਤ ਵਧੀਆ ਤੇ ਬਹਾਦਰ ਇਨਸਾਨ ਸਨ ਅਤੇ ਅਣਖ ਇੱਜ਼ਤ ਨੂੰ ਬਹੁਤ ਮਹੱਤਤਾ ਦਿੰਦੇ ਸਨ। ਕਿਸੇ ਦੀ ਇੱਜ਼ਤ ਨੂੰ ਕੋਈ ਹੱਥ ਪਾਉਂਦਾ ਤਾਂ ਸ. ਜੋਗਿੰਦਰ ਸਿੰਘ ਪਿੱਛੇ ਨਹੀਂ ਰਹਿੰਦੇ ਸੀ। ਜਿਹੜੇ ਲੋਕ ਜਾਣਦੇ ਵੀ ਨਹੀਂ ਸਨ ਉਹਨਾਂ ਲਈ ਵੀ ਉਹ ਖੜ੍ਹੇ ਹੋ ਜਾਂਦੇ ਸਨ। ਸ. ਜੋਗਿੰਦਰ ਸਿੰਘ ਦੀ ਮੌਤ 1946 ਵਿਚ ਪਟਿਆਲਾ ਵਿਖੇ ਸਾਡੇ ਸਰਕਾਰੀ ਘਰ ਵਿਚ ਹੋਈ। ਉਹਨਾਂ ਦੇ ਦੋ ਲੜਕੇ ਗੁਰਦੇਵ ਅਤੇ ਜਗਰੂਪ ਸਨ। ਇਹ ਦੋਵੇਂ ਬਹਾਵਪੁਰ ਤੋਂ ਭੈਣੀ ਫੱਤਾ ਆਏ ਹੋਏ ਸਨ। ਨਾਨਾ ਜੀ ਦੀ ਮੌਤ ਤੋਂ ਬਾਅਦ ਦੋਵੇਂ ਮਾਮਾ ਜੀ ਭੈਣੀ ਫੱਤਾ ਵਿਖੇ ਘਰ ਅਤੇ ਜ਼ਮੀਨ ਦੀਆਂ ਜ਼ਿੰਮੇਵਾਰੀਆ ਨਿਭਾ ਰਹੇ ਸਨ। ਇੰਨੇ ਵਿੱਚ ਵੱਡੇ ਮਾਮਾ ਜੀ ਸ. ਗੁਰਦੇਵ ਸਿੰਘ ਬਿਮਾਰ ਹੋ ਗਏ। ਜਦੋਂ ਉਹ ਠੀਕ ਹੋਏ ਤੇ ਵਪਾਸ ਬਹਾਵਲਪੁਰ ਜਾਣ ਲਈ ਸੋਚਣ ਲਗੇ ਉਦੋਂ ਤੱਕ ਪੰਜਾਬ ਦਾ ਸਿਆਸੀ ਮਾਹੌਲ ਖ਼ਰਾਬ ਹੋ ਚੁੱਕਾ ਸੀ। ਉਹਨਾਂ ਨੂੰ ਤਪੇ ਰੇਲਵੇ ਸਟੇਸ਼ਨ ਤੋਂ ਹੀ ਟਿਕਟ ਨਹੀਂ ਦਿੱਤਾ ਗਿਆ। ਪੰਜਾਬ ਵਿਚ ਮਾਰ ਧਾੜ ਸ਼ੁਰੂ ਹੋ ਗਈ। ਵੱਡੇ ਨਾਨਾ ਜੀ ਪਹਿਲਾਂ ਹੀ ਚਲ ਵਸੇ ਸਨ। ਮਾਮਾ ਜੀ ਪੁਰਾਣੇ ਪਿੰਡ ਭੈਣੀ ਫੱਤਾ ਵਿਚ ਹੀ ਫੱਸ ਗਏ।

ਛੋਟੇ ਨਾਨਾ ਜੀ ਸ. ਸ਼ਮਸ਼ੇਰ ਸਿੰਘ ਅਤੇ ਉਹਨਾਂ ਦੇ ਇਕਲੌਤੇ ਪੁੱਤਰ ਆਤਮਾ ਸਿੰਘ ਤੇ ਪਰਿਵਾਰ ਬਹਾਵਲਪੁਰ ਵਿਚ ਹੀ ਸੀ। ਸ. ਜੋਗਿੰਦਰ ਸਿੰਘ ਨੇ ਸ. ਸਮਸ਼ੇਰ ਨੂੰ ਆਪਣੇ ਮਰਨ ਤੋਂ ਪਹਿਲਾਂ ਕਿਹਾ ਸੀ ਕਿ ਜੇ ਕੋਈ ਆਫ਼ਤ ਆਵੇ ਉਥੋਂ 20 ਮੀਲ ਤੋਂ ਬੀਕਾਨੇਰ ਸਟੇਟ ਦੇ ਪਿੰਡ ਵਿਚ ਉਹਨਾਂ (ਸ. ਜੋਗਿੰਦਰ ਸਿੰਘ) ਦਾ ਦੋਸਤ ਰਹਿੰਦਾ ਹੈ।ਉਹ, ਉਸ ਦੇ ਘਰ ਚਲਾ ਜਾਵੇ। ਪਰ ਲਿਖਿਆ ਕੁਝ ਹੋਰ ਹੀ ਸੀ। ਸ. ਸਮਸ਼ੇਰ ਸਿੰਘ ਅਜਿਹਾ ਨਾ ਕਰ ਸਕੇ। ਇੰਨੇ ਵਿਚ ਆਲੇ-ਦੁਆਲੇ ਦੇ ਸਿੱਖ ਪਰਿਵਾਰ ਸ. ਸਮਸ਼ੇਰ ਸਿੰਘ ਦੀ ਸ਼ਰਨ ਵਿਚ ਆ ਗਏ, ਕਿਉਂਕਿ ਇਸ ਪਰਿਵਾਰ ਨੂੰ ਇਲਾਕੇ ਦਾ ਨੇਤਾ ਸਮਝਿਆ ਜਾਂਦਾ ਸੀ। ਇਹ ਪਰਿਵਾਰ ਤਕਰੀਬਨ ਜੁਲਾਈ ਦੇ ਅੰਤ 1947 ਨੂੰ ਬੀਕਾਨੇਰ ਵੱਲ ਜਾਣ ਲਈ ਸੋਚਣ ਲੱਗੇ। ਰਾਹ ਵਿਚ ਸ. ਸਮਸ਼ੇਰ ਸਿੰਘ ਇਕ ਮੁਸਲਮਾਨ ਦੋਸਤ ਦੇ ਘਰ ਵਿਚ ਟਿਕ ਗਏ। ਉਸ ਜ਼ਮਾਨੇ ਵਿਚ

ਉਪਚਾਰਕਤਾ ਦੇ ਤੌਰ ਤੇ ਪਿੰਡਾਂ ਵਿਚ ਮਹਿਮਾਨ ਦੀਆਂ ਰਾਈਫਲਾਂ ਆਦਿ ਲੈ ਕੇ ਮੇਜ਼ਬਾਨ ਪਰਿਵਾਰ ਆਪਣੇ ਘਰ ਅੰਦਰ ਰੱਖ ਲੈਂਦਾ ਸੀ ਅਤੇ ਅਗਲੇ ਦਿਨ ਜਦੋਂ ਮਹਿਮਾਨ ਨੇ ਜਾਣਾ ਹੁੰਦਾ ਸੀ ਤਾਂ ਬੰਦਿਆਂ ਨੂੰ ਖੁਆ ਪਿਆ ਕੇ ਤੇ ਘੋੜੇ ਉਠਾਂ ਨੂੰ ਰਜਾ ਕੇ ਤੋਰਿਆ ਜਾਂਦਾ ਸੀ। ਸ. ਸ਼ਮਸ਼ੇਰ ਸਿੰਘ ਨੂੰ ਪਤਾ ਨਹੀਂ ਕੀ ਸੁਝਿਆ ਕਿ ਅੱਧੀ ਕੁ ਰਾਤ ਉਠ ਕੇ ਚੱਲੇ ਗਏ। ਸ਼ਾਇਦ ਨਾਨਾ ਜੀ ਨੇ ਉਸ ਪਰਿਵਾਰ 'ਤੇ ਸ਼ੱਕ ਕੀਤਾ ਅਤੇ ਉਹ ਆਪਣੀਆਂ ਰਾਈਫਲਾਂ ਤੇ ਹੋਰ ਅਸਲਾ ਮੇਜ਼ਬਾਨਾਂ ਕੋਲ ਛੱਡ ਕੇ ਤਲਵਾਰਾਂ ਆਦਿ ਨਾਲ ਹੀ ਚਲੇ ਗਏ। ਰਾਹ ਵਿਚ ਉਹ ਰਸਤਾ ਭੁੱਲ ਗਏ। ਉਹ ਉਸੇ ਇਲਾਕੇ ਵਿਚ ਚੱਕਰ ਲਗਾਉਂਦੇ ਰਹੇ। ਇੰਨੇ ਨੂੰ ਦਿਨ ਚੜ੍ਹ ਗਿਆ। ਉਹ ਮੁਸਲਮਾਨਾਂ ਦੀ ਆਬਾਦੀ ਵਾਲਾ ਇਲਾਕਾ ਸੀ। 30-40 ਵਿਅਕਤੀਆਂ ਨੇ ਇਸ ਸਾਰੇ ਗਰੁੱਪ ਨੂੰ ਘੇਰਾ ਪਾ ਲਿਆ। ਇੰਨੇ ਨੂੰ 500-600 ਬੰਦੇ ਹੋਰ ਪਿੰਡਾਂ ਤੋਂ ਵੀ ਆ ਗਏ। ਮੁਸਲਮਾਨ ਲੋਕ ਇਹਨਾਂ ਨੂੰ ਕਹਿਣ ਲੱਗੇ ਜਾਂ ਤਾਂ ਇਸਲਾਮ ਕਬੂਲ ਕਰ ਲਵੋ ਜਾਂ ਫਿਰ ਮਰਨ ਲਈ ਤਿਆਰ ਹੋ ਜਾਓ। ਇੱਕ ਇੱਕ ਕਰ ਕੇ ਲੋਕ ਸ਼ਹੀਦ ਹੁੰਦੇ ਗਏ।

ਦੁਪਹਿਰ ਦੋ ਕੁ ਵਜੇ ਦਾ ਸਮਾਂ ਆਇਆ। ਨਾਨਾ ਸ਼ਮਸ਼ੇਰ ਸਿੰਘ ਜੀ ਦੇ ਇਕਲੌਤੇ ਪੁੱਤਰ ਆਤਮਾ ਸਿੰਘ ਦੀ ਇਕੋ ਲੜਕੀ ਸੀ ਜਿਸ ਦਾ ਨਾਮ ਗੁਰਦੀਪ ਕੌਰ ਸੀ। ਉਸ ਦੀ ਉਮਰ ਉਸ ਵੇਲੇ ਸਵਾ ਪੰਜ ਕੁ ਸਾਲ ਦੀ ਸੀ। ਚਾਓ ਵਜੋਂ ਉਸ ਦੇ ਜੂੜਾ ਕਰ ਦਿੰਦੇ ਸਨ। ਇਕ ਮੁਸਲਮਾਨ ਨੇ ਕਿਹਾ ਕਿ ਇਸ ਮੁੰਡੇ ਨੂੰ ਹਵਾ ਵਿਚ ਵਗਾ ਕੇ ਸੁੱਟੋ। ਮੁੰਡੇ ਨੂੰ ਅਕਸਰ ਹਵਾ ਵਿਚ ਉਛਾਲ ਕੇ ਹੇਠਾਂ ਬਰਛਾ ਖੜ੍ਹਾ ਕਰ ਕੇ ਮਾਰ ਦਿੱਤਾ ਜਾਂਦਾ ਸੀ। ਬੱਚਾ ਬਰਛੇ ਵਿਚ ਪਰੋ ਕੇ ਦੋ ਚਾਰ ਮਿੰਟਾਂ ਵਿਚ ਹੀ ਸਵਾਸ ਤਿਆਗ ਦਿੰਦਾ ਸੀ। ਜਦੋਂ ਇਕ ਮੁਸਲਮਾਨ ਅਜਿਹਾ ਕਰਨ ਲਗਾ ਤਾਂ ਨਾਨਾ ਜੀ ਨੇ ਕਿਹਾ "ਦੁਸ਼ਟੋ ਤੁਹਾਡੇ ਲੋਕਾਂ ਦਾ ਕਿੱਥੇ ਭਲਾ ਹੋਵੇਗਾ ਇਹ ਤਾਂ ਕੁੜੀ ਹੈ ਇਸ ਨੂੰ ਕਿਉਂ ਮਾਰਦੇ ਹੋ।" ਉਹਨਾਂ ਵਿਚੋਂ ਇਕ ਮੁਸਲਮਾਨ ਨੇ ਬੱਚੇ ਦਾ ਕੱਛਾ ਖੋਲ੍ਹ ਕੇ ਦੇਖਿਆ ਕਿ ਸੱਚਮੁਚ ਇਹ ਲੜਕੀ ਹੈ ਤਾਂ ਉਸ ਨੂੰ ਛੱਡ ਦਿੱਤਾ ਗਿਆ। ਮੁਸਲਮਾਨ ਇਕ-ਇਕ ਬੰਦੇ ਨੂੰ ਧਰਮ ਬਦਲਣ ਲਈ ਜ਼ੋਰ ਪਾ ਰਹੇ ਸਨ।

ਤਿੰਨ ਕੁ ਵਜੇ ਮਾਮਾ ਜੀ ਆਤਮਾ ਸਿੰਘ ਆਪਣੇ ਪਿਤਾ ਸ਼ਮਸ਼ੇਰ ਸਿੰਘ ਨੂੰ ਮਿਲੇ ਤੇ ਕਹਿਣ ਲੱਗੇ ਪਿਤਾ ਜੀ,"ਮੁਸਲਮਾਨ ਕਹਿੰਦੇ ਹਨ ਕਿ ਜੇ ਇਸਲਾਮ ਧਾਰਨ ਕਰ ਲਓ ਤਾਂ ਹੁਣੇ ਆਪਣੇ ਘਰਾਂ ਨੂੰ ਜਾ ਸਕਦੇ ਹੋ। ਹਾਲੇ ਤਾਂ ਤੁਹਾਡੀਆਂ ਮੱਝਾਂ ਅਤੇ ਬਲਦ ਆਦਿਕ ਵੀ ਕਿੱਲਿਆਂ 'ਤੇ ਹੀ ਖੜ੍ਹੇ ਹੋਏ ਹੋਣਗੇ। ਨਾਨਾ ਜੀ ਨੇ ਆਪਣੇ ਪੁੱਤਰ ਦਾ ਮਨ ਘਬਰਾਇਆ ਹੋਇਆ ਦੇਖਿਆ। ਉਹਨਾਂ ਨੇ ਪਿਆਰ ਨਾਲ ਪੁੱਤਰ ਨੂੰ ਕਿਹਾ,"ਕਾਕਾ ਜੀ, ਤੁਸੀਂ ਜਿਵੇਂ ਮਰਜ਼ੀ ਕਰ ਸਕਦੇ ਹੋ। ਸਾਡੀ ਇਕ ਆਖ਼ਰੀ ਬੇਨਤੀ ਸੁਣ ਲਓ ਕਿ ਜੇ ਕੋਈ ਤੁਹਾਨੂੰ ਪੁੱਛੇ ਕਿ ਤੁਸੀਂ ਕਿਸ ਦੇ ਪੁੱਤਰ ਹੋ ਤਾਂ ਤੁਸੀਂ ਇਹ ਨਹੀਂ ਕਹਿਣਾ ਕਿ ਮੈਂ ਸ. ਸ਼ਮਸ਼ੇਰ ਸਿੰਘ ਭੈਣੀ ਫੱਤੇ ਵਾਲੇ ਦਾ ਪੁੱਤਰ ਹਾਂ। ਇਸ ਨਾਲ ਮੇਰੀ ਆਤਮਾ ਨੂੰ ਬਹੁਤ ਤਕਲੀਫ਼ ਹੋਵੇਗੀ।"

ਅਜਿਹਾ ਸੁਣ ਕੇ ਪੁੱਤਰ ਦਾ ਮਨ ਮਜ਼ਬੂਤ ਹੋ ਗਿਆ ਤੇ ਮੁਸਲਮਾਨਾਂ ਨੂੰ ਕਹਿਣ ਲੱਗਾ, ਜਾਓ ਜੋ ਮਰਜ਼ੀ ਕਰ ਲਓ, ਮੈਂ ਆਪਣੇ ਧਰਮ 'ਤੇ ਕਾਇਮ ਹਾਂ। ਸ਼ਾਮ ਨੂੰ ਚਾਰ ਕੁ ਵਜੇ ਮਾਮਾ ਜੀ ਆਤਮਾ ਸਿੰਘ ਨੂੰ ਉਹਨਾਂ ਦੇ ਪਿਤਾ ਦੀਆਂ ਅੱਖਾਂ ਦੇ ਸਾਹਮਣੇ ਟੋਟੇ-ਟੋਟੇ ਕਰ ਕੇ ਸ਼ਹੀਦ ਕਰ ਦਿੱਤਾ ਗਿਆ। ਸ਼ਾਮ ਨੂੰ 5 ਕੁ ਵਜੇ ਨਾਨਾ ਜੀ ਨੂੰ ਕਹਿਣ ਲੱਗੇ, "ਬਾਬਾ ਤੂੰ ਵੀ ਆ ਜਾ।" ਨਾਨਾ ਜੀ ਕਹਿਣ ਲੱਗੇ,"ਮੇਰਾ ਕੁਝ ਪਾਠ ਰਹਿੰਦਾ ਹੈ। ਮੈਂ ਕਿਹੜਾ ਕਿਤੇ ਭੱਜਣਾ ਹੈ। ਤੁਸੀਂ ਹੋਰ ਕੰਮ ਨਿਪਟਾ ਲਓ।" ਨਾਨਾ ਜੀ ਨੇ ਰਹਿਰਾਸ ਸਾਹਿਬ ਦਾ ਪਾਠ ਸਮਾਪਤ ਕਰਕੇ ਖੜ੍ਹੇ ਹੋ ਕੇ ਠਰ੍ਹੰਮੇ ਨਾਲ ਅਰਦਾਸ ਕੀਤੀ। ਮੁਸਲਮਾਨ ਫਿਰ ਹੋਰ ਲੋਕਾਂ ਨੂੰ ਕਹਿਣ ਲੱਗੇ ਕਿ ਇਸਲਾਮ ਕਬੂਲ ਕਰੋ ਜਾਂ ਮੌਤ। ਪਰ ਕੋਈ ਇਸਲਾਮ ਕਬੂਲ ਕਰਨ ਲਈ ਤਿਆਰ ਨਾ ਹੋਇਆ। 40 ਸਿੱਖਾਂ ਵਿਚੋਂ ਕਿਸੇ ਨੇ ਵੀ ਇਸਲਾਮ ਕਬੂਲ ਨਹੀਂ ਕੀਤਾ। ਸ਼ਾਮ ਦਾ ਪਾਠ ਕਰਨ ਤੋਂ ਉਪਰੰਤ ਨਾਨਾ ਜੀ ਨੇ ਬੈਠ ਕੇ ਕੀਰਤਨ ਸੋਹਿਲੇ ਦਾ ਪਾਠ ਕੀਤਾ। ਜਦੋਂ ਕੀਰਤਨ ਸੋਹਿਲੇ ਦੀ ਆਖਰੀ ਪੰਕਤੀ ਪੜ੍ਹੀ ਤਾਂ ਉਹਨਾਂ ਨੇ ਨਾਲ ਹੀ ਸਵਾਸ ਤਿਆਗ ਦਿੱਤੇ।

ਇਹ ਘਟਨਾ ਸਾਡੀ ਮਾਤਾ ਜੰਗੀਰ ਕੌਰ ਨੇ ਸਾਨੂੰ ਕਈ ਵਾਰ ਸੁਣਾਈ। ਸਾਰੇ ਪਰਿਵਾਰ 'ਤੇ ਇਸ ਘਟਨਾ ਦਾ ਅਸਰ ਹੋਣਾ ਸੁਭਾਵਿਕ ਸੀ। ਸਤਵੰਤ ਉਪਰ ਵੀ ਇਸ ਘਟਨਾ ਦਾ ਬਹੁਤ ਗਹਿਰਾ ਅਸਰ ਸੀ। ਸਾਡੇ ਮਾਤਾ ਜੀ ਇਸ ਘਟਨਾ ਨੂੰ ਸੁਣਾਉਂਦੇ ਹੋਏ ਬਹੁਤ ਗੰਭੀਰ ਹੋ ਜਾਂਦੇ ਸਨ। ਵਿਛੋੜੇ ਦਾ ਦਰਦ ਅਤੇ ਕੁਰਬਾਨੀ ਯਾਦ ਕਰਕੇ ਉਹਨਾਂ ਦੀਆਂ ਅੱਖਾਂ ਹੰਝੂਆਂ ਨਾਲ ਤਰ ਹੋ ਜਾਂਦੀਆਂ ਸਨ।

ਸਾਡੇ ਮਾਤਾ ਜੀ ਇਸੇ ਤਰ੍ਹਾਂ ਹੀ ਸਾਹਿਬਜ਼ਾਦਿਆਂ ਦੀਆਂ ਕੁਰਬਾਨੀਆਂ ਤੇ ਸ਼ਹੀਦੀਆਂ ਯਾਦ ਕਰਦੇ ਰਹਿੰਦੇ। ਕੰਮ ਕਰਦੇ ਕੰਮ ਵਿਚ ਹੀ ਛੱਡ ਦਿੰਦੇ ਤੇ ਯਾਦ ਵਿਚ ਹੰਝੂਆਂ ਦਾ ਦਰਿਆ ਵਗਾ ਦਿੰਦੇ। ਭਾਈ ਮਨੀ ਸਿੰਘ ਜੀ ਦੀ ਸ਼ਹੀਦੀ ਨੂੰ ਯਾਦ ਕਰਦੇ ਤੇ ਅੱਖਾਂ ਭਰ ਲੈਂਦੇ। ਭਾਈ ਮਨੀ ਸਿੰਘ ਦੇ ਸਰੀਕੇ ਵਿਚ ਲੌਂਗੋਵਾਲ ਪਿੰਡ ਮੇਰੇ ਨਾਨਕਿਆਂ ਦੀਆਂ ਕਈ ਰਿਸ਼ਤੇਦਾਰੀਆਂ ਸਨ।

# ਸਾਡਾ ਦਾਦਕਾ ਪਿਛੋਕੜ

ਸ. ਗੁਰਬਖਸ਼ ਸਿੰਘ ਕਾਲੇਕਾ ਦੇ ਸਨੌਰ ਪਰਗਨਾ ਜਿਸ ਵਿਚ 100 ਪਿੰਡਾਂ ਦਾ ਰਕਬਾ ਸੀ, ਆਪਣੀ ਭੈਣ ਮਹਾਰਾਣੀ ਫੱਤੋ ਦੇ ਝੋਲੀ ਪਾਉਣ ਕਰਕੇ ਸਾਨੂੰ ਸਨੌਰ ਤੋਂ ਦੁਗਾਲ ਆਉਣਾ ਪਿਆ। ਸੰਨ 1760 ਤੱਕ ਬਾਬਾ ਆਲਾ ਸਿੰਘ ਅਤੇ ਉਸ ਦੇ ਸਮੱਰਥਕ ਜਨਰਲ ਸ. ਗੁਰਬਖਸ਼ ਸਿੰਘ ਕਾਲੇਕਾ ਨੇ 900 ਪਿੰਡ ਜਿੱਤ ਲਏ ਸਨ। ਸਾਡਾ ਪਰਿਵਾਰ ਕਾਲੇਕਿਆਂ ਤੋਂ ਆ ਕੇ ਤਕਰੀਬਨ 15 ਸਾਲ ਸਨੌਰ ਵਿਖੇ ਰਿਹਾ ਜੋ ਸਾਡਾ ਰਕਬਾ ਸੀ। ਜਦੋਂ ਰਾਜਾ ਬਣਨ ਦੀ ਗੱਲ ਆਈ ਤਾਂ ਸਾਡੇ ਬਜ਼ੁਰਗਾਂ ਨੇ ਆਪਣੀ ਭੈਣ ਦੇ ਪਤੀ ਬਾਬਾ ਆਲਾ ਨੂੰ ਸਹਾਇਤਾ ਦੇਣ ਲਈ ਸਾਰਾ ਇਲਾਕਾ ਉਸ ਦੀ ਝੋਲੀ ਵਿਚ ਪਾ ਦਿੱਤਾ। ਬਾਬਾ ਆਲਾ ਸਿੰਘ ਰਾਜਾ ਆਲਾ ਸਿੰਘ ਬਣ ਗਏ। 1752 ਵਿਚ ਨਵੇਂ ਮਿਲੇ ਸਨੌਰ ਇਲਾਕੇ ਵਿਚ ਉਹਨਾਂ ਨੇ ਆਪਣੀ ਰਾਜਧਾਨੀ ਬਣਾਈ ਅਤੇ ਉਸ ਦਾ ਨਾਂ ਪਟਿਆਲਾ ਰੱਖਿਆ। ਸ. ਗੁਰਬਖਸ਼ ਸਿੰਘ ਕਾਲੇਕਾ ਨੂੰ ਸਤਿਕਾਰ ਵੱਜੋਂ ਦੀਵਾਨ ਦਾ ਖ਼ਿਤਾਬ ਦਿੱਤਾ ਗਿਆ ਅਤੇ ਪਟਿਆਲਾ ਕਿਲ੍ਹੇ ਦਾ ਨੀਂਹ ਪੱਥਰ ਵੀ ਉਹਨਾਂ ਪਾਸੋਂ ਹੀ ਰਖਵਾਇਆ ਗਿਆ। 1760 ਵਿੱਚ ਰਾਜਾ ਆਲਾ ਸਿੰਘ ਨੇ ਸਾਰੇ ਸਮਰੱਥਕਾਂ, ਸਰਦਾਰਾਂ ਅਤੇ ਹੋਰ ਪਰਿਵਾਰਾਂ ਨੂੰ ਆਪਣੀਆਂ ਰਾਜਨੀਤਕ ਲੋੜਾਂ ਅਨੁਸਾਰ ਮੁੜ ਵਸਾਇਆ। ਮਹਾਰਾਣੀ ਫੱਤੋ ਦੇ ਤਿੰਨ ਭਰਾ ਸਨ। ਦੋ ਸਕੇ ਭਰਾ ਚੌਧਰੀ ਹਰੀਆ ਅਤੇ ਚੌਧਰੀ ਸਿਰੀਆ। ਇਕ ਚਾਚੇ ਦਾ ਪੁੱਤਰ ਸ ਗੁਰਖਬਸ਼ ਸਿੰਘ ਜੋ ਕਾਲੇਕਾ ਪਰਿਵਾਰ ਦਾ ਮੁਖੀ ਸੀ। ਰਾਜਾ ਆਲਾ ਸਿੰਘ ਨੇ ਕਾਲੇਕਿਆਂ ਦੀ ਬਹਾਦਰੀ ਅਤੇ ਵਫ਼ਾਦਾਰੀ ਦੇਖੀ ਹੋਈ ਸੀ। ਉਸੇ ਅਨੁਸਾਰ ਕਾਲੇਕਿਆਂ ਨੂੰ ਇਕ ਹੋਰ ਮੁਸਲਮਾਨ ਪਰਿਵਾਰ ਜੋ ਹਰੀਆਓ ਡਸਕਾ ਰਹਿੰਦਾ ਸੀ, ਜਿਸ ਦਾ ਦਬ-ਦਬਾ ਬਹੁਤ ਸੀ ਅਤੇ ਉਹ ਰਾਜਾ ਆਲਾ ਸਿੰਘ ਦੇ ਵਿਰੁੱਧ ਸੀ, ਨੂੰ ਕੰਟਰੋਲ ਕਰਨ ਲਈ ਸਾਰੇ ਕਾਲੇਕਿਆਂ ਨੂੰ ਸਮਾਣੇ ਅਤੇ ਸ਼ਤੁਰਾਣੇ ਇਲਾਕੇ ਵਿਚ ਫੈਲਾ ਦਿੱਤਾ। ਸਾਡੇ ਵੱਡੇ ਵਡੇਰੇ ਚੌਧਰੀ ਹਰੀਆ ਨੂੰ ਦੁਗਾਲ ਅਤੇ ਤਿੰਨ ਪਿੰਡ ਬੂਰੜ, ਨਿਹਾਲਗੜ੍ਹ ਅਤੇ ਪਾਤੜਾਂ (ਹੁਣ ਮੰਡੀ) ਦੇ ਦਿੱਤੇ ਗਏ। ਛੋਟੇ ਭਰਾ ਚੌਧਰੀ ਸਿਰੀਆ ਨੂੰ ਵੱਡੀ ਢੰਢੋਲੀ, ਛੋਟੀ ਢੰਢੋਲੀ ਅਤੇ ਜਨਾਲ ਪਿੰਡ ਦਿੱਤੇ ਗਏ। ਸ. ਗੁਰਬਖਸ਼ ਸਿੰਘ ਕਾਲੇਕਾ ਨੂੰ ਪਿੰਡ ਕਮਾਲਪੁਰ ਅਤੇ ਅੱਧਾ ਬੱਮਣਾ ਦਿੱਤਾ ਗਿਆ।

1765 ਵਿਚ ਰਾਜਾ ਆਲਾ ਸਿੰਘ ਦੁਨੀਆ ਤੋਂ ਕੂਚ ਕਰ ਗਏ ਅਤੇ ਉਹਨਾਂ ਦਾ ਰਾਜ ਉਹਨਾਂ ਦੇ ਪੋਤਰੇ ਅਮਰ ਸਿੰਘ (ਪੁੱਤਰ ਸਰਦੂਲ ਸਿੰਘ, ਜੋ ਬਾਬਾ ਆਲਾ

ਸਿੰਘ ਦੇ ਜੀਵਨ ਕਾਲ ਵਿਚ ਹੀ ਲੜਾਈ ਵਿਚ ਸ਼ਹੀਦ ਹੋ ਗਏ) ਨੂੰ ਮਿਲਿਆ। ਰਾਜਾ ਅਮਰ ਸਿੰਘ ਨੂੰ ਹਰੀਆਓ ਠਸਕਾ ਪਰਿਵਾਰ ਬਹੁਤ ਤੰਗ ਕਰਨ ਲੱਗੇ। ਹਰੀਆਓ ਠਸਕਾ ਪਰਿਵਾਰ ਦਾ ਅਸਰ ਤਕਰੀਬਨ 100 ਮੁਸਲਮਾਨ ਪਿੰਡਾਂ ਵਿਚ ਸੀ ਜੋ ਸਮਾਣਾ ਸ਼ਤੁਰਾਣੇ ਇਲਾਕੇ ਵਿਚ ਸੀ। ਰਾਜੇ ਨੇ ਦੁਗਾਲ ਪਰਿਵਾਰ ਨੂੰ ਫੌਜ ਰੱਖਣ ਲਈ ਕਿਹਾ। ਦੁਗਾਲ ਪਰਿਵਾਰ ਦੇ ਨੇਤਾ ਸ. ਸੁਜਾਨ ਸਿੰਘ ਨੇ ਰਾਜਾ ਅਮਰ ਸਿੰਘ ਨੂੰ ਕਿਹਾ ਕਿ ਉਹ ਆਪਣੇ ਰਕਬੇ ਦੀ ਆਮਦਨ ਨਾਲ ਫੌਜ ਰੱਖਣ ਤੋਂ ਅਸਮੱਰਥ ਹਨ। ਰਾਜਾ ਅਮਰ ਸਿੰਘ ਨੇ ਸ. ਸੁਜਾਨ ਨੂੰ 8 ਪਿੰਡ ਹੋਰ ਦੇ ਦਿੱਤੇ ਅਤੇ ਉਸ ਨੂੰ ਇਲਾਕੇ ਦਾ ਜਰਨੈਲ ਸਥਾਪਿਤ ਕਰ ਦਿੱਤਾ। ਸੋ ਦਿਨਾਂ ਵਿਚ ਹੀ ਦੁਗਾਲ ਪਰਿਵਾਰ ਪਟਿਆਲੇ ਦਾ ਬਹਾਦਰ ਅਤੇ ਵੱਡਾ ਪਰਿਵਾਰ ਬਣ ਗਿਆ। 1835-36 ਵਿਚ ਸ. ਸੁਜਾਨ ਸਿੰਘ ਦੀ ਪੋਤੀ (ਸ. ਖੜਕ ਸਿੰਘ ਦੀ ਪੁੱਤਰੀ) ਮਹਾਰਾਜਾ ਕਰਮ ਸਿੰਘ ਨਾਲ ਵਿਆਹੀ ਗਈ। ਇਸ ਕਰਕੇ ਇਹ ਪਰਿਵਾਰ ਸਿਆਸੀ ਤੌਰ ਤੇ ਵੀ ਬਹੁਤ ਅੱਗੇ ਚਲਾ ਗਿਆ। ਸ. ਖੜਕ ਸਿੰਘ ਦੇ ਕੋਈ ਲੜਕਾ ਨਹੀਂ ਸੀ। ਜਿਸ ਕਰਕੇ ਉਸ ਦੀ ਜ਼ਮੀਨ ਉਸ ਦੇ ਨੇੜੇ ਦੇ ਰਿਸ਼ਤੇਦਾਰਾਂ ਨੂੰ ਮਿਲ ਗਈ।

ਚੌਧਰੀ ਹਰੀਆ ਦੇ ਚਾਰ ਪੁੱਤਰ ਸਨ। ਉਹਨਾਂ ਦਿਨਾਂ ਵਿਚ ਚੁੰਡੀ ਵੰਡ ਦੀ ਪ੍ਰਥਾ ਸੀ। ਚੁੰਡੀ ਗੁੱਤ ਨੂੰ ਕਹਿੰਦੇ ਹਨ। ਗੁੱਤ ਕੇਵਲ ਔਰਤਾਂ ਹੀ ਬਣਾਉਂਦੀਆਂ ਹਨ, ਇਸ ਲਈ ਇਸ ਦਾ ਨਾਮ ਚੁੰਡੀ ਪੈ ਗਿਆ। ਚੌਧਰੀ ਹਰੀਆ ਦੀਆਂ ਤਿੰਨ ਪਤਨੀਆਂ ਸਨ। ਸਾਰੀ ਜਾਇਦਾਦ ਦੇ ਤਿੰਨ ਹਿੱਸੇ ਬਣਨੇ ਸਨ। ਸਾਡੇ ਵਡੇਰੇ ਜੋਧਾ ਸਿੰਘ ਅਤੇ ਸੀਹਾਂ ਸਿੰਘ ਸਭ ਤੋਂ ਛੋਟੀ ਚੌਧਰਾਣੀ ਵਿਚੋਂ ਪੈਦਾ ਹੋਏ। ਚਾਰ ਪਿੰਡ ਚੌਧਰੀ ਹਰੀਆ ਨੇ ਇਸ ਪ੍ਰਕਾਰ ਵੰਡੇ। ਇਕ ਹਿੱਸਾ ਸਭ ਤੋਂ ਵੱਡੇ ਲੜਕੇ ਚੌਧਰੀ ਭਾਗਾ ਨੂੰ ਪਿੰਡ ਛੋਟੀ ਦੁਗਾਲ ਅਤੇ ਪਿੰਡ ਨਿਹਾਲਗੜ੍ਹ ਦੇ ਦਿੱਤਾ। ਦੂਜਾ ਹਿੱਸਾ ਚੌਧਰੀ ਕੌਰਾ ਨੂੰ ਦੁਗਾਲ ਵਿਖੇ ਤਕਰੀਬਨ 8 ਹਜ਼ਾਰ ਬਿੱਘੇ ਅਤੇ ਸਾਰਾ ਪਾਤੜਾਂ ਪਿੰਡ। ਤੀਸਰੀ ਪਤਨੀ ਦੇ ਦੋਵੇਂ ਪੁੱਤਰਾਂ (ਸ ਜੋਧਾ ਸਿੰਘ ਅਤੇ ਸ. ਸੀਹਾਂ ਸਿੰਘ) ਨੂੰ ਤੀਜਾ ਹਿੱਸਾ ਮਿਲਿਆ। ਪਿੰਡ ਦੁਗਾਲ ਵਿਚੋਂ 6200 ਬਿੱਘੇ ਜ਼ਮੀਨ ਅਤੇ ਸਾਰਾ ਬੂਰੜ ਪਿੰਡ। ਸੋ ਸਭ ਤੋਂ ਛੋਟੇ ਸ. ਸੀਹਾਂ ਸਿੰਘ ਜਿਸ ਦੀ ਅਸੀਂ ਔਲਾਦ ਹਾਂ, ਕੋਲ ਅੱਧਾ ਬੂਰੜ ਪਿੰਡ ਅਤੇ ਦੁਗਾਲ ਪਿੰਡ ਦੇ 3100 ਬਿੱਘੇ ਜ਼ਮੀਨ ਦੀ ਮਲਕੀਅਤ ਸੀ। ਸਾਡੇ ਵੱਡੇ ਵਡੇਰੇ ਇਹਨਾਂ ਦੋਹਾਂ ਪਿੰਡਾਂ ਵਿਚ ਖੇਤੀਬਾੜੀ ਕਰਦੇ ਰਹੇ।

ਪਟਿਆਲਾ ਰਾਜ ਵਿਚ ਦੁਗਾਲ ਪਿੰਡ ਦੀ ਮਹੱਤਤਾ ਇੰਨੀ ਜ਼ਿਆਦਾ ਸੀ ਕਿ ਦੁਗਾਲ ਪਿੰਡ ਵਿਚ ਓਨਰੇਰੀ ਮੈਜਿਸਟ੍ਰੇਸੀ ਦਿੱਤੀ ਗਈ। ਇੱਕ ਓਨਰੇਰੀ ਮੈਜਿਸਟ੍ਰੇਟ ਨੂੰ 6 ਮਹੀਨੇ ਤੱਕ ਕੈਦ ਕਰਨ ਦੀ ਸ਼ਕਤੀ ਸੀ। ਉਹ ਜਮਾਨਤਾਂ ਆਦਿਕ ਵੀ ਦੇ ਦਿੰਦਾ ਸੀ। ਦੁਗਾਲ ਵਿਚ ਓਨਰੇਰੀ ਮੈਜਿਸਟ੍ਰੇਸੀ ਸੁਜਾਨ ਸਿੰਘ ਦੇ ਪੜਪੋਤੇ ਸ. ਟੇਕ ਸਿੰਘ (1860-1931) ਅਤੇ ਬਾਅਦ ਵਿਚ ਉਸ ਦੇ ਪੁੱਤਰ ਸ. ਕ੍ਰਿਪਾਲ ਸਿੰਘ ਜੋ ਕਿ ਦੇਸ਼

ਦੀ ਆਜ਼ਾਦੀ ਤੱਕ ਔਨਰੇਰੀ ਮੈਜਿਸਟ੍ਰੇਟ ਰਹੇ। ਸਾਰੇ ਪਟਿਆਲੇ ਰਾਜ ਵਿਚ ਛੇ ਮੈਜਿਟ੍ਰੇਸੀਆਂ ਸਨ। ਇੱਕ ਮਹਿੰਦਰਗੜ੍ਹ (ਨਾਰਨੌਲ ਜੋ ਦਿੱਲੀ ਦੇ ਪਾਸ ਹੈ), ਇਕ ਹਿਮਾਚਲ ਪ੍ਰਦੇਸ਼, ਇੱਕ ਸ. ਡੱਲਾ ਸਿੰਘ ਦੀ ਔਲਾਦ ਵਿਚ ਪਿੰਡ ਸਾਬੋ ਦੀ ਤਲਵੰਡੀ, ਇੱਕ ਮਹਾਰਾਜਾ ਆਲਾ ਸਿੰਘ ਦੇ ਭਾਈਚਾਰੇ ਵਿਚੋਂ ਪਿੰਡ ਭਦੌੜ ਅਤੇ ਇੱਕ ਦੁਗਾਲ।

ਸ. ਟੇਕ ਸਿੰਘ ਨੇ ਆਪਣੇ ਖ਼ਰਚੇ 'ਤੇ ਪਿੰਡ ਦੁਗਾਲ ਇੱਕ ਕਚਹਿਰੀ ਬਣਵਾਈ ਅਤੇ ਜਨਤਾ ਦੀ ਭਲਾਈ ਲਈ ਗੁਰਦੁਆਰਾ ਸਾਹਿਬ ਬਣਵਾਇਆ। ਇਹ ਤਕਰੀਬਨ 1920 ਦੀ ਗੱਲ ਹੈ। ਗੁਰਦੁਆਰੇ ਵਿਚ ਲੰਗਰ ਆਦਿ ਦਾ ਸਾਰਾ ਪ੍ਰਬੰਧ ਸ. ਟੇਕ ਸਿੰਘ ਵੱਲੋਂ ਹੀ ਕੀਤਾ ਜਾਂਦਾ ਸੀ। ਸਾਡੇ ਪਰਿਵਾਰ ਦੇ ਸ. ਟੇਕ ਸਿੰਘ ਅਤੇ ਉਹਨਾਂ ਦੀਆਂ ਅਗਲੀਆਂ ਪੁਸ਼ਤਾਂ ਨਾਲ ਬਹੁਤ ਚੰਗੇ ਸਬੰਧ ਰਹੇ ਹਨ। ਸ. ਟੇਕ ਸਿੰਘ ਆਪਣੇ ਸਮੇਂ ਵਿਚ ਇਮਾਨਦਾਰੀ ਅਤੇ ਇਨਸਾਫ਼ ਲਈ ਇੰਨੇ ਮਸ਼ਹੂਰ ਹੋਏ ਕਿ ਲੋਕ ਸਾਡੇ ਪਿੰਡ ਨੂੰ ਸ. ਟੇਕ ਸਿੰਘ ਵਾਲੀ ਦੁਗਾਲ ਕਹਿਣ ਲੱਗੇ। ਇਲਾਕੇ ਦੇ ਲੋਕ ਇਹਨਾਂ ਤੋਂ ਆਸ਼ੀਰਵਾਦ ਅਤੇ ਸੂਝ ਬੂਝ ਦੀ ਸਿੱਖਿਆ ਵੀ ਲੈਣ ਜਾਂਦੇ ਸਨ। 1928 ਵਿਚ ਮੇਰੇ ਪਿਤਾ ਆਰਮੀ ਅਫ਼ਸਰ ਬਣੇ ਅਤੇ ਉਹਨਾਂ ਨੇ ਦੁਗਾਲ ਜਾਣਾ ਸੀ। ਮੇਰੇ ਬਾਬਾ ਜੀ ਸ. ਕਪੂਰ ਸਿੰਘ ਜੀ (ਜੋ ਪਟਿਆਲਾ ਰਹਿੰਦੇ ਸਨ) ਨੇ ਪਿਤਾ ਜੀ ਨੂੰ ਕਿਹਾ ਕਿ ਜੇ ਸ. ਟੇਕ ਸਿੰਘ ਦੁਗਾਲ ਵਿਖੇ ਹੋਣ ਤਾਂ ਉਹਨਾਂ ਨੂੰ ਜਰੂਰ ਮਿਲ ਕੇ ਆਉਣਾ ਹੈ ਤੇ ਆਸ਼ੀਰਵਾਦ ਲੈਣਾ ਹੈ। ਸ. ਟੇਕ ਸਿੰਘ ਨੇ ਮੇਰੇ ਪਿਤਾ ਨੂੰ ਅਸ਼ੀਰਵਾਦ ਦਿੱਤਾ ਅਤੇ ਨਾਲ ਹੀ ਕਿਹਾ ਕਿ ਉਹਨਾਂ ਨੂੰ ਰੁਪਏ ਵਿਚੋਂ ਚਾਰ ਆਨੇ (25 ਪ੍ਰਤੀਸ਼ਤ) ਬਚਾਉਣੇ ਚਾਹੀਦੇ ਹਨ। ਸ. ਟੇਕ ਸਿੰਘ ਨੂੰ ਰਾਜੇ ਮਹਾਰਾਜਿਆਂ ਅਤੇ ਹੋਰ ਰਈਅਸ ਪਰਿਵਾਰਾਂ ਵੱਲੋਂ ਰਿਸ਼ਤੇ ਆ ਰਹੇ ਸਨ। ਉਹਨਾਂ ਨੇ ਸ਼ਹੀਦ ਭਾਈ ਮਨੀ ਸਿੰਘ ਦੇ ਪਰਿਵਾਰ ਵਿਚ ਜੋ ਕਿ ਦਰਮਿਆਨਾ ਜ਼ਿੰਮੀਦਾਰਾ ਪਰਿਵਾਰ ਸੀ, ਵਿਆਹ ਕਰਵਾਉਣ ਨੂੰ ਤਰਜੀਹ ਦਿੱਤੀ।

1870 ਵਿਚ ਮੇਰੇ ਪੜਦਾਦਾ ਜੀ ਸ. ਮਾਨ ਸਿੰਘ ਪੈਦਲ ਤੁਰ ਕੇ ਹੀ ਪਟਿਆਲੇ ਆ ਗਏ। ਇਹਨਾਂ ਨੇ ਮਹਾਰਾਜਾ ਮਹਿੰਦਰ ਸਿੰਘ ਅਤੇ ਮਹਾਰਾਜਾ ਰਾਜਿੰਦਰ ਸਿੰਘ ਕੋਲ ਨੌਕਰੀ ਕੀਤੀ। ਉਹ ਜ਼ਿੰਮੇਵਾਰ ਅਤੇ ਇਮਾਨਦਾਰ ਅਫ਼ਸਰ ਬਣੇ। 1890 ਵਿਚ ਜਦੋਂ ਮਹਾਰਾਜਾ ਰਾਜਿੰਦਰ ਸਿੰਘ ਪਟਿਆਲੇ ਦੇ ਮਹਾਰਾਜਾ ਸਨ ਤਾਂ ਉਹਨਾਂ ਤੋਂ ਆਗਿਆ ਲੈ ਕੇ ਪੈਨਸ਼ਨ ਪ੍ਰਾਪਤ ਕਰਕੇ ਪਿੰਡ ਦੁਗਾਲ ਆਪਣੇ ਘਰ ਤੇ ਜ਼ਮੀਨ ਦੀਆਂ ਜ਼ਿੰਮੇਵਾਰੀਆਂ ਨਿਭਾਉਣ ਲਈ ਵਾਪਸ ਆ ਗਏ।

ਜਦੋਂ ਮਹਾਰਾਜਾ ਰਾਜਿੰਦਰ ਸਿੰਘ ਨਾਲ ਸ. ਮਾਨ ਸਿੰਘ ਨੇ ਆਪਣੀ ਰਿਟਾਇਰਮੈਂਟ ਦੀ ਗੱਲ ਕੀਤੀ ਤਾਂ ਮਹਾਰਾਜਾ ਨੇ ਕਿਹਾ ਕਿ ਉਹ ਉਹਨਾਂ ਦੇ ਲੜਕੇ ਕਪੂਰ ਸਿੰਘ ਜੋ ਉਹਨਾਂ ਨਾਲ ਹੀ ਰਹਿੰਦਾ ਸੀ, ਨੂੰ ਨੌਕਰੀ 'ਤੇ ਰੱਖ ਲੈਣਗੇ। ਦਾਦਾ ਜੀ ਅਜੇ 10 ਸਾਲ ਦੇ ਹੀ ਸਨ ਤੇ ਉਹਨਾਂ ਨੂੰ ਨੌਕਰੀ 'ਤੇ ਰੱਖ ਲਿਆ ਗਿਆ। 1909

ਵਿਚ ਯੁਵਰਾਜ ਭੁਪਿੰਦਰ ਸਿੰਘ ਨੇ ਮਹਾਰਾਜੇ ਦੀ ਸਹੁੰ ਚੁਕਣ ਲਈ ਸ਼ਿਮਲੇ ਵਾਇਸਰਾਏ ਕੋਲ ਜਾਣਾ ਸੀ। ਉਹ ਬਤੌਰ ਏ.ਡੀ.ਸੀ ਸ. ਕਪੂਰ ਸਿੰਘ ਨੂੰ ਨਾਲ ਲੈ ਕੇ ਗਏ। 1910 ਵਿਚ ਪਹਿਲਾ ਆਰਡਰ ਉਹਨਾਂ ਨੇ ਸ. ਕਪੂਰ ਸਿੰਘ ਦਾ ਹੀ ਕੀਤਾ। ਸ. ਕਪੂਰ ਸਿੰਘ ਨੂੰ ਲੈਫਟੈਣ ਬਣਾ ਕੇ ਉਹਨਾਂ ਦੀ ਇੱਛਾ ਅਨੁਸਾਰ ਉਹਨਾਂ ਨੂੰ ਭਰਤੀ ਅਫ਼ਸਰ ਲਗਾਇਆ। ਸ. ਕਪੂਰ ਸਿੰਘ ਸਾਰੀ ਉਮਰ ਭਰਤੀ ਅਫ਼ਸਰ ਰਹੇ ਅਤੇ 1928 ਵਿਚ ਰਿਟਾਇਰ ਹੋ ਗਏ ਅਤੇ 1947 ਵਿਚ ਦੁਨੀਆ ਤੋਂ ਚਲ ਵਸੇ।

ਸ. ਕਪੂਰ ਸਿੰਘ ਦੇ ਦੋ ਵਿਆਹ ਸਨ ਅਤੇ ਉਹਨਾਂ ਵਿਚੋਂ ਤਿੰਨ ਪੁੱਤਰ ਅਤੇ ਦੋ ਧੀਆਂ ਸਨ। ਤਿੰਨ ਪੁੱਤਰਾਂ ਵਿਚੋਂ ਵੱਡਾ ਪੁੱਤਰ ਪ੍ਰੀਤਮ ਸਿੰਘ (ਮੇਜਰ 1906-1990) ਜੋ ਮੇਰੇ ਪਿਤਾ ਸਨ। ਮੇਰੇ ਪਿਤਾ ਜੀ 1926 ਈ. ਵਿਚ ਮਹਿੰਦਰਾ ਕਾਲਜ, ਪਟਿਆਲਾ ਵਿਖੇ ਐੱਫ.ਐੱਸ.ਸੀ ਮੈਡੀਕਲ ਵਿਚ ਪੜ੍ਹ ਰਹੇ ਸਨ। ਉਹਨਾਂ ਨੂੰ ਪੜਾਈ ਵਿਚ ਹੀ ਛੱਡਣੀ ਪਈ ਅਤੇ ਫੌਜ ਦੀ ਟ੍ਰੇਨਿੰਗ ਕਰਨ ਲਗੇ। 1928 ਵਿਚ ਕਮਿਸ਼ਨ ਹੋ ਗਏ ਉਹ 1949 ਵਿਚ ਮੇਜਰ ਰਿਟਾਇਰ ਹੋਏ। ਮੇਰੇ ਪਿਤਾ ਤੋਂ ਇਲਾਵਾ ਉਹਨਾਂ ਦੇ ਦੋ ਛੋਟੇ ਭਰਾ ਸਨ। ਸ. ਬਲਦੇਵ ਸਿੰਘ ਦੋਵਾਂ ਵਿਚੋਂ ਵੱਡੇ ਸਨ। ਇਹਨਾਂ ਨੇ ਫੌਜ, ਸਿਵਿਲ ਅਤੇ ਵਪਾਰ ਆਦਿ ਕੀਤੇ। ਸਭ ਤੋਂ ਛੋਟੇ ਸ. ਦਵਿੰਦਰ ਸਿੰਘ (1923-92) ਜੋ 1947 ਵਿਚ ਸਬ ਇੰਸਪੈਕਟਰ ਪੁਲਿਸ ਭਰਤੀ ਹੋਏ ਅਤੇ 1989 ਵਿਚ ਡੀ.ਐੱਸ.ਪੀ. ਰਿਟਾਇਰ ਹੋਏ। ਸ. ਬਲਦੇਵ ਸਿੰਘ ਦਾ ਇਕਲੌਤਾ ਪੁੱਤਰ ਨਿਰਪਾਲ ਸਿੰਘ ਡਾਕੂਮੈਂਟ ਰਾਈਟਰ ਵੀ ਸੀ ਤੇ ਪ੍ਰਾਪਰਟੀ ਦਾ ਕੰਮ ਵੀ ਕਰਦਾ ਸੀ। ਸ. ਦਵਿੰਦਰ ਸਿੰਘ ਜੀ ਦੇ ਦੋ ਲੜਕੇ ਹਨ। ਵੱਡਾ ਲੜਕਾ ਰਸ਼ਵਿੰਦਰ ਸਿੰਘ, ਫੌਜ ਦਾ ਮੇਜਰ ਰਿਟਾਇਰ ਹੈ ਤੇ ਛੋਟਾ ਲੜਕਾ ਤੇਜਿੰਦਰ, ਫੂਡ ਸਪਲਾਈ ਅਫ਼ਸਰ ਰਿਟਾਇਰ ਹੈ।

ਮੇਰੇ ਪਿਤਾ ਜੀ ਦੇ ਦੋ ਛੋਟੀਆਂ ਭੈਣਾਂ ਵੀ ਸਨ। ਦੋਵਾਂ ਵਿਚੋਂ ਵੱਡੀ ਦਾ ਨਾਮ ਬੀਬਾ ਨਰਿੰਦਰ ਕੌਰ ਸੀ। ਇਹਨਾਂ ਦਾ ਵਿਆਹ ਚੀਨ ਵਿਚ ਕਸਟਮ ਅਫ਼ਸਰ ਲੱਗੇ ਸ. ਫੁਲਿੰਦਰ ਸਿੰਘ ਸਿੱਧੂ ਨਾਲ ਹੋਇਆ। ਇਹ ਪਰਿਵਾਰ ਚੀਨ ਵਿਚ ਹੱਲਾ-ਗੁੱਲਾ ਹੋਣ ਕਰਕੇ ਭਾਰਤ ਵਾਪਸ ਆ ਗਿਆ। ਸਾਡੇ ਭੂਆ ਜੀ ਅਤੇ ਫੁੱਫੜ ਜੀ ਦੋਵੇਂ ਦੁਨੀਆ ਨੂੰ ਅਲਵਿਦਾ ਕਹਿ ਗਏ ਹਨ। ਇਸ ਜੋੜੀ ਦੇ ਚਾਰ ਪੁੱਤਰ ਹਨ, ਤਿੰਨ ਪਟਿਆਲੇ ਰਹਿੰਦੇ ਹਨ ਅਤੇ ਇਕ ਸਾਬੋ ਕੀ ਤਲਵੰਡੀ, ਬਠਿੰਡਾ ਵਿਖੇ। ਚਾਰੇ ਭਰਾ ਪੜ੍ਹੇ-ਲਿਖੇ, ਸ਼ਰੀਫ ਅਤੇ ਚੰਗੀ ਤਰ੍ਹਾਂ ਸਥਾਪਿਤ ਹਨ। ਪਿਤਾ ਜੀ ਦੀ ਛੋਟੀ ਭੈਣ ਜੋ ਭੈਣ-ਭਾਈਆਂ ਵਿਚੋਂ ਵੀ ਛੋਟੀ ਸੀ, ਦਾ ਨਾਮ ਬੀਬਾ ਬਲਜੀਤ ਕੌਰ ਸੀ। ਇਹ ਪਿੰਡ ਬਿਸ਼ਨਪੁਰੇ ਦੇ ਨਾਮੀ ਗਰੇਵਾਲ ਪਰਿਵਾਰ ਵਿਚ ਵਿਆਹੇ ਸਨ। ਇਹਨਾਂ ਦੇ ਕੋਈ ਔਲਾਦ ਨਹੀਂ ਸੀ। ਇਹ ਵੀ 2008 ਵਿਚ ਸਵਰਗਵਾਸ ਹੋ ਗਏ ਹਨ।

# ਸਾਡਾ ਪਰਿਵਾਰ

ਸਾਡੇ ਪਿਤਾ ਮੇਜਰ ਪ੍ਰੀਤਮ ਸਿੰਘ ਜੀ (1906-1990) 84 ਸਾਲ ਤੱਕ ਜੀਵਤ ਰਹੇ। ਉਹਨਾਂ ਦਾ ਪਹਿਲਾ ਵਿਆਹ ਦਸਵੀਂ ਵਿਚ ਪੜ੍ਹਦਿਆਂ 1924 ਵਿਚ ਹੋ ਗਿਆ ਸੀ। ਦੂਜਾ ਵਿਆਹ 1927 ਵਿਚ ਅਤੇ ਤੀਜਾ ਵਿਆਹ ਸਾਡੇ ਮਾਤਾ ਜੀ ਸਰਦਾਰਨੀ ਜਗੀਰ ਕੌਰ ਸਿੱਧੂ ਨਾਲ 1931 ਵਿਚ ਹੋਇਆ। ਤੀਸਰੇ ਵਿਆਹ ਵੇਲੇ ਮੇਰੇ ਪਿਤਾ ਜੀ ਫੌਜ ਵਿਚ ਲਫਟੈਣ ਸਨ। ਮੇਰੇ ਪਿਤਾ ਜੀ ਬਹੁਤ ਤੇਜ਼ ਬੋਲਦੇ ਸਨ ਅਤੇ ਤੇਜ਼ ਹੀ ਤੁਰਦੇ ਸਨ। ਪਿਤਾ ਜੀ ਸਰੀਰ ਕਰਕੇ ਕਾਫੀ ਤੱਕੜੇ ਸਨ। ਇਕ ਵਾਰ 1926 ਵਿਚ ਫੌਜ ਦੀ ਟ੍ਰੇਨਿੰਗ ਦੌਰਾਨ ਘੋੜਸਵਾਰੀ ਕਰਦੇ ਹੋਏ,ਘੋੜਾ ਟੋਏ ਵਿਚ ਡਿੱਗ ਵਿਆ। ਘੋੜੇ ਦੀ ਗਰਦਨ ਟੁੱਟ ਗਈ ਅਤੇ ਉਹ ਥਾਵੇਂ ਹੀ ਮਰ ਗਿਆ। ਪਿਤਾ ਜੀ ਵੀ ਡਿੱਗ ਗਏ ਅਤੇ ਉਹਨਾਂ ਦੀ ਇਕ ਟੰਗ ਘੋੜੇ ਦੇ ਵਜ਼ਨ ਨਾਲ ਟੁੱਟ ਗਈ। ਉਸ ਵੇਲੇ ਟ੍ਰੇਨਿੰਗ ਦਾ ਇੰਚਰਾਜ ਅੰਗਰੇਜ਼ ਕਰਨਲ ਸੀ ਜੋ ਪਿਤਾ ਜੀ ਨੂੰ ਦਾਦਾ ਜੀ ਸ. ਕਪੂਰ ਸਿੰਘ ਜੀ ਕਰਕੇ ਜਾਣਦਾ ਸੀ। ਉਹ ਚਾਹੁੰਦਾ ਸੀ ਕਿ ਪਿਤਾ ਜੀ ਕੁਝ ਦਿਨ ਆਰਾਮ ਕਰ ਲੈਣ ਤੇ ਉਹਨਾਂ ਦਾ ਕਮਿਸ਼ਨ ਕੁਝ ਮਹੀਨੇ ਲੇਟ ਹੋ ਜਾਵੇ। ਪਿਤਾ ਜੀ, ਦਾਦਾ ਜੀ ਅਤੇ ਕਰਨਲ ਸਾਹਿਬ ਦੀ ਸਾਰੀ ਗੱਲ ਸੁਣ ਰਹੇ ਸਨ। ਉਹਨਾਂ ਨੇ ਕਰਨਲ ਸਾਹਿਬ ਨੂੰ ਬੇਨਤੀ ਕੀਤੀ ਕਿ ਮੈਨੂੰ ਤੁਸੀਂ ਦੋ ਸਿਪਾਹੀ ਦੇ ਸਕਦੇ ਹੋ। ਕਰਨਲ ਨੇ ਪੁੱਛਿਆ ਕਿ ਤੁਸੀਂ ਦੋ ਸਿਪਾਹੀਆਂ ਦਾ ਕੀ ਕਰੋਗੇ। ਪਿਤਾ ਜੀ ਕਹਿਣ ਲੱਗੇ, "ਸਰ ਦੋ ਸਿਪਾਹੀ ਪਕੜ ਕੇ ਮੈਨੂੰ ਘੋੜੇ 'ਤੇ ਚੜ੍ਹਾਅ ਦੇਣ। ਮੈਂ ਦੋ ਚਾਰ ਮੀਲ ਘੋੜੇ 'ਤੇ ਬੈਠ ਕੇ ਦੇਖ ਲਵਾਂਗਾ ਕਿ ਪਲਸਤਰ ਨਾਲ ਮੈਂ ਟ੍ਰੇਨਿਗ ਕਰ ਲਵਾਂਗਾ ਜਾਂ ਨਹੀਂ।" ਅਜਿਹਾ ਹੀ ਹੋਇਆ। ਪਿਤਾ ਜੀ ਨੇ ਪਲਸਤਰ ਦੇ ਨਾਲ ਹੀ ਸਾਰੀ ਟ੍ਰੇਨਿੰਗ ਕਰ ਲਈ। ਪਿਤਾ ਜੀ ਟੈਂਟ ਪੈਗਿੰਗ ਦੇ ਬਹੁਤ ਅੱਛੇ ਖਿਡਾਰੀ ਬਣੇ। ਪਿਤਾ ਜੀ 1928 ਵਿਚ ਸੈਕਿੰਡ ਲਫਟੈਣ ਭਰਤੀ ਹੋ ਕ ਮੇਜਰ ਰਿਟਾਇਰ ਹੋਏ।

ਉਹਨਾਂ ਦਾ ਪਾਠ-ਪੂਜਾ ਦਾ ਤਰੀਕਾ ਵੀ ਬਹੁਤ ਮਿਹਨਤ ਵਾਲਾ ਸੀ। ਉਹ ਤਿੰਨ ਵਜੇ ਉੱਠਦੇ ਸਨ। ਉਹਨਾਂ ਦਾ ਕੱਦ 5'4" ਸੀ। ਸਾਰੀ ਉਮਰ ਮੈਂ ਕਦੇ ਉਹਨਾਂ ਨੂੰ ਢਿੱਲੇ ਬੈਠੇ ਨਹੀਂ ਦੇਖਿਆ। ਉਹਨਾਂ ਦਾ ਅੰਗਰੇਜ਼ੀ, ਪੰਜਾਬੀ, ਹਿੰਦੀ ਅਤੇ ਉਰਦੂ ਦਾ ਹੈਂਡ ਰਾਈਟਿੰਗ ਬਹੁਤ ਸੁੰਦਰ ਸੀ। ਪਿਤਾ ਜੀ ਨੇ ਪਰਸ਼ੀਅਨ ਵੀ ਪੜ੍ਹੀ ਹੋਈ ਸੀ। ਪਿਤਾ ਜੀ 1926 ਵਿਚ ਐਫ.ਐਸ.ਸੀ. ਕਰ ਰਹੇ ਸਨ ਜਦੋਂ ਇਹਨਾਂ ਨੂੰ ਫੌਜ ਵਿਚ ਜਾਣ ਦਾ ਮੌਕਾ ਮਿਲਿਆ। ਪਿਤਾ ਜੀ ਅੰਗਰੇਜ਼ੀ ਬਹੁਤ ਸੋਹਣੀ ਬੋਲਦੇ ਸਨ। ਜਦੋਂ ਉਹ ਅੰਗਰੇਜ਼ ਅਫ਼ਸਰਾਂ ਨਾਲ ਟ੍ਰੇਨਿੰਗ ਕਰਦੇ ਸਨ ਤਾਂ ਬਹੁਤ ਅੱਛੀ ਅੰਗਰੇਜ਼ੀ ਵਿਚ ਗੱਲਾਂ ਕਰਦੇ ਸਨ। ਅੰਗਰੇਜ਼ ਅਫ਼ਸਰ ਉਹਨਾਂ ਤੋਂ ਪੁੱਛਦੇ ਕਿ ਤੁਸੀਂ ਬੀ.ਏ.

ਕਿੱਥੋਂ ਕੀਤੀ ਹੈ ਤਾਂ ਪਿਤਾ ਜੀ ਕਹਿ ਦਿੰਦੇ ਕਿ ਮੈਂ ਸਿਰਫ ਮੈਟਰਿਕ ਪਾਸ ਹਾਂ ਤਾਂ ਅੰਗਰੇਜ਼ ਅਫਸਰ ਬਹੁਤ ਹੈਰਾਨ ਹੁੰਦੇ ਸਨ। ਪਿਤਾ ਜੀ ਰਿਟਾਇਰ ਹੋਣ ਤੋਂ ਬਾਅਦ ਤਕਰੀਬਨ 30 ਸਾਲ ਪਿੰਡ ਦੁਗਾਲ ਵਿਖੇ ਰਹੇ। ਉਹਨਾਂ ਦਾ ਇਮਾਨਦਾਰੀ 'ਤੇ ਬਹੁਤ ਜ਼ੋਰ ਸੀ। ਉਹਨਾਂ ਨੇ ਆਪਣੇ ਚਾਰ ਭੈਣ-ਭਾਈਆਂ ਅਤੇ ਮਾਤਾ-ਪਿਤਾ ਜੀ ਬਹੁਤ ਦੇਖਭਾਲ ਕੀਤੀ। ਸਾਡੇ ਨੌ ਭੈਣ-ਭਰਾਵਾਂ ਦੇ ਪਾਲਣ-ਪੋਸ਼ਣ ਅਤੇ ਪੜ੍ਹਾਈ ਵਿਚ ਉਹਨਾਂ ਨੇ ਕੋਈ ਕਸਰ ਨਹੀਂ ਛੱਡੀ।

ਸਾਡੇ ਮਾਤਾ ਜੀ, ਪਿਤਾ ਜੀ ਤੋਂ 11 ਸਾਲ ਛੋਟੇ ਸਨ। 1996 ਵਿਚ 81 ਸਾਲ ਦੀ ਉਮਰ ਵਿਚ ਮਿਲਵਾਕੀ ਸ਼ਹਿਰ, ਅਮਰੀਕਾ ਵਿਖੇ ਮਾਤਾ ਜੀ ਨੇ ਸਵਾਸ ਤਿਆਗ ਦਿੱਤੇ। ਮੇਰੇ ਮਾਤਾ ਜੀ ਦਾ ਕੱਦ 5'7" ਸੀ ਅਤੇ ਰੰਗ ਦੁੱਧ ਵਰਗਾ ਚਿੱਟਾ ਸੀ। ਉਹਨਾਂ ਨੂੰ ਬਚਪਨ ਤੋਂ ਹੀ ਦੁੱਧ-ਘੀ ਨਾਲ ਬਹੁਤ ਪਿਆਰ ਸੀ। ਉਹਨਾਂ ਦਾ ਸੁਭਾਅ ਸਾਦਾ ਸੀ ਤੇ ਹੌਲੀ-ਹੌਲੀ ਗੱਲਾਂ ਕਰਦੇ ਸਨ। ਉਹਨਾਂ ਦਾ ਪਿਛੋਕੜ ਜ਼ਿਮੀਂਦਾਰਾ ਸੀ। ਮਾਤਾ ਜੀ ਜ਼ਮੀਨ ਨਾਲ ਬਹੁਤ ਪਿਆਰ ਕਰਦੇ ਸਨ ਅਤੇ ਪਿਤਾ ਜੀ ਪੜ੍ਹਾਈ ਅਤੇ ਅਫ਼ਸਰੀ ਨਾਲ ਪਿਆਰ ਕਰਦੇ ਸਨ। ਮਾਤਾ ਜੀ ਆਪਣੇ ਆਖਰੀ 6-7 ਸਾਲ ਬਹੁਤ ਔਖੇ ਰਹੇ ਅਤੇ ਉਹਨਾਂ ਦੀ ਮੌਤ ਪਾਰਕਿਨਸਨ ਨਾਲ ਹੋਈ। ਮਾਤਾ ਜੀ ਅਤੇ ਉਹਨਾਂ ਦੇ ਪਰਿਵਾਰ 'ਤੇ ਸਿੰਘ ਸਭਾ ਲਹਿਰ ਦਾ ਬਹੁਤ ਅਸਰ ਸੀ। ਮੇਰੇ ਨਾਨਾ ਜੀ ਸ. ਜੋਗਿੰਦਰ ਸਿੰਘ ਬਹੁਤ ਬਹਾਦਰ ਇਨਸਾਨ ਸਨ ਅਤੇ ਅਕਸਰ ਕਿਹਾ ਕਰਦੇ ਸਨ, "ਹੱਥਾਂ ਬਾਝ ਕਰਾਰਿਆ ਵੈਰੀ ਮਿਤ ਨਾ ਹੋਇ"। ਮੇਰੇ ਮਾਤਾ ਜੀ ਅਕਸਰ ਇਹ ਗੱਲ ਸਾਨੂੰ ਸੁਣਾਉਂਦੇ ਸਨ। ਉਹਨਾਂ ਦੇ ਚਾਚਾ ਸ. ਸ਼ਮਸ਼ੇਰ ਸਿੰਘ ਅਤੇ ਚਾਚਾ ਜੀ ਦਾ ਪੁੱਤਰ ਆਤਮਾ ਸਿੰਘ ਦੀ ਸ਼ਹੀਦੀ ਬਾਰੇ ਵੀ ਬਹੁਤ ਵਿਸਥਾਰ ਨਾਲ ਦੱਸਦੇ ਸਨ। ਦੱਸਦੇ-ਦੱਸਦੇ ਉਹਨਾਂ ਦੀਆਂ ਨਮ ਹੋ ਜਾਂਦੀਆਂ ਸਨ। ਗੁਰੂ ਘਰ ਅਤੇ ਗੁਰੂ ਇਤਿਹਾਸ ਨਾਲ ਮਾਤਾ ਜੀ ਦਾ ਬਹੁਤ ਸਨੇਹ ਸੀ। ਕੋਈ ਵੀ ਪੰਜਾਬੀ ਦੀ ਕਿਤਾਬ, ਅਖਬਾਰ ਜਾਂ ਕਾਗਜ਼ ਧਰਤੀ 'ਤੇ ਡਿੱਗਾ ਹੁੰਦਾ ਦੇਖਦੇ ਸੀ ਤਾਂ ਉਹਨੂੰ ਚੁੱਕ ਕੇ ਪਹਿਲਾਂ ਮੱਥੇ 'ਤੇ ਲਾਉਂਦੇ ਸੀ ਅਤੇ ਫਿਰ ਉਸ ਕਾਗਜ਼ ਨੂੰ ਸੰਭਾਲ ਕੇ ਰੱਖਦੇ ਸਨ। ਅਸੀਂ ਮਾਤਾ-ਪਿਤਾ ਦੇ ਨੌ ਬੱਚੇ ਹੋਏ:-

1. ਪਰਮਿੰਦਰ ਸਿੰਘ 1933 (ਪੁੱਤਰ)
2. ਰੁਪਿੰਦਰ ਕੌਰ 1935 (ਪੁੱਤਰੀ)
3. ਰਾਜਿੰਦਰ ਕੌਰ 1937 (ਪੁੱਤਰੀ)
4. ਜਸਵਿੰਦਰ ਕੌਰ 1939 ( ਪੁੱਤਰੀ)
5. ਅਮਰਜੀਤ ਸਿੰਘ 1943 (ਪੁੱਤਰ)
6. ਜਗਜੀਤ ਸਿੰਘ 1944 ( ਪੁੱਤਰ)
7. ਸਤਵੰਤ ਸਿੰਘ 1947 ( ਪੁੱਤਰ)
8. ਗੁਰਵੰਤ ਸਿੰਘ 1950 ( ਪੁੱਤਰ)

9. ਹਰਿੰਦਰ ਕੌਰ 1952 (ਪੁੱਤਰੀ)

**1) ਪਰਮਿੰਦਰ ਸਿੰਘ:–** ਪਰਮਿੰਦਰ ਸਿੰਘ ਬਚਪਨ ਤੋਂ ਹੀ ਸਰੀਰਕ ਤੌਰ ਤੇ ਬਹੁਤ ਕਮਜ਼ੋਰ ਸੀ। ਉਸ ਨੂੰ ਛੋਟੀ ਉਮਰ ਵਿਚ ਹੀ ਐਨਕਾਂ ਲੱਗ ਗਈਆਂ ਸਨ। ਉਸ ਨੇ 1949 ਵਿੱਚ ਦੱਸਵੀਂ ਕਲਾਸ ਦੇ ਇਮਤਿਹਾਨ ਬੀ.ਐਨ. ਖਾਲਸਾ ਸਕੂਲ ਤੋਂ ਦਿੱਤੇ ਪਰ ਉਹ ਫੇਲ੍ਹ ਹੋ ਗਿਆ। ਅਗਲੇ ਸਾਲ ਮੇਰੇ ਪਿਤਾ ਜੀ ਨੇ 100 ਰੁਪਏ ਮਹੀਨੇ ਤੇ ਉਸ ਦੀ ਟਿਊਸ਼ਨ ਰੱਖੀ ਅਤੇ ਉਹ ਮੁਸ਼ਿਕਲ ਨਾਲ ਹੀ ਪਾਸ ਹੋਇਆ। ਉਹ ਪੜ੍ਹਨਾ ਨਹੀਂ ਚਾਹੁੰਦਾ ਸੀ।1950 ਵਿੱਚ ਉਸ ਦਾ ਵਿਆਹ ਹੋ ਗਿਆ। ਮੇਰੇ ਪਿਤਾ ਜੀ ਨੇ ਆਪਣੇ ਅਸਰ ਰਸੂਖ ਨਾਲ ਪਰਮਿੰਦਰ ਸਿੰਘ ਨੂੰ ਸਬ ਇੰਸਪੈਕਟਰ ਕੰਸੋਲੀਡੇਸ਼ਨ ਭਰਤੀ ਕਰਵਾ ਦਿੱਤਾ ਅਤੇ ਉਹ ਹਿਮਾਚਲ ਤੋਂ ਨਾਇਬ ਤਹਿਸੀਲਦਾਰ ਰਿਟਾਇਰ ਹੋਇਆ। ਉਸ ਨੇ ਆਪਣੇ ਪਿੰਡ ਦੇ ਹਿੱਸੇ ਦੀ ਜ਼ਮੀਨ ਵੇਚ ਕੇ ਹਿਮਾਚਲ ਵਿਚ ਕੁਝ ਜ਼ਮੀਨ ਖਰੀਦ ਲਈ ਸੀ। 1988 ਈ ਵਿਚ 55 ਸਾਲ ਦੀ ਉਮਰ ਵਿਚ ਦਿਲ ਦਾ ਦੌਰਾ ਪੈਣ ਨਾਲ ਉਸ ਦੀ ਮੌਤ ਹੋ ਗਈ। ਉਸ ਦਾ ਵਿਆਹ ਰੁਲਦੂ ਸਿੰਘ ਵਾਲੇ ਦੇ ਇੱਜ਼ਤਦਾਰ ਪਰਿਵਾਰ ਵਿਚ ਹੋਇਆ। ਉਨਾਂ ਦੇ ਇੱਕ ਲੜਕੀ ਅਤੇ ਦੋ ਲੜਕੇ ਹਨ, ਜੋ ਪੜ੍ਹੇ ਲਿਖੇ ਅਤੇ ਜੀਵਨ ਵਿਚ ਸਥਾਪਿਤ ਹਨ।

**2) ਰੁਪਿੰਦਰ ਕੌਰ:–** ਰੁਪਿੰਦਰ ਸੱਤਵੀਂ ਕਲਾਸ ਤੱਕ ਮਹਿੰਦਰਾ ਕੰਨਿਆ ਮਹਾਂ ਵਿਦਿਆਲਿਆ ਪਟਿਆਲਾ ਵਿਚ ਪੜ੍ਹਦੀ ਸੀ, ਜਦ ਪਟਿਆਲੇ ਦੇ ਇੱਕ ਅਮੀਰ ਜ਼ਿੰਮੀਦਾਰ ਘਰਾਣੇ ਨੇ ਜੋ ਕਿ ਰਾਜਾ ਗੁਰਦਿੱਤ ਸਿੰਘ ਰੇਤਗੜ੍ਹ ਨਾਲ ਸੰਬੰਧਿਤ ਸੀ, ਮੇਰੇ ਪਿਤਾ ਜੀ ਨੂੰ ਮਿਲੇ ਤੇ ਮੇਰੀ ਭੈਣ ਦਾ ਰਿਸ਼ਤਾ ਮੰਗਿਆ। ਮੇਰੀ ਭੈਣ ਦੇ ਪਤੀ ਸ.ਹਰਨੇਕ ਸਿੰਘ ਬਹੁਤ ਸੁੰਦਰ ਪਤਲੇ ਲੰਮੇ ਸਨ, ਨਾਲ 1950 ਵਿੱਚ ਵਿਆਹ ਹੋਇਆ। 52 ਸਾਲ ਦੀ ਛੋਟੀ ਉਮਰ ਵਿਚ ਹੀ 1983 ਵਿਚ ਉਹ ਅਕਾਲ ਚਲਾਣਾ ਕਰ ਗਏ। ਮੇਰੇ ਭੈਣ ਜੀ ਜਨਵਰੀ 2018 ਵਿਚ 83 ਸਾਲ ਦੀ ਉਮਰ ਵਿਚ ਸਵਰਗਵਾਸ ਹੋਏ। ਉਸ ਦੇ ਬੱਚੇ ਚੰਗੇ ਪੜ੍ਹੇ ਲਿਖੇ ਹਨ ਅਤੇ ਜੀਵਨ ਵਿਚ ਚੰਗੇ ਸਥਾਪਤ ਹਨ।

**3) ਰਾਜਿੰਦਰ ਕੌਰ:–** ਰਾਜਿੰਦਰ ਕੌਰ ਪੜ੍ਹਨ ਨੂੰ ਬਹੁਤ ਕਮਜ਼ੋਰ ਸੀ। ਦਸਵੀਂ ਕਰਨ ਤੋਂ ਬਾਅਦ ਉਸ ਨੇ ਜੇ.ਬੀ.ਟੀ ਕੀਤੀ। ਉਸ ਦਾ ਵਿਆਹ ਦਿਲੀ ਦੇ ਇੱਕ ਨਾਮੀ ਗਣਿਤ ਦੇ ਅਧਿਆਪਕ ਨਾਲ ਹੋਇਆ। ਇਹ ਅਮਰੀਕਾ ਵਿੱਚ ਰਹਿੰਦੀ ਹੈ। ਇਸ ਦੇ ਪਤੀ ਹੁਣੇ ਹੀ 85 ਸਾਲ ਦੀ ਉਮਰ ਵਿਚ ਅਕਾਲ ਚਲਾਣਾ ਕਰ ਗਏ।

**4) ਜਸਵਿੰਦਰ ਕੌਰ:–** ਇਹਨਾਂ ਨੇ ਪੰਜਾਬੀ ਵਿਚ ਐਮ.ਏ. ਕੀਤੀ ਅਤੇ ਐਸ.ਡੀ. ਕਾਲਜ ਬਠਿੰਡਾ ਵਿਖੇ ਪ੍ਰੋਫੈਸਰ ਰਹੇ। ਇਹ 1999 ਵਿਚ ਰਿਟਾਇਰ ਹੋਏ ਅਤੇ ਸਾਡੇ ਜੱਦੀ ਘਰ ਪਟਿਆਲਾ ਵਿਖੇ ਬਹੁਤ ਖੁਸ਼ੀ ਰਿਟਾਇਰ ਜੀਵਨ ਬਤੀਤ ਕਰ ਰਹੇ ਹਨ। ਇਹਨਾਂ ਦੇ ਪਤੀ ਸ. ਜਗਵੰਤ ਸਿੰਘ ਢਿੱਲੋਂ ਜੋ ਕਿ ਜ਼ਿਲ੍ਹਾ ਸੈਸ਼ਨ ਜੱਜ ਰਿਟਾਇਰ ਹੋਏ 62 ਸਾਲ ਦੀ ਉਮਰ ਵਿਚ ਅਕਾਲ ਚਲਾਣਾ ਕਰ ਗਏ। ਇਸ ਵਿਵਾਹਿਤ ਜੋੜੀ ਦੇ

ਕੋਈ ਔਲਾਦ ਨਹੀਂ ਸੀ।

**5) ਲੇਖਕ ਅਮਰਜੀਤ ਸਿੰਘ:–** ਮੇਰਾ ਜਨਮ 1943 ਵਿਚ ਹੋਇਆ। ਮੈਂ 20 ਸਾਲ ਦੀ ਉਮਰ ਵਿੱਚ ਐੱਮ.ਏ ਕੀਤੀ ਅਤੇ ਉਸ ਸਾਲ ਹੀ ਫੌਜ ਜਾਇਨ ਕਰ ਲਈ। ਮੈਨੂੰ 22 ਸਾਲ ਦੀ ਉਮਰ ਵਿਚ 1965 ਦੀ ਲੜਾਈ ਵਿਚ ਬਹਾਦਰੀ ਮਿਲੀ। 1970 ਵਿਚ ਮੈਂ ਆਰਮੀ, ਕਿਸੇ ਸਿਵਿਲ ਕੈਰੀਅਰ ਦੀ ਖਾਤਰ ਛੱਡ ਦਿੱਤੀ। 1971 ਵਿਚ ਸਰਕਾਰੀ ਕਾਲਜ ਟਾਂਡਾ ਵਿਖੇ ਪੋਲੀਟੀਕਲ ਸਾਇੰਸ ਦਾ ਪ੍ਰੋਫੈਸਰ ਲੱਗ ਗਿਆ ਤੇ 1972 ਵਿਚ ਸਰਕਾਰੀ ਕਾਲਜ ਨਾਭੇ ਆ ਗਿਆ। ਜੂਨ 1972 ਵਿਚ ਮੇਰਾ ਵਿਆਹ ਹੋਇਆ। 1974 ਵਿਚ ਹੀ ਮੈਂ ਪੀ.ਸੀ.ਐੱਸ ਸਿਲੈਕਟ ਹੋ ਗਿਆ ਤੇ ਆਬਕਾਰੀ ਕਰ ਵਿਭਾਗ ਵਿਚ ਬਤੌਰ ਈ.ਟੀ.ਓ. ਭਰਤੀ ਹੋਇਆ। ਮੈਂ 2001 ਵਿਚ ਇਸੇ ਮਹਿਕਮੇ ਵਿਚੋਂ ਐਡੀਸ਼ਨਲ ਕਮਿਸ਼ਨਰ ਆਬਕਾਰੀ ਅਤੇ ਟੈਕਸੇਸ਼ਨ, ਰਿਟਾਇਰ ਹੋਇਆ। 1993 ਤੋਂ 1998 ਵਿਚ ਮੈਂ ਅਮਰੀਕਾ ਬੱਚਿਆਂ ਨੂੰ ਪੜ੍ਹਾਉਣ ਲਈ ਗਿਆ ਤੇ 2001 ਨੂੰ ਰਿਟਾਇਰਮੈਂਟ ਤੋਂ ਬਾਅਦ ਫਿਰ ਮੈਂ ਅਤੇ ਮੇਰੀ ਪਤਨੀ ਨੇ 2010 ਤੱਕ ਅਮਰੀਕਾ ਬੱਚਿਆਂ ਦੀ ਮਦਦ ਕੀਤੀ। ਦਸੰਬਰ 2010 ਵਿਚ ਮੈਂ ਅਤੇ ਮੇਰੀ ਪਤਨੀ ਪੱਕੇ ਤੌਰ ਤੇ ਭਾਰਤ ਆ ਗਏ। ਛੋਟੀ ਉਮਰ ਵਿਚ ਮੈਂ ਆਪਣੇ ਪਿਤਾ ਦੀ ਜ਼ਿੰਮੇਵਾਰੀ ਨੂੰ ਮੋਢਾ ਲਾਇਆ ਅਤੇ ਵਿਆਹ ਵੀ ਲੇਟ ਕਰਵਾਇਆ। ਮੈਂ ਆਪਣੀ ਨੌਕਰੀ ਤੋਂ ਇਲਾਵਾ ਆਪਣੇ ਜੱਦੀ ਪੁਸ਼ਤੀ ਪਿੰਡ ਦੁਗਾਲ ਵਿਖੇ ਜ਼ਮੀਨ ਦਾ ਵੀ ਧਿਆਨ ਰੱਖਿਆ। 1978 ਵਿਚ ਮੈਂ ਆਪਣੇ ਹਿੱਸੇ ਦੀ 50 ਬਿਘੇ ਜ਼ਮੀਨ ਦੁਗਾਲ ਤੋਂ ਵੇਚ ਕੇ ਹਿਮਾਚਲ ਵਿੱਚ 31 ਏਕੜ ਜ਼ਮੀਨ ਖ਼ਰੀਦੀ। 1985 ਵਿਚ ਮੈਂ ਨਿਊ ਲਾਲ ਬਾਗ਼ ਕਲੋਨੀ ਵਿਚ ਆਪਣਾ ਘਰ ਬਣਾਇਆ। ਮੇਰੀ ਪਤਨੀ, ਜਸਮਿੰਦਰ ਕੌਰ, ਬਿਰਲਾ ਇੰਸਟੀਚਿਊਟ ਐਂਡ ਟੈਕਨੋਲੋਜੀ, ਪਿਲਾਨੀ ਤੋਂ ਐੱਮ.ਐੱਸਸੀ ਹੈ। ਇਹ ਲੈਕਚਰਾਰ ਭਰਤੀ ਹੋ ਕੇ 2002 ਵਿਚ ਪ੍ਰਿੰਸੀਪਲ ਪਟਿਆਲਾ ਤੋਂ ਰਿਟਾਇਰ ਹੋਏ। ਅਸੀਂ ਆਪਣੇ ਦੋਵਾਂ ਬੱਚਿਆਂ ਨੂੰ ਅਮਰੀਕਾ ਪੜ੍ਹਾਇਆ ਤੇ ਹੁਣ ਭਾਰਤ ਵਾਪਸ ਆ ਗਏ ਹਾਂ।

ਮੈਂ ਤਿੰਨ ਮਹਿਕਮਿਆਂ ਆਰਮੀ, ਟੀਚਿੰਗ ਅਤੇ ਆਬਕਾਰੀ ਕਰ ਵਿਭਾਗ ਵਿਚ ਨੌਕਰੀ ਕੀਤੀ। ਮੈਨੂੰ ਮਹਿਸੂਸ ਹੋਇਆ ਕਿ ਮੇਰੀ ਐੱਮ.ਏ ਦੀ ਪੜ੍ਹਾਈ ਬਹੁਤ ਲਾਭਦਾਇਕ ਸਾਬਤ ਹੋਈ। ਜਦੋਂ ਤੁਸੀਂ ਉਚੇਰੀ ਵਿੱਦਿਆ ਵਾਸਤੇ ਕਾਲਜ ਜਾਂ ਯੂਨੀਵਰਸਿਟੀ ਜਾਂਦੇ ਹੋ ਤਾਂ ਤੁਹਾਨੂੰ ਕੁਝ ਚੰਗੇ ਅਧਿਆਪਕ ਵੀ ਮਿਲਦੇ ਹਨ ਜੋ ਤੁਹਾਡੇ ਲਈ ਮਾਰਗ ਦਰਸ਼ਕ ਬਣ ਜਾਂਦੇ ਹਨ। ਮੈਨੂੰ ਵੀ ਅਜਿਹੇ 2 ਅਧਿਆਪਕ ਮਿਲੇ, ਜਿਹਨਾਂ ਨੂੰ ਮੈਂ ਹਮੇਸ਼ਾਂ ਯਾਦ ਕਰਦਾ ਹਾਂ ਤੇ ਉਹਨਾਂ ਦੀ ਤਾਰੀਫ਼ ਕਰਦਾ ਹਾਂ। ਉਹਨਾਂ ਵਿਚੋਂ ਇੱਕ ਅਧਿਆਪਕ ਸ਼੍ਰੀ ਅਮਰਨਾਥ ਗੁਪਤਾ ਜੋ ਕਿ ਪਿੰਡ ਦੁਗਾਲ ਵਿਖੇ ਹੈਡਮਾਸਟਰ ਸਨ। ਦੂਜੇ ਅਧਿਆਪਕ ਪ੍ਰੋਫੈਸਰ ਬੀ.ਕੇ ਕਪੂਰ ਸਨ ਜੋ ਕਿ ਮਹਿੰਦਰਾ ਕਾਲਜ ਵਿਖੇ ਪੋਲੀਟੀਕਲ ਸਾਇੰਸ ਪੜ੍ਹਾਉਂਦੇ ਸਨ। ਉਹਨਾਂ ਨੇ ਮੈਨੂੰ 1956 ਤੋਂ 1963 ਤੱਕ ਪੜ੍ਹਾਇਆ। ਮੈਂ ਦੋਵਾਂ ਅਧਿਆਪਕਾਂ ਨਾਲ ਸਾਰੀ ਉਮਰ ਸੰਪਰਕ ਵਿਚ

ਰਿਹਾ। ਸ਼੍ਰੀ ਅਮਰਨਾਥ ਗੁਪਤਾ ਸਮਾਣਾ ਵਿਖੇ 2014 ਵਿਚ 85 ਸਾਲ ਦੀ ਉਮਰ ਵਿਚ ਅਕਾਲ ਚਲਾਣਾ ਕਰ ਗਏ। ਜਦ ਕਿ ਸ਼੍ਰੀ ਬੀ.ਕੇ ਕਪੂਰ 2015 ਵਿਚ 101 ਸਾਲ ਦੀ ਉਮਰ ਵਿਚ ਪੂਰੇ ਹੋਏ। ਪ੍ਰੋਫੈਸਰ ਬੀ.ਕੇ ਕਪੂਰ ਦੇ ਦੋਨੋਂ ਪੁੱਤਰ ਜੋ ਕਿ ਅਮਰੀਕਾ ਵਿਚ ਰਹਿੰਦੇ ਸਨ,ਉਹਨਾਂ ਦੇ ਸਸਕਾਰ ਤੇ ਨਾ ਆ ਸਕੇ। ਮੈਂ ਅਤੇ ਪ੍ਰੋਫੈਸਰ ਕਪੂਰ ਦਾ ਇੱਕ ਹੋਰ ਵਿਦਿਆਰਥੀ ਪ੍ਰੋਫੈਸਰ ਅਭਿਮੰਨਯੂ ਖੰਨਾ, ਨੇ ਉਹਨਾਂ ਦੀ ਅਰਥੀ ਨੂੰ ਮੋਢਾ ਲਾਇਆ।

ਮੇਰੇ ਪਿਤਾ ਜੀ ਆਰਥਿਕ ਸਥਿਤੀ ਕਰਕੇ ਮੈਨੂੰ ਪੜ੍ਹਨ ਲਈ ਯਾਦਵਿੰਦਰਾ ਪਬਿਲਕ ਸਕੂਲ ਪਟਿਆਲਾ ਨਹੀਂ ਭੇਜ ਸਕੇ। ਜਦੋਂ ਮੇਰੀ ਆਪਣੀ ਵਾਰੀ ਆਈ ਤਾਂ ਮੈਂ ਤੇ ਮੇਰੇ ਪਤਨੀ ਨੇ ਦੋਵਾਂ ਬੱਚਿਆਂ ਨੂੰ ਵਾਈ.ਪੀ.ਐੱਸ. ਸਕੂਲ ਭੇਜਿਆ। ਵਾਈ.ਪੀ.ਐੱਸ ਪੜ੍ਹਾਉਣ ਦਾ ਤਜ਼ਰਬਾ ਬਹੁਤ ਲਾਭਦਾਇਕ ਸਾਬਤ ਹੋਇਆ। ਮੇਰੇ ਦੋਵਾਂ ਪੁੱਤਰਾਂ ਨੇ ਬਚਪਨ ਵਿਚ ਹੀ ਕਾਫ਼ੀ ਆਤਮ ਵਿਸ਼ਵਾਸ ਹਾਸਲ ਕਰ ਲਿਆ ਅਤੇ ਉਹਨਾਂ ਨੇ ਬਹੁਤ ਬੱਚਿਆਂ ਨਾਲ ਦੋਸਤੀ ਕੀਤੀ  ਜੋ ਕਿ ਭਾਰਤ, ਅਮਰੀਕਾ ਅਤੇ ਹੋਰ ਥਾਵਾਂ ਤੇ ਪੂਰੀ ਤਰ੍ਹਾਂ ਸਥਾਪਿਤ ਹਨ। ਉਹਨਾਂ ਨੂੰ ਕਈ ਅਧਿਆਪਕ ਵੀ ਰੋਲ ਮਾਡਲ ਦੇ ਰੂਪ ਵਿਚ ਮਿਲੇ। ਪੜ੍ਹਾਈ ਦੀ ਮਹੱਤਤਾ ਨੂੰ ਸਮਝਦਿਆਂ ਹੋਇਆਂ ਮੈਂ ਤੇ ਮੇਰੀ ਪਤਨੀ ਨੇ ਸੋਚਿਆ ਕਿ ਬੱਚਿਆਂ ਨੂੰ ਅਮਰੀਕਾ ਪੜ੍ਹਾਉਣਾ ਬਹੁਤ ਚੰਗਾ ਸਿੱਧ ਹੋਵੇਗਾ।

**6)ਜਗਜੀਤ ਸਿੰਘ:-** ਜਗਜੀਤ ਸਿੰਘ ਵੈਟਰਨਰੀ ਸਰਜਨ ਹਨ। ਉਹਨਾਂ ਨੇ ਆਪਣੀ ਵਿੱਦਿਆ ਭਾਰਤ ਤੋਂ ਹੀ ਕੀਤੀ। ਉਹਨਾਂ ਨੇ ਵੀ 1965 ਵਿਚ ਇੰਡੀਅਨ ਏਅਰ ਫੋਰਸ ਬਤੌਰ ਪਾਇਲਟ ਜੁਆਇਨ ਕੀਤੀ। ਪਰ ਜਦੋਂ ਉਹਨਾਂ ਦੀ ਅਲਾਟਮੈਂਟ ਨੈਵੀਗੇਸ਼ਨ ਵਿੰਗ ਵਿਚ ਹੋਈ ਤਾਂ ਉਹਨਾਂ ਨੇ ਇੰਡੀਅਨ ਏਅਰ ਫੋਰਸ ਛੱਡ ਦਿੱਤੀ। ਜਨਵਰੀ 1972 ਵਿਚ ਉਹ ਅਮਰੀਕਾ ਚਲੇ ਗਏ ਤੇ ਆਪਣੇ ਪਰਿਵਾਰ ਦੀ ਆਰਥਿਕ ਅਤੇ ਸਮਾਜਿਕ ਤਰੱਕੀ ਵਾਸਤੇ ਉਹਨਾਂ ਨੇ ਬਹੁਤ ਵੱਡਾ ਰੋਲ ਅਦਾ ਕੀਤਾ। ਉਹਨਾਂ  ਨੇ ਸਾਰੇ ਭੈਣ ਭਰਾਵਾਂ ਨੂੰ ਅਮਰੀਕਾ ਆਉਣ ਲਈ ਸਪਾਂਸਰ ਕੀਤਾ ਅਤੇ ਉਹਨਾਂ ਦਾ ਖ਼ਰਚਾ ਵੀ ਚੁੱਕਿਆ।

**7) ਸਤਵੰਤ ਸਿੰਘ:-** ਇਹਨਾਂ ਨੇ ਆਪਣੀ ਮੁਢਲੀ ਪੜ੍ਹਾਈ ਪਿੰਡ ਦੁਗਾਲ ਦੇ ਸਕੂਲ ਤੋਂ ਕੀਤੀ। ਉਹਨਾਂ ਨੇ ਦੁਗਾਲ ਦੀ ਜ਼ਮੀਨ ਤੇ 1972 ਈ ਤੋਂ ਲੈ ਕੇ 1982 ਈ ਤੱਕ ਤੱਕ ਖੇਤੀ ਕਰਵਾਈ। ਅਮਰੀਕਾ ਜਾ ਕੇ ਉਹਨਾਂ ਨੇ 3 ਘਰ ਅਤੇ 9 ਵਪਾਰ ਖ਼ਰੀਦੇ। ਉਹਨਾਂ ਦੀ ਪਤਨੀ ਦਾ ਨਾਂ ਸਤਪਾਲ ਕੌਰ ਹੈ ਜੋ ਕਿ ਯੂ.ਪੀ ਦੇ ਵੱਡੇ ਜਿਮੀਦਾਰ ਪਰਿਵਾਰ ਦੀ ਲੜਕੀ ਹੈ। ਇਸ ਵਿਵਾਹਤ ਜੋੜੀ ਦੇ ਦੋ ਪੁੱਤਰ ਹਨ। ਜਿਹਨਾਂ ਦੇ ਨਾਂ ਪਰਦੀਪ ਸਿੰਘ ਅਤੇ ਅਮਰਦੀਪ ਸਿੰਘ ਹੈ। ਦੋਨੋਂ ਅਮਰੀਕਾ ਵਿਚ ਰਹਿੰਦੇ ਹਨ। ਪਰਦੀਪ ਸਿੰਘ ਅਧਿਆਪਕ ਹੈ ਤੇ ਭੁੱਲਰ ਲੜਕੀ ਨਾਲ ਵਿਆਹਿਆ ਹੋਇਆ ਹੈ। ਛੋਟਾ ਪੁੱਤਰ ਅਮਰਦੀਪ ਸਿੰਘ ਡਾਕੂਮੈਂਟਰੀ ਫਿਲਮਾਂ ਬਣਾਉਂਦਾ ਹੈ। 2009 ਅਤੇ

2012 ਵਿਚ ਉਸ ਨੂੰ ਅਮਰੀਕਾ ਵਿਚ ਐਮੀ ਐਵਾਰਡ ਨਾਲ ਸਨਮਨਿਤ ਕੀਤਾ। ਉਸ ਨੇ ਕਾਂਗਰਸ ਦੀ ਇਲੈਕਸ਼ਨ ਵੀ ਲੜੀ, ਪਰ ਹਾਰ ਗਿਆ।

ਸਤਵੰਤ ਨੇ 5 ਅਗਸਤ 2012 ਨੂੰ ਗੁਰਦੁਆਰੇ ਦੀ ਸੰਗਤ ਦੀ ਰੱਖਿਆ ਕਰਦਿਆਂ ਹੋਇਆਂ ਪ੍ਰਧਾਨਗੀ ਦਾ ਪੂਰਾ ਫ਼ਰਜ਼ ਨਿਭਾਇਆ ਅਤੇ ਬਹਾਦਰੀ ਨਾਲ ਸ਼ਹੀਦ ਹੋ ਗਿਆ। ਮੇਰੇ ਭਰਾ ਜਗਜੀਤ ਸਿੰਘ, ਸਤਵੰਤ ਸਿੰਘ, ਗੁਰਵੰਤ ਸਿੰਘ ਅਤੇ ਉਹਨਾਂ ਦੇ ਬੱਚੇ ਮਿਲਵਾਕੀ ਇਲਾਕੇ ਵਿਚ ਬਹੁਤ ਮਸ਼ਹੂਰ ਹਨ। ਉਹ ਸਕੂਲ ਜਿਥੇ ਸਤਵੰਤ ਸਿੰਘ ਬਚਪਨ ਵਿੱਚ ਪੜ੍ਹਿਆ ਸੀ ਉਸ ਸਕੂਲ ਦਾ ਨਾਂ ਸਤਵੰਤ ਸਿੰਘ ਦੇ ਨਾਂ ਉਤੇ ਹੀ ਹੈ। ਉਸ ਦੀ ਅਤੇ ਪੰਜ ਹੋਰ ਸ਼ਹੀਦ ਵਿਅਕਤੀਆਂ ਦੀ ਯਾਦ ਵਿਚ ਅਮਰੀਕਾ ਦਾ ਝੰਡਾ 8,9 ਅਤੇ 10 ਅਗਸਤ 2012 ਨੂੰ ਝੁਕਿਆ ਰਿਹਾ।

**8) ਗੁਰਵੰਤ ਸਿੰਘ:–** ਇਸ ਨੇ 1970 ਵਿਚ ਬੀ.ਏ ਪ੍ਰਾਈਵੇਟਲੀ ਪਾਸ ਕੀਤੀ ਤੇ ਵੱਡੇ ਭਰਾ ਸਤਵੰਤ ਸਿੰਘ ਨਾਲ ਮਿਲਕੇ ਜ਼ਮੀਨ ਦੀ ਦੇਖਭਾਲ ਵੀ ਕੀਤੀ। 1978 ਵਿਚ ਉਹ ਅਮਰੀਕਾ ਰਵਾਨਾ ਹੋ ਗਏ। ਇਹਨਾਂ ਦਾ ਵਿਆਹ ਪਿੰਡ ਧੌਲੇ ਦੀ ਇੱਕ ਧਾਲੀਵਾਲ ਲੜਕੀ ਨਾਲ ਹੋਇਆ। ਇਹ ਅਤੇ ਇਹਨਾਂ ਦੀ ਪਤਨੀ ਪਰਮਿੰਦਰ ਦੀ ਬਹੁਤ ਚੰਗੀ ਟੀਮ ਹੈ ਜੋ ਰਸੀਨ ਅਤੇ ਮਿਲਵਾਕੀ ਇਲਾਕੇ ਵਿਚ ਬਹੁਤ ਵਪਾਰ ਕਰਦੇ ਹਨ। ਇਸ ਤੋਂ ਇਲਾਵਾ ਇਹਨਾਂ ਦਾ ਰਸੀਨ ਵਿਚ ਇੱਕ ਸਕੂਲ ਵੀ ਹੈ। ਇਹਨਾਂ ਦੇ 3 ਬੱਚੇ ਹਨ। ਵੱਡਾ ਲੜਕਾ ਕੰਵਰ ਜੋ ਕਿ ਐਮ.ਡੀ. ਪੀਐੱਚ.ਡੀ ਡਾਕਟਰ ਹੈ ਅਤੇ ਹੁਣ ਕੈਲੀਫੋਰਨੀਆ ਤੋਂ ਰੈਸੀਡੈਂਸੀ ਕਰ ਰਿਹਾ ਹੈ। ਲੜਕੀ ਸੀਮੂ ਵਕਾਲਤ ਕਰ ਰਹੀ ਹੈ। ਸਭ ਤੋਂ ਛੋਟਾ ਲੜਕਾ ਬਾਜੀ ਹੈ ਜੋ ਕਿ ਛੋਟੀਆਂ ਕਲਾਸਾਂ ਵਿਚ ਹੈ।

**9) ਹਰਿੰਦਰ ਕੌਰ:–** ਇਹ ਸਭ ਬੱਚਿਆਂ ਵਿਚੋਂ ਸਭ ਤੋਂ ਛੋਟੀ ਸੰਤਾਨ ਹੈ। ਇਸ ਨੇ ਗਰੈਜੂਏਸ਼ਨ ਗਵਰਮੈਂਟ ਕਾਲਜ ਫਾਰ ਵੂਮੈਨ ਪਟਿਆਲਾ ਤੋਂ ਕੀਤੀ। ਇਸ ਦਾ ਵਿਆਹ 1974 ਵਿਚ ਹੋਇਆ। ਇਹਨਾਂ ਦੇ ਪਤੀ ਸ. ਸੁਰਜੀਤ ਸਿੰਘ ਰੱਖੜਾ ਜੋ ਕਿ ਜਾਣੇ ਪਛਾਣੇ ਪਾਲੀਟੀਸ਼ਨ ਹਨ ਅਤੇ ਬਹੁਤ ਹੀ ਨਰਮ ਦਿਲ ਵਾਲੇ ਹਨ।ਇਹ ਅਕਾਲੀ ਪਾਰਟੀ ਵਿਚ ਸੀਨੀਅਰ ਆਗੂ ਹਨ ਅਤੇ 2012–2017 ਵਿਚ ਕੈਬਨਿਟ ਰੈਂਕ ਦੇ ਮੰਤਰੀ ਰਹੇ। ਇਹਨਾਂ ਦਾ ਇੱਕ ਲੜਕਾ ਅਤੇ ਲੜਕੀ ਹੈ ਜੋ ਖੁਸ਼ਹਾਲ ਵਿਵਾਹਿਤ ਜੀਵਨ ਬਤੀਤ ਕਰ ਰਹੇ ਹਨ। ਇਹ ਆਰਥਿਕ ਤੌਰ ਤੇ ਅੱਛੇ ਸਥਾਪਿਤ ਹਨ।

ਮੇਰੇ ਪਿਤਾ ਜੀ ਨੇ ਆਪਣੇ ਸੀਮਤ ਸਾਧਨਾਂ ਦੇ ਬਾਵਜੂਦ ਮੈਨੂੰ ਅਤੇ ਸਾਰੇ 8 ਭੈਣ ਭਰਾਵਾਂ ਨੂੰ ਪੜ੍ਹਾਉਣ ਦੀ ਪੂਰੀ ਕੋਸ਼ਿਸ਼ ਕੀਤੀ। ਇਹਸਾਡੀ ਵਿੱਦਿਆ ਹੀ ਸੀ ਜਿਸ ਨੇ ਸਾਰੇ ਪਰਿਵਾਰ ਨੂੰ ਅਮਰੀਕਾ ਵਿਚ ਬਹੁਤ ਕਾਮਯਾਬ ਕੀਤਾ। ਮੈਂ ਮਹਿਸੂਸ ਕੀਤਾ ਕਿ ਮੇਰੇ ਛੋਟੇ ਭਰਾ ਸਤਵੰਤ ਸਿੰਘ ਤੇ ਗੁਰਵੰਤ ਸਿੰਘ ਯੂਨੀਵਰਸਿਟੀ ਪੜ੍ਹਨ ਨਹੀਂ ਗਏ। ਇਸ ਦੇ ਬਾਵਜੂਦ ਵੀ ਉਹਨਾਂ ਨੇ ਅਮਰੀਕਾ ਵਿਚ ਬਹੁਤ ਤਰੱਕੀ ਕੀਤੀ।

# ਵੱਡੇ ਭਰਾ ਦਾ ਅਸਰ

ਸਤਵੰਤ ਮੇਰੇ ਬਹੁਤ ਅਸਰ ਵਿਚ ਸੀ। ਮੈਂ ਐੱਮ.ਏ ਕਰ ਹੀ ਰਿਹਾ ਸੀ ਕਿ ਨਵੰਬਰ 1962 ਵਿਚ ਭਾਰਤ ਦੀ ਚੀਨ ਨਾਲ ਲੜਾਈ ਲੱਗ ਗਈ। ਪਟਿਆਲੇ ਸਮੇਤ ਹਰ ਸ਼ਹਿਰ ਵਿਚ ਚੀਨ ਖ਼ਿਲਾਫ ਜਲਸੇ ਅਤੇ ਜਲੂਸ ਕੱਢੇ ਜਾ ਰਹੇ ਸਨ ਅਤੇ ਚੀਨ ਮੁਰਦਾਬਾਦ ਦੇ ਨਾਅਰੇ ਲੱਗ ਰਹੇ ਸਨ। ਮੇਰੇ ਦਿਲ 'ਤੇ ਇਸ ਚੀਜ਼ ਦਾ ਬਹੁਤ ਅਸਰ ਹੋਇਆ। ਮੈਨੂੰ ਦੇਸ਼ ਭਗਤੀ ਦੀ ਭਾਵਨਾ ਬਚਪਨ ਤੋਂ ਹੀ ਘਰੋਂ, ਸਕੂਲੋਂ ਅਤੇ ਕਾਲਜ ਤੋਂ ਪ੍ਰਾਪਤ ਹੋਈ। ਬਹਾਦਰੀ ਦੀ ਭਾਵਨਾ ਮੈਨੂੰ ਮੇਰੀ ਮਾਂ ਤੋਂ ਮਿਲੀ। ਮੈਂ ਐੱਮ.ਏ ਕਰਦੇ ਸਾਰ ਹੀ ਫੌਜ ਵਿਚ ਲਫਟੈਣ ਭਰਤੀ ਹੋ ਗਿਆ।

ਮੈਂ ਐੱਮ.ਏ ਦੀ ਪੜ੍ਹਾਈ ਦੇ ਅਧਾਰ 'ਤੇ ਐਜੂਕੇਸ਼ਨ ਕੋਰ ਵਿਚ ਵੀ ਜਾ ਸਕਦਾ ਸੀ ਪਰ ਮੈਂ ਇਨਫੈਂਟਰੀ ਜਾਣਾ ਚੰਗਾ ਸਮਝਿਆ। ਸਵਾ ਕੁ ਸਾਲ ਬਾਅਦ 1965 ਦੀ ਲੜਾਈ ਲੱਗੀ। ਸਾਡੀ ਰੈਜੀਮੈਂਟ ਲੜਾਈ ਦਾ ਹਿੱਸਾ ਬਣ ਗਈ। ਮੈਂ ਉਸ ਵੇਲੇ ਸੈਕਿੰਡ ਮਹਾਰ ਇਨਫੈਂਟਰੀ ਵਿਚ ਸੀ। ਮਾਰਚ-ਅਪ੍ਰੈਲ 1965 ਵਿਚ ਮੈਂ ਦੋ ਮਹੀਨੇ ਦੀ ਛੁੱਟੀ ਲੈ ਕੇ ਆਪਣੇ ਘਰ ਆਇਆ ਹੋਇਆ ਸੀ। ਮੇਰੇ ਮਾਤਾ ਪਿਤਾ ਉਸ ਵੇਲੇ ਦੁਗਾਲ ਪਿੰਡ ਵਿਚ ਰਹਿ ਕੇ ਖੇਤੀ ਕਰਵਾਉਂਦੇ ਸਨ। ਮੈਂ ਉਹਨਾਂ ਕੋਲ ਹੀ ਰਹਿੰਦਾ ਸੀ। 1965 ਦੀ ਲੜਾਈ ਤੋਂ ਪਹਿਲਾਂ ਰਣਕੱਛ ਵਿਚ ਇੱਕ ਛੋਟੀ ਜਿਹੀ ਲੜਾਈ ਲੱਗੀ। ਇਹ ਤਕਰੀਬਨ ਮਾਰਚ-ਅਪ੍ਰੈਲ 1965 ਵਿਚ ਲੱਗੀ। ਮੇਰੀ ਬਦਲੀ ਮਹਾਰ ਸੈਂਟਰ ਸਾਗਰ ਤੋਂ ਬਦਲ ਕੇ ਸੈਕਿੰਡ ਮਹਾਰ ਇਨਫੈਂਟਰੀ ਵਿਚ ਹੋ ਗਈ, ਜੋ ਰਣਕੱਛ ਦੇ ਇਲਾਕੇ ਵਿਚ ਤੈਨਾਤ ਸੀ। ਮੇਰੇ ਪਿਤਾ ਕਿਸੇ ਕੰਮ ਕਰਕੇ ਬਾਹਰ ਗਏ ਹੋਏ ਸਨ। ਮੇਰੇ ਮਾਤਾ ਜੀ, ਛੋਟੇ ਭਰਾ ਸਤਵੰਤ, ਗੁਰਵੰਤ ਤੇ ਭੈਣ ਹਰਿੰਦਰ ਮੈਨੂੰ ਪਿੰਡ ਦੁਗਾਲ ਬੱਸ ਸਟੈਂਡ 'ਤੇ ਛੱਡਣ ਆਏ।

ਦੁਗਾਲ ਬੱਸ ਸਟੈਂਡ ਸਾਡੇ ਪਿੰਡ ਵਾਲੇ ਘਰ ਤੋਂ ਤਕਰੀਬਨ ਅੱਧਾ ਕੁ ਕਿਲੋਮੀਟਰ ਦੂਰ ਸੀ। ਜਦੋਂ ਬੱਸ ਨੇੜੇ ਆਉਣ ਲੱਗੀ ਤਾਂ ਮੇਰੀ ਮਾਂ ਨੇ ਮੈਨੂੰ ਇਕ ਪਾਸੇ ਲਿਜਾ ਕੇ ਇਹ ਗੱਲ ਸਮਝਾਈ, "ਕਾਕਾ ਦੁੱਖ-ਸੁੱਖ ਬੰਦਿਆਂ 'ਤੇ ਹੀ ਆਉਂਦੇ ਹਨ, ਚੰਗੀ ਤਰ੍ਹਾਂ ਕੰਮ ਕਰਨਾ ਹੈ।" ਮੈਂ ਕਿਹਾ,"ਮਾਤਾ ਜੀ ਮੈਂ ਤੁਹਾਡੀ ਸਾਰੀ ਗੱਲ ਸਮਝ ਗਿਆ ਹਾਂ। ਮੈਂ ਤੁਹਾਡੇ ਦੁੱਧ ਦੀ ਲਾਜ ਰੱਖਾਂਗਾ ਤੇ ਨਾਲ ਹੀ ਤੁਹਾਨੂੰ ਬੇਨਤੀ ਹੈ ਕਿ ਜੇ ਕੋਈ ਗੜਬੜ ਹੋ ਜਾਵੇ ਤਾਂ ਤੁਸੀਂ ਵੀ ਪਿੰਡ ਵਿਚ ਚੀਂ-ਚੀਂ ਕਰਦੇ ਨਹੀਂ ਫਿਰਨਾ। ਲੋਕਾਂ ਨੂੰ ਦਿਲ ਛੋਟਾ ਕਰ ਕੇ ਨਹੀਂ ਦਿਖਾਉਣਾ, ਬਲਕਿ ਇਸ ਤਰ੍ਹਾਂ ਅਹਿਸਾਸ

ਕਰਵਾਉਣਾ ਹੈ ਕਿ ਤੁਸੀਂ ਬਹਾਦਰ ਯੋਧੇ ਦੀ ਮਾਂ ਹੋ, ਜੋ ਦੇਸ਼ ਵਾਸਤੇ ਕੁਰਬਾਨ ਹੋ ਗਿਆ ਹੈ।"

ਅਖ਼ੀਰ ਥੋੜ੍ਹੇ ਸਮੇਂ ਤੋਂ ਬਾਅਦ ਸਤੰਬਰ 1965 ਨੂੰ ਪੂਰੀ ਲੜਾਈ ਲੱਗ ਗਈ ਤੇ ਸਾਡੀ ਸੈਕਿੰਡ ਮਹਾਰ ਨੂੰ ਜੋਧਪੁਰ ਤੋਂ ਬਦਲ ਕੇ ਖੇਮਕਰਨ ਇਲਾਕੇ ਵਿਚ ਭੇਜ ਦਿੱਤਾ, ਜਿਥੇ ਅਸੀਂ ਫੋਰ ਮਾਊਂਟੇਨ ਡਵੀਜ਼ਨ ਦਾ ਹਿੱਸਾ ਬਣ ਗਏ। ਇਹ ਸਾਰੀ ਡਵੀਜ਼ਨ ਖੇਮਕਰਨ ਇਲਾਕੇ ਵਿਚ ਲੜ ਰਹੀ ਸੀ। ਮੇਜਰ ਜਨਰਲ ਗੁਰਬਖਸ਼ ਸਿੰਘ ਸਾਡੀ ਡਵੀਜ਼ਨ ਦੇ ਕਮਾਂਡਰ ਸਨ।

12 ਸਤੰਬਰ 1965 ਨੂੰ ਸਾਡੀ ਮਹਾਰ ਯੂਨਿਟ ਨੂੰ ਇਸੇ ਇਲਾਕੇ ਵਿਚ ਦੁਸ਼ਮਣ ਨੂੰ ਖਦੇੜਣ ਦਾ ਹੁਕਮ ਮਿਲਿਆ। ਦੋ ਕੰਪਨੀਆਂ ਨੇ ਇਸ ਇਲਾਕੇ 'ਤੇ ਹਮਲਾ ਕੀਤਾ। ਖ਼ਬਰ ਇਹ ਸੀ ਕਿ ਉਸ ਇਲਾਕੇ ਵਿਚ ਇਕ ਕੰਪਨੀ ਬੈਠੀ ਹੈ। ਬਾਅਦ ਵਿਚ ਪਤਾ ਲੱਗਾ ਕਿ ਕੰਪਨੀ ਨਹੀਂ ਬਲਕਿ ਪੂਰੀ ਬਟਾਲੀਅਨ ਬੈਠੀ ਹੈ। ਪਾਕਿਸਤਾਨੀ ਫੌਜ ਨੂੰ ਸਾਡੇ ਹਮਲੇ ਦੀ ਖ਼ਬਰ ਪਹਿਲਾਂ ਹੀ ਪਤਾ ਲੱਗ ਗਈ ਸੀ। ਉਹ ਪਾਸੇ ਬੈਠ ਕੇ ਅੱਗੇ ਪਿੱਛੇ ਹੋ ਗਏ ਤੇ ਜਿਸ ਪਾਸੇ ਹਮਲਾ ਕੀਤਾ ਸੀ ਉਸ ਨੂੰ ਰਫਲ ਫਾਇਰ, ਮਸ਼ੀਨਗਨ ਫਾਇਰ ਅਤੇ ਤੋਪਖਾਨੇ ਨਾਲ ਰੱਜ ਕੇ ਅੱਗ ਵਰਸਾਈ ਗਈ ਤੇ ਨਾਲ ਹੀ ਹਵਾਈ ਜਹਾਜ਼ਾਂ ਨੇ ਵੀ ਹਮਲਾ ਕਰ ਦਿੱਤਾ। ਸਾਡੇ ਦੋਵੇਂ ਕੰਪਨੀ ਕਮਾਂਡਰ ਕੈਪਟਨ ਰਮੇਸ਼ ਕਪੂਰ ਅਤੇ ਲਫਟੈਣ ਹੁਕਮ ਸਿੰਘ ਮਾਰੇ ਗਏ। ਕਰਨਲ ਕੇ.ਐਸ. ਬਖਸ਼ੀ ਹਮਲੇ ਦੀ ਨਿਗਰਾਨੀ ਕਰ ਰਹੇ ਸਨ। ਉਹਨਾਂ ਦਾ ਇੰਟੈਲੀਜੈਂਸ ਅਫ਼ਸਰ ਸੈਕਿੰਡ ਲਫਟੈਣ ਓਮ ਪ੍ਰਕਾਸ਼ ਗੋੜ ਜੋ ਕਰਨਲ ਬਖਸ਼ੀ ਨਾਲ ਸੀ, ਵੀ ਮਾਰਿਆ ਗਿਆ। ਕੁਲ ਤਿੰਨ ਅਫ਼ਸਰ, ਦੋ ਜੇ.ਸੀ.ਓ ਅਤੇ 38 ਜਵਾਨ ਮਾਰੇ ਗਏ। ਤਕਰੀਬਨ ਇੰਨੇ ਕੁ ਹੀ ਜ਼ਖ਼ਮੀ ਹੋ ਗਏ। ਸਾਡੀ ਰੈਜੀਮੈਂਟ ਸ਼ੁੱਧ ਮਹਾਰ ਰੈਜੀਮੈਂਟ ਸੀ। ਇਸ ਵਿਚ ਬਹੁਤ ਸਾਰੇ ਰਿਸ਼ਤੇਦਾਰ ਇਕੱਠੇ ਹੀ ਕਿਸੇ ਰੈਜੀਮੈਂਟ ਦਾ ਹਿੱਸਾ ਹੁੰਦੇ ਹਨ। ਜਿਵੇਂ ਮਾਮਾ-ਭਾਣਜਾ, ਸਾਲਾ ਭਣੋਈਆ, ਦੋ ਭਰਾ ਇਕੋ ਰੈਜੀਮੈਂਟ ਵਿਚ ਹੁੰਦੇ ਹਨ।

ਦੂਜਾ ਓਪਰੇਸ਼ਨ ਜਿਸ ਵਿਚ ਮੇਜਰ ਕੁਲਵਿੰਦਰ ਸਿੰਘ (ਬਾਅਦ ਵਿਚ ਬ੍ਰਿਗੇਡੀਅਰ) ਅਤੇ ਮੈਂ ਹਿੱਸਾ ਲਿਆ। ਇਹ ਵਾਕਿਆ ਪਿੰਡ ਭੂਰਾ ਕੂਆਂ ਦਾ ਹੈ। ਭੂਰਾ ਕੂਆਂ, ਕਰੀਮਪੁਰ ਅਤੇ ਖੇਮਕਰਨ ਭਾਰਤ ਦੇ ਇਲਾਕੇ ਹਨ। ਸਾਡੀ ਰੈਜੀਮੈਂਟ ਦੇ ਇਸ ਇਲਾਕੇ ਵਿਚ ਆਉਣ ਤੋਂ ਪਹਿਲਾਂ ਹੀ ਇਹ ਇਲਾਕੇ ਪਾਕਿਸਤਾਨ ਫੌਜ ਨੇ ਦਬ ਲਏ ਸਨ। ਭਾਰਤੀ ਅਫ਼ਸਰਾਂ ਨੇ ਸ਼ਾਇਦ ਇਸ ਇਲਾਕੇ ਵਿਚ ਕਿਸੇ ਵੱਡੇ ਟੈਂਕ ਅਟੈਕ ਦੀ ਸੰਭਾਵਨਾ ਨਹੀਂ ਸਮਝੀ ਕਿਉਂਕਿ ਇਹਨਾਂ ਪਿੰਡਾਂ ਤੋਂ ਅੱਗੇ ਪਾਕਿਸਤਾਨ ਵੱਲ ਦਰਿਆ ਦਾ ਢਾਹਾ ਸੀ। ਇਸ ਕਰਕੇ ਗੋਰਖਿਆਂ ਦੀ ਸਿਰਫ਼ ਇੱਕ ਕੰਪਨੀ ਹੀ ਇਥੇ ਤੈਨਾਤ ਸੀ। ਦੁਸ਼ਮਣ ਦੀਆਂ ਫੌਜਾਂ ਵੱਡੀ ਗਿਣਤੀ ਵਿਚ ਇਸ ਇਲਾਕੇ ਵਿਚ ਟੈਂਕਾਂ ਨਾਲ ਲੜਾਈ ਦੇ ਸ਼ੁਰੂ ਵਿਚ ਹੀ ਆਈਆਂ ਅਤੇ ਗੋਰਖਿਆਂ ਦੀ ਇੱਕ ਕੰਪਨੀ

ਦੂੜ ਦਿੱਤੀ। ਇਹ ਸਾਰਾ ਇਲਾਕਾ ਪਾਕਿਸਤਾਨੀ ਫੌਜ ਨੇ ਲੈ ਲਿਆ। ਭੂਰਾ ਕੂਆਂ ਕੁਝ ਪਤਾ ਨਹੀਂ ਸੀ ਕਿ ਉਥੇ ਪਾਕਿਸਤਾਨ ਦੀ ਫੌਜ ਹੈ ਜਾਂ ਨਹੀਂ।

ਬ੍ਰਿਗੇਡ ਹੈੱਡਕੁਆਰਟਰ ਪਿੰਡ ਚੀਮਾ ਵਿਚ ਤੈਨਾਤ ਸਨ। ਕਰਨਲ ਬਖਸ਼ੀ ਨੇ ਮੈਨੂੰ ਮੇਰਾ ਕੰਮ ਸਮਝਾਇਆ। ਉਸ ਤੋਂ ਬਾਅਦ ਮੈਨੂੰ ਬ੍ਰਿਗੇਡੀਅਰ ਦਵਿੰਦਰ ਸਿੰਘ ਸਿੱਧੂ ਜੋ ਬ੍ਰਿਗੇਡ ਕਮਾਂਡਰ ਸਨ, ਪਾਸ ਲੈ ਗਏ। ਉਹਨਾਂ ਨੇ ਮੇਰੇ ਨਾਲ ਗੱਲ ਕੀਤੀ ਅਤੇ ਤਸੱਲੀ ਜ਼ਾਹਿਰ ਕੀਤੀ। ਇਸ ਲਈ ਮੈਨੂੰ ਇਕ ਹੌਲਦਾਰ ਤੇ ਤਿੰਨ ਸਿਪਾਹੀ ਦੇ ਕੇ ਰੈਕੀ ਕਰਨ ਲਈ ਇਸ ਇਲਾਕੇ ਵਿਚ ਭੇਜਿਆ ਗਿਆ। ਕਰਨਲ ਬਖਸ਼ੀ ਜੋ ਸਾਡੀ ਬਟਾਲੀਅਨ ਦੇ ਕਮਾਂਡਰ ਸਨ, ਮੈਨੂੰ ਅੱਧਾ ਕਿਲੋਮੀਟਰ ਤੱਕ ਛੱਡਣ ਗਏ। ਜਦੋਂ ਉਹ ਵਾਪਸ ਮੁੜਣ ਵਾਲੇ ਹੀ ਸਨ ਤਾਂ ਮੈਂ ਕਿਹਾ,"ਸਰ ਮੇਰਾ ਸ਼ਨਾਖਤੀ ਕਾਰਡ ਤੁਸੀਂ ਲੈ ਲਓ।" ਉਹ ਕਹਿਣ ਲੱਗੇ ਕਿਉਂ? ਮੈਂ ਕਿਹਾ, "ਸਰ ਜਿਸ ਸੈਕਿੰਡ ਲੈਫਟਨ ਨੂੰ ਕਰਨਲ ਸਾਹਿਬ ਅੱਧਾ ਕਿਲੋਮੀਟਰ ਛੱਡਣ ਜਾ ਰਹੇ ਹੋਣ, ਇੰਝ ਲੱਗਦਾ ਹੈ ਜਿਵੇਂ ਇਹ ਮਿਸ਼ਨ ਵੱਡੀ ਜ਼ਿੰਮੇਵਾਰੀ ਵਾਲਾ ਅਤੇ ਖ਼ਤਰੇ ਭਰਿਆ ਹੋਵੇਗਾ।" ਉਹਨਾਂ ਨੇ ਕਿਹਾ ਐਸੀ ਗੱਲ ਨਹੀਂ ਹੈ। ਇਹ ਸ਼ਨਾਖ਼ਤੀ ਕਾਰਡ ਜੇਬ ਵਿਚ ਰੱਖੋ। ਦੂਜਾ ਸਵਾਲ ਜੋ ਮੈਂ ਕਰਨਲ ਸਾਹਿਬ ਤੋਂ ਪੁੱਛਿਆ ਕਿ ਜੇਕਰ ਕੋਈ ਸਿਪਾਹੀ ਡਰ ਕੇ ਭੱਜਣ ਦੀ ਕੋਸ਼ਿਸ਼ ਕਰੇ ਤਾਂ ਕੀ ਮੈਂ ਉਸ ਨੂੰ ਗੋਲੀ ਮਾਰ ਸਕਦਾ ਹਾਂ। ਮੈਂ ਕਿਹਾ ਕਿ ਐਸਾ ਨਾ ਹੋਵੇ ਕਿ ਮੈਂ ਦੇਸ਼ ਭਗਤੀ ਦੇ ਜਜ਼ਬੇ ਵਿਚ ਭਗੌੜੇ ਸਿਪਾਹੀ ਦੇ ਗੋਲੀ ਮਾਰ ਦਿਆਂ ਤੇ ਤੁਸੀਂ ਮੇਰਾ ਕੋਰਟ ਮਾਰਸ਼ਲ ਕਰਵਾ ਦਿਓ ਤੇ ਮੈਨੂੰ ਕੈਦ ਕਰਵਾ ਦਿਓ। ਮੈਨੂੰ ਇਸ ਦਾ ਸਪੱਸ਼ਟ ਉੱਤਰ ਚਾਹੀਦਾ ਹੈ। ਕਰਨਲ ਬਖਸ਼ੀ ਨੇ ਕਿਹਾ,"ਇਹੋ ਜਿਹੇ ਕੇਸ ਵਿਚ ਮੈਂ ਤੇਰੇ ਨਾਲ ਖੜ੍ਹਾ ਹੋਵਾਂਗਾ।" ਬ੍ਰਿਗੇਡੀਅਰ ਦਵਿੰਦਰ ਸਿੰਘ ਸਿੱਧੂ ਨੇ ਭੂਰਾ ਕੂਆਂ ਜਾਣ ਤੋਂ ਪਹਿਲਾਂ ਮੈਨੂੰ ਸਮਝਾਇਆ ਸੀ ਕਿ, ਕੀ ਕਰਨਾ ਹੈ। ਉਹਨਾਂ ਨੇ ਕਿਹਾ ਸੀ ਕਿ ਜਦ ਤੁਸੀਂ ਭੂਰਾ ਕੂਆਂ ਪਿੰਡ ਤੇ ਕਬਜ਼ਾ ਕਰ ਲਓ ਤਾਂ ਸਾਨੂੰ ਸਿਗਨਲ ਰਾਹੀਂ ਤਿੰਨ ਵਾਰ 'ਬੜੌਦਾ, ਬੜੌਦਾ, ਬੜੌਦਾ' ਸੰਦੇਸ਼ ਭੇਜਣਾ ਹੈ। ਇਸ ਨਾਲ ਅਸੀਂ ਸਮਝ ਜਾਵਾਂਗੇ ਕਿ ਤੁਸੀਂ ਠੀਕ ਠਾਕ ਪਹੁੰਚ ਗਏ ਹੋ। ਬਾਅਦ ਵਿਚ ਤੁਹਾਡੀ ਸਾਰੀ ਕੰਪਨੀ ਭੇਜ ਦਿੱਤੀ ਜਾਵੇਗੀ। ਸਾਡੀ ਕੰਪਨੀ ਦੇ ਕਮਾਂਡਰ ਮੇਜਰ ਕੁਲਵਿੰਦਰ ਸਿੰਘ ਜਿਹਨਾਂ ਨੇ ਬਾਕੀ ਦੇ 100 ਕੁ ਬੰਦੇ ਲੈ ਕੇ ਸਾਨੂੰ ਜਾਇਨ ਕਰਨਾ ਸੀ।

ਅੱਗੇ-ਅੱਗੇ ਦੋ ਸਿਪਾਹੀ ਰਹਿੰਦੇ ਸਨ ਜਿਹਨਾਂ ਨੂੰ ਸਕਾਊਟ ਕਹਿੰਦੇ ਹਨ। ਅੱਗੇ ਇੱਕ ਅਰਲਾਹ ਖੋਟ ਲੱਗਾ ਹੋਇਆ ਸੀ। ਅਰਲਾਹ ਖੋਟ ਇਕ ਲੱਕੜੀ ਦਾ ਅੰਗਰੇਜ਼ੀ ਦੇ ਅੱਖਰ 'ਵਾਈ' ਦੇ ਆਕਾਰ ਵਰਗਾ ਹੁੰਦਾ ਹੈ ਜੋ ਪਸ਼ੂਆਂ ਨੂੰ ਰੋਕਣ ਲਈ ਬਣਾਇਆ ਜਾਂਦਾ ਹੈ। ਬੰਦੇ ਉਸ ਵਿਚੋਂ ਲੰਘ ਸਕਦੇ ਹਨ ਪਰ ਪਸ਼ੂ ਨਹੀਂ। ਮਹਾਂਰਾਸ਼ਟਰ ਵਿਚ ਅਰਲਾਹ ਖੋਟ ਨਹੀਂ ਲਗਾਇਆ ਜਾਂਦਾ। ਜਿਸ ਕਰਕੇ ਸਾਡੇ ਜਵਾਨਾਂ ਨੂੰ ਅਰਲਾਹ ਖੋਟ ਬਾਰੇ ਪਤਾ ਹੀ ਨਹੀਂ ਸੀ। ਅਰਲਾਹ ਖੋਟ ਮੋਟੀ ਲੱਕੜੀ ਦਾ

ਹੁੰਦਾ ਹੈ ਅਤੇ ਇਸ ਦਾ ਛਿਲਕਾ ਉਤਰਨ ਕਰਕੇ ਖਾਕੀ ਦਿੱਸਦਾ ਹੈ। ਪਾਕਿਸਤਾਨੀ ਫੌਜ ਦੀ ਵਰਦੀ ਵੀ ਖਾਕੀ ਸੀ। ਸਾਡੇ ਇਸ ਜਵਾਨ ਨੂੰ ਇੰਝ ਲੱਗਾ ਕਿ ਜਿਵੇਂ ਦੋ ਪਾਕਿਸਤਾਨੀ ਸਿਪਾਹੀ ਆਪਸ ਵਿਚ ਗੱਲ ਕਰ ਰਹੇ ਹਨ। ਮੈਂ ਢਿੱਡ ਭਾਰ ਲੇਟ ਕੇ ਦੋਹਾਂ ਕੂਨੀਆਂ ਦੀ ਸਪੋਰਟ ਨਾਲ ਹੌਲੀ-ਹੌਲੀ ਸਿਪਾਹੀ ਵੱਲ ਵਧਿਆ ਕਿ ਉਹ ਮੈਨੂੰ ਦੁਸ਼ਮਣ ਦਿਖਾਵੇ। ਮੈਂ ਦੇਖਿਆ ਕਿ ਉਹ ਤਾਂ ਲੱਕੜੀ ਦਾ ਅਰਲਾਹ ਖੋਟ ਸੀ।

ਕੁਝ ਅਗਾਂਹ ਵਧੇ, ਪਿੰਡ ਦੇ ਬਾਹਰ ਹੀ ਇੱਕ ਪੈਟਨ ਟੈਂਕ ਖੜ੍ਹਾ ਸੀ। ਅਸੀਂ ਟੈਂਕ ਨੂੰ ਚਾਰੇ ਪਾਸਿਓਂ ਘੇਰ ਲਿਆ। ਮੈਂ ਹੱਲ ਉਤੇ ਚੜ੍ਹ ਕੇ ਟੈਂਕ ਦਾ ਢੱਕਣ ਖੋਲ੍ਹਿਆ। ਇਕ ਗ੍ਰਨੇਡ ਮੇਰੇ ਹੱਥ ਵਿਚ ਫੜਿਆ ਹੋਇਆ ਸੀ ਕਿ ਜੇ ਕੋਈ ਟੈਂਕ ਵਿਚ ਬੰਦਾ ਹੋਇਆ ਤਾਂ ਮੈਂ ਗ੍ਰਨੇਡ ਟੈਂਕ ਵਿਚ ਸੁੱਟ ਕੇ ਢੱਕਣ ਦੇ ਉੱਤੇ ਹੀ ਬੈਠ ਜਾਵਾਂਗਾ, ਪਰ ਟੈਂਕ ਵਿਚ ਕੋਈ ਵੀ ਪਾਕਿਸਤਾਨੀ ਫੌਜੀ ਨਹੀਂ ਸੀ। ਭੂਰਾ ਕੂਆਂ ਪਿੰਡ ਖਾਲੀ ਪਿਆ ਸੀ। ਪਿੰਡ ਦੇ ਲੋਕ ਪਿੰਡ ਛੱਡ ਕੇ ਚੱਲੇ ਗਏ ਸਨ। ਸਾਨੂੰ ਸਿਰਫ਼ ਕੁਝ ਜਾਨਵਰ ਹੀ ਦਿਖ ਰਹੇ ਸਨ। ਅਸੀਂ ਪਿੱਛੇ ਸੁਨੇਹਾ ਭੇਜਿਆ 'ਬੜੌਦਾ ਬੜੌਦਾ ਬੜੌਦਾ।' ਤਕਰੀਬਨ ਚਾਰ ਕੁ ਵਜੇ ਮੇਜਰ ਕੁਲਵਿੰਦਰ ਸਿੰਘ ਦੇ ਨਾਲ ਸਾਰੀ ਡੈਲਟਾ ਕੰਪਨੀ ਭੂਰਾ ਕੂੰਆ ਮੇਰੇ ਪਾਸ ਪਹੁੰਚ ਗਈ। ਮੋਰਚਿਆਂ ਦੀ ਖੁਦਾਈ ਸ਼ੁਰੂ ਕਰ ਦਿੱਤੀ। ਇਹ ਪਿੰਡ ਚੀਮਾ ਤੋਂ ਖੇਮਕਰਨ ਵਾਲੀ ਸੜਕ ਉਤੇ ਸੀ। ਸੜਕ ਤੋਂ ਪਿੰਡ ਕੋਈ 500-600 ਗਜ ਹੱਟ ਕੇ ਸੀ। ਅਸੀਂ ਸੜਕ ਤੇ ਪਿੰਡ ਦੇ ਵਿਚਾਲੇ ਆਪਣੀ ਮੋਰਚਾਬੰਦੀ ਕਰ ਲਈ। ਜਦ ਅਸੀਂ ਬੰਕਰ ਪੁੱਟ ਰਹੇ ਸੀ ਤਾਂ ਪਿੰਡ ਦੀ ਬਿਲਡਿੰਗ ਉਤੇ ਮੈਨੂੰ ਇਕ ਦੋ ਪਾਕਿਸਤਾਨੀ ਸਿਪਾਹੀ ਦਿੱਸੇ ਜੋ ਉਪਰਲੀਆਂ ਮੰਜ਼ਿਲਾਂ ਵਿਚ ਫਿਰ ਰਹੇ ਸਨ। ਖੈਰ ਅਸੀਂ ਉਥੇ 19 ਸਤੰਬਰ ਤੱਕ ਰਹੇ।

17 ਸਤੰਬਰ 1965 ਦਾ ਦਿਨ ਮੇਰੇ ਲਈ ਤੇ ਸਾਡੀ ਰੈਜੀਮੈਂਟ ਲਈ ਇਮਤਿਹਾਨ ਦਾ ਦਿਨ ਸੀ। 17 ਤਰੀਕ ਨੂੰ ਸਵੇਰੇ ਹੀ ਮੈਨੂੰ ਮੇਜਰ ਕੁਲਵਿੰਦਰ ਸਿੰਘ ਨੇ ਮੈਨੂੰ ਚਾਰ ਫੌਜੀਆਂ ਸਮੇਤ ਰੈਕੀ (ਪੈਟਰੋਲ) ਕਰਨ ਲਈ ਕਿਹਾ ਅਤੇ ਪਿੰਡ ਭੂਰਾ ਕੂਆਂ ਪਾਰ ਕਰਕੇ ਪਿੰਡ ਕਰੀਮਪੁਰ ਵੱਲ ਜਾਣ ਦਾ ਹੁਕਮ ਕੀਤਾ। ਉਸ ਇਲਾਕੇ ਵਿਚ ਸਾਨੂੰ ਦੋ ਤਿੰਨ ਦਿਨ ਹੋ ਗਏ ਸਨ। ਸਾਨੂੰ ਉਸ ਇਲਾਕੇ ਦੇ ਆਲੇ-ਦੁਆਲੇ ਦਰਖਤਾਂ ਅਤੇ ਇਮਾਰਤਾਂ ਦੀ ਪੂਰੀ ਤਰ੍ਹਾਂ ਵਾਕਫ਼ੀਅਤ ਹੋ ਗਈ ਸੀ। ਮੈਨੂੰ ਹਦਾਇਤਾਂ ਸਨ ਕਿ ਭੂਰਾ ਕੂਆਂ ਤੋਂ ਭੂਰਾ ਕਰੀਮਪੁਰ ਵੱਲ ਵੱਧ ਤੋਂ ਵੱਧ ਅੱਗੇ ਜਾ ਕੇ ਦੇਖਣਾ ਹੈ। ਕਰੀਮਪੁਰ ਵਿਚ ਪਾਕਿਸਤਾਨੀ ਫੌਜ ਤੈਨਾਤ ਸੀ। ਲੜਾਈ ਦੇ ਦਿਨਾਂ ਵਿਚ ਫੌਜ ਦੀ ਮੂਵਮੈਂਟ ਬਹੁਤ ਹੌਲੀ ਹੁੰਦੀ ਹੈ ਕਿਉਂਕਿ ਕਮਾਂਡਰ ਬਹੁਤ ਧਿਆਨ ਨਾਲ ਅੱਗੇ ਵੱਧਦਾ ਹੈ। ਕਮਾਂਡਰ ਅਵਾਜ਼ਾਂ ਸੁਣਨ ਦੀ ਕੋਸ਼ਿਸ਼ ਕਰਦਾ ਹੈ, ਆਲੇ-ਦੁਆਲੇ ਦੀ ਹਿਲਜੁਲ ਦੇਖਦਾ ਹੈ ਅਤੇ ਇਕ-ਇਕ ਗਜ ਸੋਚ ਕੇ ਤੁਰਦਾ ਹੈ। ਅਸੀਂ ਤਕਰੀਬਨ 10 ਵਜੇ ਭੂਰਾ ਕੂੰਆ ਪਿੰਡ ਪਾਰ ਕਰ ਕੇ ਹੌਲੀ-ਹੌਲੀ ਕਰੀਮਪੁਰ ਵੱਲ

ਅੱਗੇ ਵੱਧਣ ਲੱਗੇ। ਅਸੀਂ ਹਜ਼ਾਰ ਕੁ ਗਜ ਹੀ ਪਿੰਡ ਤੋਂ ਅੱਗੇ ਗਏ ਸੀ ਕਿ ਤੋਪਖਾਨੇ ਦੇ ਗੋਲੇ ਵਰਸਣ ਲੱਗੇ। ਭੂਰਾ ਕੂਆਂ ਪਿੰਡ ਦੇ ਬਾਹਰ ਵਾਰ ਕੁਝ ਕੱਚੇ ਘਰ ਸਨ। ਇਕ ਗੋਲਾ ਉਸ ਘਰ ਉੱਤੇ ਗਿਰਿਆ। ਉਸ ਵਿਚੋਂ ਚਾਰ ਪਾਕਿਸਤਾਨੀ ਸਿਪਾਹੀ ਨਿਕਲੇ ਅਤੇ ਪਿੰਡ ਦੇ ਉਸ ਪਾਸੇ ਨੂੰ ਤੁਰ ਪਏ, ਜਿਧਰੋ ਅਸੀਂ ਆਏ ਸੀ। ਮੈਂ ਸਿਪਾਹੀਆਂ ਨੂੰ ਪੁਜੀਸ਼ਨ ਲੈਣ ਲਈ ਕਿਹਾ। ਉਨ੍ਹਾਂ ਨੇ ਮੇਰੀ ਇਕ ਗੱਲ ਨਹੀਂ ਸੁਣੀ। ਬੇਵੱਸ ਹੋ ਕੇ ਮੈਂ ਵੀ ਉਨ੍ਹਾਂ ਦੇ ਪਿੱਛੇ ਚਲਾ ਗਿਆ। ਅਸੀਂ ਪਿੰਡ ਦੇ ਦੂਜੇ ਪਾਸੇ ਚੱਲੇ ਗਏ। ਤਕਰੀਬਨ ਇਕ ਡੇਢ ਵਜੇ ਦਾ ਸਮਾਂ ਹੋ ਗਿਆ। ਇੰਨੇ ਵਿਚ ਮੈਂ ਦੇਖਿਆ ਕਿ ਅਸੀਂ ਤਾਂ ਦੁਸ਼ਮਣ ਨਾਲ ਘਿਰੇ ਹੋਏ ਹਾਂ ਤੇ ਪਾਕਿਸਤਾਨ ਫੌਜ ਨੇ ਸਾਡੀ ਕੰਪਨੀ ਹੈੱਡਕੁਆਰਟਰ ਵਾਲੀ ਪੁਜੀਸ਼ਨ 'ਤੇ ਹਮਲਾ ਕੀਤਾ ਹੈ। ਮੈਂ ਕੁਝ ਪਾਕਿਸਤਾਨੀ ਸਿਪਾਹੀਆਂ ਦੀ ਪਿੱਠ ਦੇਖੀ। ਉਹ ਪੁਜੀਸ਼ਨ ਲੈ ਰਹੇ ਸਨ ਤੇ ਡਿੱਗ ਰਹੇ ਸਨ। ਇੰਨੇ ਵਿਚ ਮੈਂ ਆਪਣੇ ਜਵਾਨਾਂ ਨੂੰ ਗੰਨੇ ਦੇ ਖੇਤ ਵਿਚ ਪੁਜੀਸ਼ਨ ਲੈਣ ਲਈ ਕਿਹਾ। ਮੈਂ ਗੁਰੂ ਗੋਬਿੰਦ ਸਿੰਘ ਜੀ ਨੂੰ ਅਰਦਾਸ ਕਰ ਰਿਹਾ ਸੀ "ਪਿਤਾ ਜੀ ਤੁਹਾਡਾ ਸਿਪਾਹੀ ਫੱਸ ਗਿਆ ਹੈ ਕਿਰਪਾ ਕਰੋ ਕੱਢ ਲਓ।" ਹੌਲਦਾਰ ਭੀਮ ਸੈਨ ਮੌਰੇ (ਜਿਸ ਨੂੰ ਮੈਂ ਵੀਰ ਚੱਕਰ ਦਵਾਇਆ) ਕਹਿਣ ਲੱਗਾ ਸਾਹਿਬ ਉਹ ਸਾਹਮਣੇ ਸੜਕ ਹੈ, ਆਪਾਂ ਸੜਕ ਦੁਆਰਾ ਚੀਮਾ ਪਿੰਡ ਪਹੁੰਚ ਜਾਵਾਂਗੇ। ਮੈਂ ਕਿਹਾ, "ਚੱਪੇ ਚੱਪੇ ਤੇ ਫੌਜ ਤੈਨਾਤ ਹੈ ਕਿਸੇ ਨੇ ਸਾਨੂੰ 10 ਗਜ ਵੀ ਨਹੀਂ ਜਾਣ ਦੇਣਾ।" ਤਿੰਨ ਕੁ ਵਜੇ ਮੇਰੇ ਸਿਰ ਵਿਚ ਰੌਸ਼ਨੀ ਜਿਹੀ ਆਈ। ਮੇਰਾ ਮਨ ਸ਼ਕਤੀ ਨਾਲ ਭਰ ਗਿਆ। ਮੈਂ ਕਿਹਾ ਚੱਲੋ ਆਪਾਂ ਆਪਣੀ ਪੁਜੀਸ਼ਨ ਸੰਭਾਲੀਏ।

ਫਾਇਰ ਅਤੇ ਮੂਵ ਦੇ ਅਸੂਲ ਅਨੁਸਾਰ ਇਕ ਬੰਦਾ ਪੁਜੀਸ਼ਨ ਲੈਂਦਾ ਹੈ ਤੇ ਫਾਇਰ ਕਰਨ ਲਈ ਤਿਆਰ ਰਹਿੰਦਾ ਹੈ। ਉਹ ਦੂਸਰੇ ਫੌਜੀ ਨੂੰ ਲੰਘਣ ਦਾ ਇਸ਼ਾਰਾ ਕਰਦਾ ਹੈ। ਫਿਰ ਜਦੋਂ ਦੂਜਾ ਫੌਜੀ ਪੁਜੀਸ਼ਨ ਤੇ ਪਹੁੰਚ ਜਾਂਦਾ ਹੈ ਤਾਂ ਉਹ ਪਹਿਲੇ ਫੌਜੀ ਲਈ ਪੁਜੀਸ਼ਨ ਸੰਭਾਲਦਾ ਹੈ ਅਤੇ ਫਾਇਰ ਕਰਨ ਲਈ ਤਿਆਰ ਹੋ ਜਾਂਦਾ ਹੈ।

ਫਾਇਰ ਐਂਡ ਮੂਵ ਕਰਦੇ-ਕਰਦੇ ਅਸੀਂ ਕੰਪਨੀ ਦੀ ਪੁਜੀਸ਼ਨ ਵਿਚ ਤਕਰੀਬਨ ਸਾਢੇ ਤਿੰਨ ਵਜੇ (ਬਾਅਦ ਦੁਪਹਿਰ) ਪਹੁੰਚੇ। ਉਥੇ ਕਰਨਲ ਬਖਸ਼ੀ ਵੀ ਆਏ ਹੋਏ ਸਨ। ਕਰਨਲ ਸਾਹਿਬ ਮੈਨੂੰ ਪੁੱਛਣ ਲੱਗੇ "ਤੁਸੀਂ ਕਿੱਥੇ ਸੀ।" ਅਸੀਂ ਕਿਹਾ ਕਿ ਅਸੀਂ ਦੁਸ਼ਮਣ ਦੇ ਪਿੱਛੇ ਸੀ। ਕਹਿਣ ਲੱਗੇ ਕਿ ਦੁਸ਼ਮਣ ਨੇ ਹਮਲਾ ਕੀਤਾ ਹੈ। ਫਿਰ ਕਹਿਣ ਲੱਗੇ ਦੁਬਾਰਾ ਹਮਲਾ ਹੋਇਆ ਹੈ ਪੁਜੀਸ਼ਨਾਂ ਲੈ ਲਓ। ਦੁਸ਼ਮਣ ਨੇ ਬਹੁਤ ਫਾਇਰ ਕੀਤਾ। ਤੋਪਖਾਨੇ ਦੇ ਬਹੁਤ ਸਾਰੇ ਗੋਲੇ ਸਾਡੀ ਪੁਜੀਸ਼ਨ 'ਤੇ ਦਾਗੇ ਗਏ। ਮੇਰੇ ਮੋਰਚੇ ਉਤੇ ਵੀ ਇਕ ਗੋਲਾ ਡਿਗਿਆ। ਮੇਰਾ ਅਰਦਲੀ ਉਥੇ ਹੀ ਸ਼ਹੀਦ ਹੋ ਗਿਆ। ਮੈਂ ਦੇਖਿਆ ਉਹ ਬੋਲ ਕਿਉਂ ਨਹੀਂ ਰਿਹਾ। ਮੈਂ ਉਸ ਦੇ ਸਿਰ 'ਤੇ ਹੱਥ ਲਾਇਆ ਤੇ ਦੇਖਿਆ ਕਿ ਗੋਲੇ ਦੀ ਪੱਚਰ ਨਾਲ ਉਸ ਦਾ ਸਿਰ ਲਹੂ ਲੁਹਾਨ ਹੋਇਆ

ਪਿਆ ਸੀ ਜਿਸ ਕਰਕੇ ਉਸ ਦੀ ਮੌਤ ਹੋ ਗਈ। ਸਾਡੇ ਜਵਾਨਾਂ ਨੇ ਅੰਧਾਧੁੰਦ ਫਾਇਰਿੰਗ ਸ਼ੁਰੂ ਕਰ ਦਿੱਤੀ। ਮੈਂ ਉਸ ਵੇਲੇ 30 ਬੰਦਿਆਂ ਦੀ ਪਲਾਟੂਨ ਦਾ ਕਮਾਂਡਰ ਸੀ। ਮੇਰੇ ਨੇੜੇ ਹੀ ਤਕਰੀਬਨ 20 ਫੌਜੀ ਤੇ ਕੰਪਨੀ ਕਮਾਂਡਰ ਮੇਜਰ ਕੁਲਵਿੰਦਰ ਸਿੰਘ ਬੈਠੇ ਸੀ। ਮੈਂ ਉਹਨਾਂ ਦੀ ਸੱਜੀ ਬਾਂਹ ਦੇਖੀ, ਉਹਨਾਂ ਦਾ ਕੁੜਤਾ ਗੋਲੀ ਲੱਗਣ ਨਾਲ ਸੜ ਗਿਆ ਸੀ। ਮੈਂ ਕਿਹਾ,"ਸਰ ਤੁਹਾਡਾ ਕੁੜਤਾ ਦੇਖੋ।" ਉਹਨਾਂ ਨੇ ਅੰਗਰੇਜ਼ੀ ਵਿਚ ਕਿਹਾ, "(Oh my arm is gone) ਮੇਰੀ ਬਾਂਹ ਖਤਮ ਹੋ ਗਈ ਹੈ।" ਕੁਝ ਮਿੰਟਾ ਵਿਚ ਹੀ ਉਹਨਾਂ ਨੂੰ ਪਿਛੇ ਲਿਜਾਇਆ ਗਿਆ। ਕਰਨਲ ਬਖਸ਼ੀ ਨੇ ਮੈਨੂੰ ਪੁੱਛਿਆ ਕਿ ਕੀ ਮੈਂ ਕੰਪਨੀ ਕਮਾਂਡ ਕਰ ਸਕਦਾ ਹਾਂ। ਮੈਂ ਹੌਸਲੇ ਨਾਲ ਕਿਹਾ,"ਕਿਉਂ ਨਹੀਂ।"

ਮੈਨੂੰ ਕੰਪਨੀ ਕਮਾਂਡਰ ਬਣਾ ਦਿੱਤਾ ਗਿਆ। ਗੋਲਬਾਰੀ ਹੋ ਹੀ ਰਹੀ ਸੀ ਕਿ ਮੈਨੂੰ ਜਵਾਨਾਂ ਨੇ ਕਿਹਾ ਕਿ ਗੋਲੀਆਂ ਖ਼ਤਮ ਹੋ ਗਈਆਂ ਹਨ। ਕਰਨਲ ਬਖਸ਼ੀ ਕੋਈ 100 ਕੁ ਫੁੱਟ ਪਿੱਛੇ ਇਕ ਬੰਕਰ ਵਿਚ ਬੈਠੇ ਸਨ। ਮੈਂ ਉਹਨਾਂ ਕੋਲ ਜਾ ਕੇ ਅਸਲਾ ਮੰਗਿਆ। ਉਹਨਾਂ ਨੇ ਮੈਨੂੰ ਕੁਝ ਬੰਡੋਲੀਅਰ ਦਿੱਤੇ। ਨਾਲ ਹੀ ਕਹਿਣ ਲੱਗੇ ਕਿ ਗੋਲੀ ਬਹੁਤ ਚੱਲ ਰਹੀ ਹੈ ਪੁਜੀਸ਼ਨ ਲਓ। ਉਸ ਵੇਲੇ ਮੈਨੂੰ ਜ਼ਿਆਦਾ ਤਜ਼ਰਬਾ ਨਹੀਂ ਸੀ। ਮੈਂ ਕਿਹਾ,"ਸਰ ਜਿਸ ਗੋਲੀ 'ਤੇ ਅਮਰਜੀਤ ਸਿੰਘ ਲਿਖਿਆ ਹੈ ਉਸ ਨੇ ਹੀ ਮੇਰਾ ਨੁਕਸਾਨ ਕਰਨਾ ਹੈ ਜਿਸ ਗੋਲੀ 'ਤੇ ਮੇਰਾ ਨਾਮ ਨਹੀਂ ਲਿਖਿਆ ਮੈਂ ਉਸ ਦੀ ਪ੍ਰਵਾਹ ਨਹੀਂ ਕਰਦਾ।ਇੰਨੇ ਵਿਚ ਇਕ ਸਿਪਾਹੀ ਆਪਣੀ ਪੁਜੀਸ਼ਨ ਵਿਚੋਂ ਨਿਕਲ ਕੇ ਕਰਨਲ ਬਖਸ਼ੀ ਦੇ ਬੰਕਰ ਪਾਸ ਭੱਜਣ ਲੱਗਾ। ਮੈਂ ਉਸ ਜਵਾਨ ਦੇ ਗੋਲੀ ਮਾਰੀ, ਪਰ ਉਸ ਦੇ ਗੋਲੀ ਨਾ ਲੱਗੀ। ਕਰਨਲ ਬਖਸ਼ੀ ਥੋੜ੍ਹੇ ਗੁੱਸੇ ਵਿਚ ਕਹਿਣ ਲੱਗੇ,"ਇਹ ਕੀ ਕਰ ਰਿਹਾ ਹੈ?" ਮੈਂ ਕਿਹਾ ਸਰ ਜੇ ਇਕ ਸਿਪਾਹੀ ਵੀ ਭੱਜ ਗਿਆ ਤਾਂ ਇਥੇ ਕੋਈ ਵੀ ਨਹੀਂ ਰਹੇਗਾ। ਤੁਸੀਂ ਤੇ ਮੈਂ ਹੀ ਰਹਿ ਜਾਵਾਂਗੇ। ਜੇ ਮਰ ਗਏ ਤਾਂ ਵੀ ਲੋਕ ਬੇਵਕੂਫ ਕਹਿਣਗੇ। ਜੇ ਜਿਉਂਦੇ ਰਹੇ ਤਾਂ ਆਪਾਂ ਇਕੱਲੇ ਕਿਵੇਂ ਦੁਸ਼ਮਨ ਨਾਲ ਲੜਾਂਗੇ। ਮੈਨੂੰ ਉਹ ਮੇਰੀ ਗੱਲ ਨਾਲ ਸਹਿਮਤ ਲੱਗੇ। ਖੈਰ ਮੈਂ ਬੰਡੋਲੀਅਰ ਲੈ ਕੇ ਫਰੰਟ ਪੁਜੀਸ਼ਨ ਵਿਚ ਪਹੁੰਚਿਆ ਤੇ ਸਿਪਾਹੀਆਂ ਨੂੰ ਬੰਡੋਲੀਅਰ ਦੇ ਦਿੱਤੇ। ਬੰਡੋਲੀਅਰ ਸਿਪਾਹੀਆਂ ਵਿਚ ਵੰਡੇ। ਜਵਾਨ ਕਹਿਣ ਲੱਗੇ, "ਸਰ ਇਹ ਗੋਲੀ ਰਾਈਫਲ ਮਸ਼ੀਨ ਗਨ ਵਿਚ ਮੇਚ ਨਹੀਂ ਆਉਂਦੀ।" ਗੱਲ ਅਸਲ ਵਿਚ ਇਹ ਸੀ ਕਿ ਅਸੀਂ ਪੁਰਾਣੇ ਅਸਲੇ 'ਤੇ ਸੀ। ਪੁਰਾਣਾ ਅਸਲਾ .303 ਸੀ ਤੇ ਨਵਾਂ ਅਸਲਾ 7.62 ਸੀ। ਫੋਰ ਮਾਊਂਟੈਨ ਡਵੀਜ਼ਨ ਜਿਸ ਵਿਚ ਅਸੀਂ ਹੁਣੇ ਆਏ ਸੀ ਉਸ ਕੋਲ ਪਹਿਲਾਂ ਹੀ ਨਵਾਂ ਅਸਲਾ ਸੀ। ਬੇਬਸੀ ਦੀ ਹਾਲਤ ਪੈਦਾ ਹੋ ਗਈ। ਸਾਡੇ ਪਾਸ ਹਥਿਆਰ ਤਾਂ ਸੀ ਪਰ ਅਸਲਾ ਨਹੀਂ ਸੀ। ਮੇਰੇ ਨੇੜੇ ਬੈਠੇ ਭੀਮ ਸੈਨ ਮੌਰੇ ਨੇ ਕਿਹਾ ਸਰ ਹੁਣ ਆਪਾਂ ਕੀ ਕਰ ਸਕਦੇ ਹਾਂ। ਉਹ ਕਹਿਣ ਲੱਗਾ, "ਆਪਾਂ ਪਿੱਛੇ ਚੱਲਦੇ ਹਾਂ।" ਮੈਂ ਉਸ ਦੀ ਗੱਲ ਤੇ ਵਿਚਾਰ

ਕੀਤੀ। ਇਕ ਦੋ ਮਿੰਟ ਵਿਚਾਰ ਕਰਕੇ ਉਨ੍ਹਾਂ ਨੂੰ ਦੱਸਿਆ ਕਿ ਸਾਡੀ ਜਗ੍ਹਾ ਇਹੀ ਹੈ। ਤੁਸੀਂ ਰੱਬ ਦਾ ਨਾਂ ਲਓ ਤੇ ਰਾਈਫਲਾਂ ਦੇ ਬੈਨਟ ਲਗਾ ਕੇ ਲੜਣ ਲਈ ਤਿਆਰ ਹੋ ਜਾਵੋ। ਉਨ੍ਹਾਂ ਦੋ ਕੁ ਮਿੰਟਾਂ ਵਿਚ ਮੈਂ ਜੋ ਸੋਚਿਆ ਉਹ ਇਹ ਸੀ:-

ਸਭ ਤੋਂ ਪਹਿਲਾਂ ਮੈਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਆਈ, ਕਿ ਉਹ ਮੇਰੇ ਬਾਰੇ ਕੀ ਸੋਚਣਗੇ। ਖਾਲਸੇ ਨੂੰ ਤਾਂ ਮੈਂ ਸਵਾ ਲਾਖ ਸੇ ਏਕ ਲੜਾਊਂ ਦਾ ਅਹਿਸਾਸ ਕਰਵਾਇਆ ਸੀ ਇਹ ਵੀ ਮੇਰਾ ਖਾਲਸਾ ਹੈ ਤੇ ਇਹ ਜਾਨ ਬਚਾਉਣ ਵਾਸਤੇ ਕਿੱਧਰ ਜਾ ਰਿਹਾ ਹੈ।

ਫਿਰ ਮੈਨੂੰ ਮੇਰੀ ਮਾਤਾ ਜੀ ਦੀ ਯਾਦ ਆਈ। ਜਿਹਨਾਂ ਨੇ ਲੜਾਈ ਵਿਚ ਆਉਣ ਤੋਂ ਪਹਿਲਾਂ ਮੈਨੂੰ ਪਿੰਡ ਦੁਗਾਲ ਦੇ ਬੱਸ ਅੱਡੇ ਤੇ ਕਿਹਾ ਸੀ, "ਕਾਕਾ ਦੁੱਖ ਸੁੱਖ ਬੰਦਿਆਂ ਤੇ ਹੀ ਆਉਂਦੇ ਹਨ, ਚੰਗੀ ਤਰ੍ਹਾਂ ਕੰਮ ਕਰਨਾ ਹੈ।" ਇਸ ਗੱਲ ਤੇ ਮੈਂ ਜਵਾਬ ਦਿੱਤਾ ਸੀ ਕਿ ਮਾਤਾ ਜੀ ਮੈਂ ਤੁਹਾਡੇ ਦੁੱਧ ਦੀ ਲਾਜ ਰੱਖਾਂਗਾ ਤੇ ਨਾਲ ਹੀ ਮੈਂ ਕਿਹਾ ਸੀ,"ਜੇ ਲੜਾਈ ਵਿਚ ਮੇਰਾ ਕੋਈ ਨੁਕਸਾਨ ਹੁੰਦਾ ਹੈ ਤਾਂ ਤੁਸੀਂ ਪਿੰਡ ਵਿਚ ਬਹਾਦਰੀ ਨਾਲ ਵਿਚਰਨਾ ਹੈ ਤੇ ਚੀਂ ਚੀਂ ਨਹੀਂ ਕਰਨੀ।" ਲੋਕ ਕਹਿਣਗੇ "ਪਹਿਲਾਂ ਤਾਂ ਮੇਜਰਨੀ ਬੜੇ ਹੌਸਲੇ ਵਿਚ ਸੀ।"

ਫਿਰ ਮੈਨੂੰ ਆਪਣੇ ਪਿਤਾ ਜੀ ਦੀ ਯਾਦ ਆਈ। ਪਿਤਾ ਜੀ ਦਾ ਨੇਕ ਅਤੇ ਚੰਗਾ ਸੁਭਾਅ ਹੋਣ ਕਰਕੇ ਪਿੰਡ ਵਿਚ ਉਨ੍ਹਾਂ ਦਾ ਬਹੁਤ ਮਾਣ ਸੀ। ਸਾਡਾ ਪਿੰਡ ਵੱਡਾ ਹੋਣ ਕਰਕੇ ਸਾਡੇ ਖੇਤ ਪਿੰਡ ਤੋਂ ਤਿੰਨ ਚਾਰ ਕਿਲੋਮੀਟਰ ਦੂਰ ਸਨ। ਜਦ ਵੀ ਪਿਤਾ ਜੀ ਖੇਤ ਤੋਂ ਆਉਂਦੇ ਗੁਰਦੁਆਰਾ ਸਾਹਿਬ ਦੇ ਸਾਹਮਣੇ ਕੁਝ ਸਮਾਂ ਰੁਕਦੇ ਸਨ। ਗੁਰਦੁਆਰਾ ਸਾਹਿਬ ਦੇ ਸਾਹਮਣੇ ਇਕ ਬਹੁਤ ਵੱਡਾ ਬੋਹੜ ਦਾ ਦਰਖਤ ਸੀ ਉਸ ਹੇਠਾਂ ਉਚਾ ਚੌਂਤਰਾ ਬਣਿਆ ਸੀ। ਚੌਂਤਰੇ ਤੇ ਕੁਝ ਵਿਅਕਤੀ ਬੈਠੇ ਰਹਿੰਦੇ, ਕੁਝ ਸੁਤੇ ਰਹਿੰਦੇ ਤੇ ਕੁਝ ਤਾਸ਼ ਆਦਿ ਖੇਡਦੇ ਰਹਿੰਦੇ। ਮੈਨੂੰ ਮਹਿਸੂਸ ਹੋਇਆ ਕਿ ਲੋਕੀ ਪਿਤਾ ਜੀ ਨੂੰ ਕਹਿ ਰਹੇ ਹਨ,"ਮੇਜਰ ਸਾਹਿਬ ਤੁਸੀਂ ਤਾਂ ਤੱਕੜੇ ਅਤੇ ਬਹਾਦਰ ਸੀ। ਕਾਕਾ ਅਮਰਜੀਤ ਸਿੰਘ ਕੁਝ ਕਮਜ਼ੋਰੀ ਦਿਖਾ ਗਿਆ ਹੈ। ਇਹ ਸੋਚ ਕੇ ਮੈਨੂੰ ਅਹਿਸਾਸ ਹੋਇਆ ਕਿ ਪਿਤਾ ਜੀ ਦਾ ਇਹ ਸੁਣ ਕੇ ਸਿਰ ਸ਼ਰਮ ਨਾਲ ਝੁਕ ਗਿਆ।" ਮਨ ਵਿਚੋਂ ਆਵਾਜ਼ ਆਈ ਇੰਨੇ ਚੰਗੇ ਮਾਤਾ-ਪਿਤਾ ਦੇ ਘਰ ਨੌ ਬੱਚਿਆਂ ਨੇ ਜਨਮ ਲਿਆ ਹੈ। ਅਸੀਂ ਉਹਨਾਂ ਦੀ ਇਜ਼ਤ ਵਧਾਉਣੀ ਹੈ ਨਾ ਕਿ ਉਨ੍ਹਾਂ ਨੂੰ ਸ਼ਰਮ ਨਾਲ ਡੋਬਣਾ ਹੈ। ਮੈਂ ਸੋਚਿਆ ਕਿ ਮੈਂ ਅੱਜ ਇਜ਼ਤ ਨਾਲ ਮਰਨਾ ਹੈ ਅਤੇ ਇਜ਼ਤ ਵਾਲੀ ਜਗ੍ਹਾ ਇਹੀ ਹੈ। ਇੰਨੇ ਵਿਚ ਮੈਂ ਟਰੁਪਸ ਨੂੰ ਕਿਹਾ ਥੋੜ੍ਹਾ ਸਮਾਂ ਰਹਿ ਗਿਆ ਹੈ,ਰੱਬ ਦਾ ਨਾਂ ਲਓ ਤੇ ਜਦੋਂ ਦੁਸ਼ਮਣ ਆਏਗਾ ਤੇ ਉਹ 20 ਕੁ ਫੁੱਟ ਦੀ ਦੂਰੀ ਤੇ ਹੋਵੇਗਾ ਅਸੀਂ ਸਾਰੇ ਬੈਨਟਾਂ ਨਾਲ ਨਿਕਲਾਂਗੇ ਤੇ ਉਨ੍ਹਾਂ ਤੇ ਹਮਲਾ ਕਰ ਦੇਵਾਂਗੇ। ਜਦੋਂ ਦੁਸ਼ਮਣ ਦੇ ਸਾਹਮਣੇ ਜਾ ਕੇ ਅਸੀਂ ਮਹਾਰ ਰੈਜੀਮੈਂਟ ਦਾ ਨਾਅਰਾ ਲਾਵਾਂਗੇ ਤਾਂ ਦੁਸ਼ਮਣ ਕੁਝ ਮਿੰਟਾਂ ਵਿਚ ਭਜ

ਜਾਵੇਗਾ ਅਤੇ ਸਾਡੀ ਜਿੱਤ ਹੋਵੇਗੀ।

ਮੈਂ ਇੰਨੀ ਗੱਲ ਕਹਿ ਕੇ ਗੁਰੂ ਗੋਬਿੰਦ ਸਿੰਘ ਜੀ ਨੂੰ ਅਰਦਾਸ ਕੀਤੀ,"ਮਹਾਰਾਜ ਮੈਂ ਹੁਣ ਮਰਨ ਲਈ ਤਿਆਰ ਹਾਂ ਪਰ ਮੇਰੀ ਮੌਤ ਗੋਲੀ ਨਾਲ ਹੋਵੇ।" ਮੈਂ ਜਪੁ ਜੀ ਸਾਹਿਬ ਦਾ ਪਾਠ ਸ਼ੁਰੂ ਕਰ ਦਿੱਤਾ। ਉਸ ਵੇਲੇ ਮੈਨੂੰ ਸਿਰਫ ਜਪੁ ਜੀ ਸਾਹਿਬ ਦੀਆਂ 15 ਪਉੜੀਆਂ ਹੀ ਯਾਦ ਸਨ। ਦੁਸ਼ਮਣ ਅੱਗੇ ਨਾ ਵਧਿਆ। ਸਾਡੇ ਇਰਾਦੇ ਬੁਲੰਦ ਸਨ। ਅਸੀਂ ਮਰਨਾ ਧਾਰ ਲਿਆ ਸੀ। ਮੈਂ ਟਰੁਪਸ ਨੂੰ ਕਿਹਾ ਕਿ ਛਾਤੀ ਅੱਗੇ ਕਰ ਕੇ ਦੁਸ਼ਮਣ ਨੂੰ ਹੱਸ ਕੇ ਦਿਖਾਓ ਤਾਂ ਕਿ ਦੁਸ਼ਮਣ ਨੂੰ ਸਮਝ ਨਾ ਆਵੇ ਕਿ ਕੀ ਹੋ ਰਿਹਾ ਹੈ। ਮੇਰੇ ਜਵਾਨਾਂ ਨੇ ਕਿਹਾ,"ਸਰ ਹੱਸਣਾ ਬਹੁਤ ਔਖਾ ਹੈ। ਮੈਂ ਕਿਹਾ ਕਿ ਰੋ ਕੇ ਵੀ ਦੁਸ਼ਮਣ ਨਹੀਂ ਛੱਡੇਗਾ। ਇਸ ਲਈ ਬਹਾਦਰੀ ਨਾਲ ਵਿਚਰਨਾ ਹੀ ਯੋਧਿਆਂ ਵਾਲੀ ਗੱਲ ਹੈ।"

ਤਕਰੀਬਨ ਸਾਢੇ ਕੁ ਪੰਜ ਵਜੇ ਸਾਡੇ ਦੋ ਟੈਂਕ ਸਾਡੀ ਮਦਦ ਲਈ ਆਏ। ਉਨ੍ਹਾਂ ਨੇ ਮੇਰੇ ਤੋਂ ਦੁਸ਼ਮਣ ਬਾਰੇ ਪੁੱਛਿਆ। ਮੈਂ ਇਸ਼ਾਰੇ ਨਾਲ ਦੱਸਿਆ ਕਿ ਸਾਹਮਣੇ ਬੈਠਾ ਹੈ ਪਰ ਉਹ ਸਾਡੀ ਦਿੱਖ ਤੋਂ ਬਾਹਰ ਸੀ। ਟੈਂਕਾਂ ਨੇ ਦੁਸ਼ਮਣ ਤੇ ਗੋਲੇ ਦਾਗੇ ਅਤੇ ਨਾਲ ਹੀ ਗਨ ਫਾਇਰ ਵੀ ਕੀਤਾ। ਦੁਸ਼ਮਣ 'ਅਲਾਹ ਹੂ ਅਕਬਰ' ਦੇ ਨਾਅਰੇ ਲਾਉਂਦੇ ਹੋਏ ਦੌੜ ਗਏ। ਕਰਨਲ ਬਖਸ਼ੀ ਨੇ ਮੈਨੂੰ ਜਫੀ ਪਾ ਲਈ ਤੇ ਕਿਹਾ ਕਿ ਤੈਨੂੰ ਮਹਾਂਵੀਰ ਚੱਕਰ ਆਵੇ ਜਾਂ ਵੀਰ ਚੱਕਰ। ਮੈਂ ਕਿਹਾ,"ਸਰ ਮੈਂ ਫੌਜ ਵਿਚ ਨਹੀਂ ਰਹਿਣਾ। ਤੁਸੀਂ ਇਹ ਇਨਾਮ ਉਸ ਫੌਜੀ ਨੂੰ ਦਿਓ ਜਿਸ ਨੇ ਫੌਜ ਵਿਚ ਰਹਿਣਾ ਹੈ।" ਮਹਾਂਰਾਸ਼ਟਰ ਵਿਚ ਮਹਾਂਵੀਰ ਚੱਕਰ ਜਾਂ ਵੀਰ ਚੱਕਰ ਮਿਲਣ ਵਾਲੇ ਸਿਪਾਹੀ ਨੂੰ ਦਸ ਏਕੜ ਜ਼ਮੀਨ ਮਿਲਦੀ ਸੀ। ਮੈਂ ਭੀਮ ਸੈਨ ਮੌਰੇ ਅਤੇ ਹੌਲਦਾਰ ਸਰਕਾਟੇ ਦੇ ਨਾਮ ਦੀ ਸਿਫਾਰਸ਼ ਕੀਤੀ। ਕੁਝ ਹੀ ਦਿਨਾਂ ਬਾਅਦ ਭੀਮ ਸੈਨ ਨੂੰ ਵੀਰ ਚੱਕਰ ਮਿਲਿਆ ਅਤੇ ਹੌਲਦਾਰ ਸਰਕਾਟੇ ਨੂੰ ਚੀਫ ਆਫ ਆਰਮੀ ਸਟਾਫ ਦਾ ਕਮੇਂਡੇਸ਼ਨ (Commendtion card) ਸ਼ਲਾਘਾ ਪੱਤਰ ਮਿਲਿਆ। ਕੁਝ ਮਹੀਨਿਆਂ ਬਾਅਦ ਮੈਨੂੰ ਵੇਪਨ ਟ੍ਰਨਿੰਗ ਕੋਰਸ ਤੇ ਮਉ (ਮੱਧ ਪ੍ਰਦੇਸ਼) ਭੇਜਿਆ ਗਿਆ। ਉਥੇਂ ਮੈਂ ਅਖਬਾਰ ਵਿਚ ਪੜ੍ਹਿਆ ਕਿ ਮੈਨੂੰ ਵੀ 'ਮੈਨਸ਼ਨ ਇਨ ਡਿਸਪੈਚਸ' ਬਹਾਦਰੀ ਮਿਲੀ ਹੈ।

ਇਹਨਾਂ ਦੋਵਾਂ ਅਸਰਾਂ ਤੋਂ ਇਲਾਵਾ ਮੇਰੀ ਮਾਤਾ ਜੀ ਜਦੋਂ ਵੀ ਕਿਸੇ ਸ਼ਹਾਦਤ ਜਾਂ ਕਿਸੇ ਤਕਲੀਫ ਦੀ ਗੱਲ ਕਰਦੇ ਸਨ ਤਾਂ ਅੱਖਾਂ ਭਰ ਲੈਂਦੇ ਸਨ। ਉਹ ਗੁਰੂ ਸਾਹਿਬਾਨ ਅਤੇ ਸਾਹਿਬਜ਼ਾਦਿਆਂ ਦੀ ਕੁਰਬਾਨੀ ਨੂੰ ਪੜ੍ਹ ਸੁਣ ਕੇ ਬਹੁਤ ਬੈਰਾਗਮਈ ਹੋ ਜਾਂਦੇ ਸਨ। ਉਹ ਅਕਸਰ ਭਾਈ ਮਨੀ ਸਿੰਘ ਜੋ ਸਾਡੇ ਇਲਾਕੇ ਦੇ ਹੀ ਸਨ, ਦੇ ਬੰਦ ਬੰਦ ਕਟਵਾਉਣ ਬਾਰੇ ਵੀ ਗੱਲ ਕਰਦੇ ਰਹਿੰਦੇ ਸਨ। ਬਾਬਾ ਦੀਪ ਸਿੰਘ ਜੀ ਦੀ ਅਲੌਕਿਕ ਸ਼ਹੀਦੀ ਦਾ ਵੀ ਅਕਸਰ ਜ਼ਿਕਰ ਹੁੰਦਾ ਸੀ।

# ਬਚਪਨ ਤੋਂ ਸ਼ਹੀਦੀ ਤੱਕ ਦਾ ਸਫ਼ਰ

ਸਤਵੰਤ ਦਾ ਜਨਮ 2 ਜੂਨ 1947 ਨੂੰ ਹੋਇਆ। ਉਸ ਵੇਲੇ ਸਾਡੇ ਪਿਤਾ ਜੀ (ਚਾਰ ਪਟਿਆਲਾ ਪਲਟਨ ਦੇ ਸੈਕਿੰਡ ਇਨ ਕਮਾਂਡ ਸਨ ਅਤੇ ਮੇਜਰ ਦਾ ਰੈਂਕ ਸੀ) ਨੇ ਸਰਹਿੰਦ ਵਿਚ ਕੈਂਪ ਲਗਾਇਆ ਹੋਇਆ ਸੀ, ਜਿਥੇ ਲੱਖਾਂ ਮੁਸਲਮਾਨਾਂ ਨੂੰ ਉਹਨਾਂ ਦੇ ਘਰ ਪਹੁੰਚਾਉਣ ਦਾ ਕੰਮ ਮਹਾਰਾਜਾ ਯਾਦਵਿੰਦਰ ਸਿੰਘ ਨੇ ਉਹਨਾਂ ਨੂੰ ਦਿੱਤਾ ਹੋਇਆ ਸੀ। ਸਤਵੰਤ ਦਾ ਜਨਮ ਤੋਪਖਾਨੇ ਵਾਲੇ ਘਰ ਵਿਚ ਹੋਇਆ। ਉਸ ਵੇਲੇ ਕਾਫ਼ੀ ਲੋਕ ਆਪਣੇ ਘਰ ਦਾਈ ਨੂੰ ਬੁਲਾਉਂਦੇ ਸਨ ਅਤੇ ਜਣੇਪਾ ਕਰਵਾ ਲੈਂਦੇ ਸਨ। ਸਤਵੰਤ ਦੇ ਕੇਸ ਵਿਚ ਵੀ ਇਸ ਤਰ੍ਹਾਂ ਹੀ ਹੋਇਆ। ਸਾਡੇ ਤੋਪਖਾਨੇ ਵਾਲੇ ਘਰ ਦੇ ਪਾਸ ਇਕ ਦਾਈ ਰਹਿੰਦੀ ਸੀ ਜਿਸ ਨੇ ਇਹ ਕਾਰਜ ਕੀਤਾ। ਉਸ ਦਾਈ ਦਾ ਨਾਮ ਵੀ ਸਤਵੰਤ ਕੌਰ ਸੀ। ਇਹ ਸਤਵੰਤ ਕੌਰ ਨੇ ਹੀ ਇਸ ਭਰਾ ਦਾ ਨਾਮ ਸਤਵੰਤ ਸਿੰਘ ਰੱਖਿਆ ਸੀ।

**ਰਮਤੇ ਸਾਧੂ ਦੀ ਗੱਲ:-** ਸਤਵੰਤ ਕੁਝ ਹੀ ਦਿਨਾਂ ਦਾ ਸੀ ਕਿ ਉਹ ਬਿਮਾਰ ਹੋ ਗਿਆ। ਮਾਤਾ ਜੀ ਘਰ ਦੇ ਨੇੜੇ ਡਾ. ਗੁਰਮੁਖ ਸਿੰਘ ਕੋਲ ਗਏ। ਡਾ. ਗੁਰਮੁਖ ਦੀ ਦੁਕਾਨ ਅਤੇ ਘਰ ਸਾਡੇ ਘਰ ਤੋਂ 150 ਕੁ ਗਜ਼ ਤੇ ਹੀ ਸੀ। ਮਾਤਾ ਜੀ ਨੂੰ ਰਾਹ ਵਿਚ ਇਕ ਰਮਤਾ ਸਾਧੂ ਮਿਲਿਆ। ਸਾਧੂ ਕਹਿਣ ਲੱਗਾ,"ਭਾਈ ਚਿੰਤਾ ਨਾ ਕਰ, ਅੱਵਲ ਤਾਂ ਇਹ ਬੱਚਾ ਬਚਦਾ ਹੀ ਨਹੀਂ। ਜੇ ਇਹ ਬਚ ਗਿਆ ਤਾਂ ਤੇਰੀ ਕੁੱਖ ਨੂੰ ਮਸ਼ਹੂਰ ਕਰਕੇ ਜਾਏਗਾ।"

1949 ਵਿਚ ਪਿਤਾ ਜੀ ਫੌਜ ਦੀ ਨੌਕਰੀ ਤੋਂ ਰਿਟਾਇਰ ਹੋਣ ਤੋਂ ਬਾਅਦ ਅਸੀਂ ਸਾਰਾ ਟੱਬਰ (ਮਾਤਾ-ਪਿਤਾ ਅਤੇ 7 ਭੈਣ ਭਾਈ) ਜੁਲਾਈ 1953 ਨੂੰ ਪਿੰਡ ਦੁਗਾਲ ਚਲਾ ਗਿਆ। ਸਤਵੰਤ ਉਸ ਵੇਲੇ ਤਕਰੀਬਨ 6 ਸਾਲ ਦਾ ਸੀ। ਥੋੜ੍ਹਾ ਸਮਾਂ ਗੁਰਦੁਆਰਾ ਪ੍ਰੇਮੀ ਜੱਥਾ ਸਕੂਲ, ਪਟਿਆਲਾ ਵਿਚ ਪੜ੍ਹ ਕੇ ਉਹ ਪਿੰਡ ਆ ਗਿਆ ਤੇ ਕਈ ਸਾਲ ਪਿੰਡ ਦੇ ਮਿਡਲ ਸਕੂਲ ਵਿਚ ਪੜ੍ਹਿਆ। ਸਤਵੰਤ ਕੁਝ ਚਿਰ ਅੰਮ੍ਰਿਤਸਰ ਦੇ ਸਕੂਲ ਫੋਰ ਐੱਸ ਵਿਚ ਵੀ ਪੜ੍ਹਿਆ। ਸਤਵੰਤ ਨੇ ਬੀ.ਏ ਦਾ ਕੁਝ ਹਿੱਸਾ ਰਣਬੀਰ ਕਾਲਜ, ਸੰਗਰੂਰ ਤੋਂ ਕੀਤਾ ਤੇ ਬਾਕੀ ਦੀ ਬੀ.ਏ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਪ੍ਰਾਈਵੇਟਲੀ ਕੀਤੀ। ਰਣਬੀਰ ਕਾਲਜ ਵਿਚ ਉਸ ਦੇ ਹਰਮਨ ਪਿਆਰੇ ਪ੍ਰੋਫੈਸਰ ਡਾ. ਰਣਬੀਰ ਸਿੰਘ ਸਰਾਓ ਸੀ। ਪ੍ਰੋਫੈਸਰ ਰਣਬੀਰ ਸਿੰਘ ਸਰਾਓ ਨੇ ਸਤਵੰਤ ਦੀ ਸ਼ਹਾਦਤ 'ਤੇ ਗੁਰਦੁਆਰ ਸਿੰਘ ਸਭਾ, ਪਟਿਆਲਾ ਵਿਖੇ 16 ਅਗਸਤ 2012 ਨੂੰ ਭੋਗ ਦੇ ਸਮਾਗਮ ਤੇ ਸਟੇਜ ਸੰਭਾਲਣ ਦੀ ਸੇਵਾ ਨਿਭਾਈ ਅਤੇ

ਅਧਿਆਪਕ ਵਾਲੇ ਸਮੇਂ ਦਾ ਜ਼ਿਕਰ ਵੀ ਕੀਤਾ। ਕਾਲਜ ਪੜ੍ਹਦਿਆਂ ਉਸ ਦੇ ਤਿੰਨ ਹੋਰ ਜਮਾਤੀ ਵੀ ਯਾਦ ਆਉਂਦੇ ਹਨ। ਉਹਨਾਂ ਜਮਾਤੀਆਂ ਦੇ ਨਾਮ ਹਨ, ਰਾਜਿੰਦਰ ਕੌਰ ਭੱਠਲ ਜੋ ਸਾਬਕਾ ਮੁੱਖ ਮੰਤਰੀ, ਪੰਜਾਬ ਰਹੇ। ਸ. ਪਰਗਟ ਸਿੰਘ ਜੋ ਪਾਈਲਟ ਬਣੇ ਅਤੇ ਗਵਰਨਰ ਪੰਜਾਬ ਦਾ ਜਹਾਜ਼ ਚਲਾਉਂਦਿਆਂ ਸ਼ਹੀਦ ਹੋ ਗਏ। ਤੀਜੇ ਜਮਾਤੀ ਸ. ਜਰਨੈਲ ਸਿੰਘ ਹਨ ਜੋ ਆਬਕਾਰੀ ਤੇ ਕਰ ਵਿਭਾਗ, ਪੰਜਾਬ ਤੋਂ ਡਿਪਟੀ ਕਮਿਸ਼ਨਰ ਰਿਟਾਇਰ ਹੋ ਕੇ ਚੰਡੀਗੜ੍ਹ ਰਹਿ ਰਹੇ ਹਨ। ਸ. ਜਰਨੈਲ ਸਿੰਘ ਪੰਜਾਬ ਦੇ ਨਾਮੀ ਇਮਾਨਦਾਰ ਅਫਸਰ ਜਾਣੇ ਜਾਂਦੇ ਹਨ। ਸਤਵੰਤ ਨੂੰ ਕਵਿਤਾ ਲਿਖਣ ਦਾ ਵੀ ਸ਼ੌਕ ਸੀ। ਉਹ ਪੜ੍ਹਨ-ਲਿਖਣ ਵਿਚ ਸ਼ੁਰੂ ਤੋਂ ਹੀ ਦਰਮਿਆਨਾ ਸੀ। ਕੁਝ ਗੁਣ ਜੋ ਉਸ ਵਿਚ ਬਚਪਨ ਤੋਂ ਹੀ ਪ੍ਰਚੰਡ ਸਨ।

1 ਹੱਠੀ ਹੋਣਾ

2 ਧਾਰਮਿਕ

ਉਹ ਪੜ੍ਹਨ ਵਿਚ ਠੀਕ-ਠਾਕ ਹੀ ਸੀ ਤੇ ਅੰਗਰੇਜੀ ਵੀ ਪਿੰਡਾਂ ਵਰਗੀ ਹੀ ਬੋਲਦਾ ਸੀ। ਪਰ ਉਸ ਦੀ ਗੱਲਬਾਤ ਵਿਚ ਆਤਮ ਵਿਸ਼ਵਾਸ ਦੀ ਕਮੀ ਮੈਂ ਕਦੇ ਨਹੀਂ ਦੇਖੀ। ਉਸ ਦੀ ਬਿਰਤੀ ਬਚਪਨ ਤੋਂ ਹੀ ਧਾਰਮਿਕ ਸੀ। ਮੈਨੂੰ ਹਾਲੇ ਵੀ ਯਾਦ ਹੈ ਕਿ 1967 ਵਿਚ ਮੈਂ ਕਾਲਕਾ ਵਿਖੇ ਮਿਲਟਰੀ ਪੁਲਿਸ ਵਿਚ ਇਕ ਯੂਨਿਟ ਵਿਚ ਸੈਕਿੰਡ ਇਨ ਕਮਾਂਡ ਸੀ। ਉਹ ਮੇਰੇ ਕੋਲ ਆਇਆ। ਉਸ ਵੇਲੇ ਉਸ ਦੀ ਉਮਰ 20 ਕੁ ਸਾਲ ਸੀ। ਉਹ ਕਹਿਣ ਲੱਗਾ,"ਪਿੰਡਾਂ ਵਿਚ ਲੋਕ ਸਿੱਖੀ ਨੂੰ ਚੰਗੀ ਤਰ੍ਹਾਂ ਨਹੀਂ ਸਮਝ ਰਹੇ। ਮੈਂ ਪਿੰਡ ਪਿੰਡ ਜਾ ਕੇ ਸਿੱਖੀ ਦਾ ਪ੍ਰਚਾਰ ਕਰਨਾ ਚਾਹੁੰਦਾ ਹਾਂ। ਇਕ ਬੰਦੋਬਸਤ ਮੇਰੇ ਕੋਲ ਹੋ ਗਿਆ ਹੈ। ਮੇਰੇ ਪੁੱਛਣ ਤੇ ਉਸ ਨੇ ਦੱਸਿਆ ਕਿ ਆਪਣੇ ਪਿੰਡ ਦਾ ਇਕ ਲੜਕਾ ਜਿਸ ਦੀ ਇੱਕ ਲੱਤ ਖ਼ਰਾਬ ਹੈ ਮੈਂ ਉਸ ਨੂੰ ਢੋਲਕੀ ਵਜਾਉਣੀ ਸਿਖਾ ਦਿੱਤੀ ਹੈ ਤੇ ਮੇਰਾ ਸੰਗੀਤ ਦਾ ਪ੍ਰੋਗਰਾਮ ਹੋ ਗਿਆ ਹੈ। ਦੋ ਚੀਜ਼ਾ ਮੈਨੂੰ ਹੋਰ ਚਾਹੀਦੀਆਂ ਹਨ। ਉਸ ਨੇ ਦੱਸਿਆ ਕਿ ਪਿੰਡ-ਪਿੰਡ ਪ੍ਰਚਾਰ ਕਰਨ ਜਾਣ ਲਈ ਮੈਨੂੰ ਇਕ ਟਾਂਗਾ ਤੇ ਇਕ ਘੋੜਾ ਜਾਂ ਘੋੜੀ ਦੀ ਜ਼ਰੂਰਤ ਹੈ।" ਉਸ ਦੀ ਗੱਲ ਸੁਣ ਕੇ ਮੈਂ ਆਪਣੇ ਮਨ ਵਿਚ ਹੱਸਿਆ।

ਕੁਝ ਚਿਰ ਬਾਅਦ ਸਤਵੰਤ ਖੇਤੀ ਕਰਨ ਲੱਗ ਪਿਆ। ਖੇਤੀ ਵਿਚ ਵੀ ਉਹ ਬਹੁਤ ਤਜ਼ਰਬੇ ਕਰਦਾ ਸੀ। 1970 ਵਿਚ ਅਸੀਂ ਟਰੈਕਟਰ ਲੈ ਲਿਆ। 7,000 ਰੁਪਏ ਘਰੋਂ ਪਾ ਕੇ 18,000 ਅਸੀਂ ਕਰਜ਼ਾ ਲਿਆ ਸੀ। ਸਾਡੀ ਫ਼ਸਲ ਵੀ 200 ਮਣ ਤੋਂ ਵੱਧ ਕੇ 600-700 ਮਣ ਕਣਕ ਹੋ ਗਈ। ਧਾਨ ਦਾ ਹਾਲੇ ਬੋਲਬਾਲਾ ਨਹੀਂ ਸੀ ਹੋਇਆ। ਕਣਕ ਹੀ ਹਾਲੇ ਵੱਡੀ ਫਸਲ ਸੀ। ਇਕ ਵਾਰੀ ਸਤਵੰਤ ਨੇ ਕਿਸੇ ਨੂੰ ਮੰਗਣ ਤੇ ਟਰੈਕਟਰ ਦੇ ਦਿੱਤਾ। ਮੈਂ ਵੀ ਸਾਲ ਕੁ ਫੌਜ ਤੋਂ ਬਾਅਦ ਤੇ ਪ੍ਰੋਫੈਸਰ ਲੱਗਣ ਤੋਂ ਪਹਿਲਾਂ ਪਿੰਡ ਵਿਚ ਰਿਹਾ। ਮੈਂ ਪੁੱਛਿਆ "ਕਾਕਾ ਟਰੈਕਟਰ ਇਥੇ ਖੜ੍ਹਾ ਸੀ।" ਸਤਵੰਤ ਕਹਿਣ ਲੱਗਾ,"ਵੀਰ ਜੀ ਆਪਣੇ ਕੋਲ ਵਿਹਲਾ ਖੜ੍ਹਾ ਸੀ ਤੇ ਗੁਆਂਢੀ ਦਾ

ਕੰਮ ਖੜ੍ਹਾ ਸੀ।" ਸਤਵੰਤ ਦਾ ਨਿਰਸਵਾਰਥੀ ਕਿਸਮ ਦਾ ਸੁਭਾਅ ਸੀ।

ਸਤਵੰਤ ਤਕਰੀਬਨ 12 ਸਾਲ (1970-1982) ਪਿੰਡ ਖੇਤੀ ਕਰਦਾ ਰਿਹਾ। ਲੋਕ ਉਸ ਨੂੰ ਗਿਆਨੀ ਜੀ ਜਾਂ ਬਾਦਲ ਸਰਕਾਰ ਕਰਕੇ ਜਾਣਦੇ ਸਨ ਅਤੇ ਉਸੇ ਤਰ੍ਹਾਂ ਹੀ ਸੰਬੋਧਨ ਕਰਦੇ ਸਨ। ਉਸ ਦਾ ਵਿਆਹ ਮੇਰੀ ਪਤਨੀ ਦੇ ਰਿਸ਼ਤੇਦਾਰਾਂ ਵਿਚ ਹੋਇਆ। ਦੋ ਲੜਕੇ ਪਰਦੀਪ ਅਤੇ ਅਮਰਦੀਪ ਉਸ ਸਮੇਂ ਵਿਚ ਹੀ ਪੈਦਾ ਹੋਏ। 1982 ਵਿਚ ਸਤਵੰਤ ਅਤੇ ਉਸ ਦੀ ਪਤਨੀ ਦੋਵਾਂ ਬੱਚਿਆਂ ਸਮੇਤ ਅਮਰੀਕਾ ਚਲੇ ਗਏ। ਪੂਰੇ 30 ਸਾਲ ਬਾਅਦ ਸਤਵੰਤ ਗੁਰਦੁਆਰਾ ਸਾਹਿਬ ਵਿਖੇ 5 ਅਗਸਤ 2012 ਨੂੰ ਪ੍ਰਧਾਨਗੀ ਦੀ ਜ਼ਿੰਮੇਵਾਰੀ ਸਮਝਦਿਆਂ ਅਤੇ ਸੰਗਤਾਂ ਨੂੰ ਬਚਾਉਂਦਾ ਹੋਇਆ ਮਾਈਕਲ ਪੇਜ ਨਾਲ ਯੁੱਧ ਕਰਦਿਆਂ ਆਪਣਾ ਪੁਰਜਾ-ਪੁਰਜਾ ਕਟ ਕੇ ਸ਼ਹੀਦ ਹੋ ਗਿਆ। ਉਸ ਦੀ ਸ਼ਹਾਦਤ ਤੋਂ ਪਹਿਲਾਂ, ਮਾਈਕਲ ਪੇਜ ਨੇ 10 ਸਿੱਖ ਸੰਗਤਾਂ ਤੇ ਗੋਲੀ ਚਲਾਈ। ਪੰਜ ਸ਼ਹੀਦ ਹੋ ਗਏ ਅਤੇ ਇਕ ਹਾਲੇ ਵੀ ਹਸਪਤਾਲ ਵਿਚ ਤਕਰੀਬਨ ਕੌਮੇ ਵਰਗੀ ਹਾਲਤ ਵਿਚ ਹੈ ਅਤੇ ਚਾਰ ਜ਼ਖਮੀ ਠੀਕ ਹੋ ਗਏ। ਇਸ ਘਟਨਾ ਨੂੰ ਅਮਰੀਕਾ ਸਰਕਾਰ ਨੇ ਬਹੁਤ ਗੰਭੀਰਤਾ ਨਾਲ ਲਿਆ। ਅਮਰੀਕਾ ਦੇ ਚੈਨਲ ਸੀ.ਐਨ.ਐਨ. ਤੋਂ ਤਿੰਨ ਦਿਨ ਤੱਕ ਕਵਰੇਜ਼ ਹੁੰਦੀ ਰਹੀ। ਸਾਰੀ ਦੁਨੀਆਂ ਦੇ ਸਿੱਖਾਂ ਵਿਚ ਸਤਵੰਤ ਸਿੰਘ ਦਾ ਨਾਮ ਯੋਧੇ ਦੇ ਤੌਰ 'ਤੇ ਜਾਣਿਆ ਜਾਣ ਲੱਗਾ। ਕੁਝ ਹੀ ਦਿਨਾਂ ਵਿਚ ਓਕ ਕਰੀਕ ਗੁਰਦੁਆਰਾ ਜਿਸ ਦਾ ਪ੍ਰਧਾਨ ਸਤਵੰਤ ਸੀ, ਜਗਤ ਪ੍ਰਸਿੱਧ ਹੋ ਗਿਆ। ਮਿੱਥੇ ਦਿਨ ਤੇ ਓਕ ਕਰੀਕ ਗੁਰਦੁਆਰਾ ਸਾਹਿਬ ਵਿਚ ਸ਼ਹੀਦਾਂ ਦੀ ਯਾਦ ਵਿਚ ਭੋਗ ਪਾਇਆ ਗਿਆ। ਕੈਨੇਡਾ, ਅਮਰੀਕਾ ਅਤੇ ਕਈ ਹੋਰ ਦੇਸ਼ਾਂ ਵਿਚੋਂ ਪੰਜ ਹਜ਼ਾਰ ਸੰਗਤ ਨੇ ਸਮਾਗਮ ਵਿਚ ਹਿੱਸਾ ਲਿਆ। ਅਮਰੀਕਾ ਦੇ ਰਾਸ਼ਟਰਪਤੀ ਨੇ ਅਟਾਰਨੀ ਜਨਰਲ ਦੇ ਹੱਥੀਂ ਆਪਣਾ ਸੁਨੇਹਾ ਭੇਜਿਆ। ਤਿੰਨ ਦਿਨਾਂ ਲਈ 8 ਅਗਸਤ 2012 ਤੋਂ 10 ਅਗਸਤ 2012 ਤੱਕ ਅਮਰੀਕਾ ਦਾ ਝੰਡਾ ਅੱਧ ਝੁਕਾਇਆ ਗਿਆ। ਸੰਗਤ ਦੇ ਖਾਣੇ ਦਾ ਸਾਰਾ ਖਰਚ ਅਮਰੀਕੀ ਸਰਕਾਰ ਨੇ ਕੀਤਾ। ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਕਾਨੂੰਨ ਮੰਤਰੀ (Law secretary) ਐਰਿਕ ਹੋਲਡਰ ਨੂੰ ਆਪਣੀ ਪ੍ਰਤੀਨਿਧਤਾ ਕਰਨ ਲਈ ਭੇਜਿਆ ਅਤੇ ਸੰਗਤ ਦੇ ਨਾਮ ਲੰਬੀ ਚੌੜੀ ਚਿੱਠੀ ਲਿਖੀ, ਜਿਸ ਦਾ ਜ਼ਿਕਰ ਅਲੱਗ ਥਾਂ ਤੇ ਹੈ। ਇਸ 30 ਸਾਲ ਦੇ ਸਮੇਂ ਵਿਚ ਸਤਵੰਤ ਤੇ ਉਸ ਦੀ ਪਤਨੀ ਨੇ ਕਈ ਥਾਂ ਨੌਕਰੀਆਂ ਕੀਤੀਆਂ। ਸਤਪਾਲ ਨੇ ਵੀ ਸਲਾਈ ਦੀ ਕੰਪਨੀ ਵਿਚ ਸਿਲਾਈ ਦਾ ਕੰਮ ਤਕਰੀਬਨ 10 ਸਾਲ ਕੀਤਾ। 10 ਸਾਲਾਂ ਵਿਚ ਵਿਅਕਤੀ ਪੈਨਸ਼ਨ ਯੋਗ ਹੋ ਜਾਂਦਾ ਸੀ। ਕੁਝ ਕੁ ਦਿਨ ਪਹਿਲਾਂ ਹੀ ਕੰਪਨੀ ਬੰਦ ਹੋ ਗਈ ਜਿਸ ਕਰਕੇ ਸਤਪਾਲ ਨੂੰ ਪੈਨਸ਼ਨ ਦਾ ਕੋਈ ਵੀ ਲਾਭ ਨਾ ਮਿਲ ਸਕਿਆ। ਜੂਨ-ਜੁਲਾਈ 1986 ਵਿਚ ਮੈਂ ਤਿੰਨਾ ਭਰਾਵਾਂ ਨੂੰ ਮਿਲਣ ਲਈ ਅਮਰੀਕਾ ਗਿਆ। ਉਸ ਵੇਲੇ ਸਤਵੰਤ ਤੇ ਉਸ ਦੀ ਪਤਨੀ ਤਕਲੀਫ਼ਾਂ ਨਾਲ ਜੂਝ ਰਹੇ ਸਨ। ਦੋਵੇਂ ਬੱਚੇ ਪਰਦੀਪ ਅਤੇ ਅਮਰਦੀਪ ਸਰਕਾਰੀ ਸਕੂਲਾਂ ਵਿਚ

ਪੜ੍ਹਦੇ ਸਨ। ਅਮਰੀਕਾ ਵਿਚ ਸਰਕਾਰੀ ਸਕੂਲਾਂ ਨਾਲੋਂ ਪ੍ਰਾਈਵੇਟ ਸਕੂਲਾਂ ਦਾ ਪੱਧਰ ਵਧੀਆ ਹੁੰਦਾ ਹੈ। ਇਹਨਾਂ ਪ੍ਰਾਈਵੇਟ ਸਕੂਲਾਂ ਨੂੰ ਭਾਰਤ ਵਿਚ ਪਬਲਿਕ ਸਕੂਲ ਕਿਹਾ ਜਾਂਦਾ ਹੈ। ਸਤਵੰਤ ਤੇ ਉਸ ਦੀ ਪਤਨੀ ਇਕ ਦਰਮਿਆਨੇ ਜਿਹੇ ਇਲਾਕੇ ਵਿਚ, ਇੱਕ ਬੈਡਰੂਮ ਵਾਲੇ ਘਰ ਵਿਚ ਕਿਰਾਏ ਤੇ ਰਹਿੰਦੇ ਸਨ।

ਜਦੋਂ ਅਸੀਂ ਅਕਤੂਬਰ 1992 ਵਿਚ ਪੱਕੇ ਤੌਰ ਤੇ ਅਮਰੀਕਾ ਰਹਿਣ ਲਈ ਗਏ ਤਾਂ ਉਸ ਵੇਲੇ ਤੱਕ ਸਤਵੰਤ ਨੇ ਕੂਇਨਸੀ ਸਟਰੀਟ ਤੇ 27,000 ਡਾਲਰ ਦਾ ਛੋਟਾ ਜਿਹਾ ਮਕਾਨ ਮੁਲ ਲਿਆ ਹੋਇਆ ਸੀ। ਇਸ ਮਕਾਨ ਦੀ ਇੱਕੋ ਸੁੰਦਰਤਾ ਸੀ ਕਿ ਇਸ ਦੇ ਸਾਹਮਣੇ ਬਹੁਤ ਵੱਡਾ ਪਾਰਕ ਸੀ ਜਿਸ ਵਿਚ ਬੱਚੇ ਖੇਡਦੇ-ਖੇਡਦੇ ਤੱਕੜੇ ਹੋ ਗਏ। 1992 ਵਿਚ ਸਤਵੰਤ ਨੇ ਪਹਿਲਾ ਵਪਾਰ ਇਕ ਦਰਮਿਆਨਾ ਜਿਹਾ ਗੈਸ ਸਟੇਸ਼ਨ ਜੋ ਕਿ ਮਿਲਵਾਕੀ ਸ਼ਹਿਰ ਦੀ 13ਵੀਂ ਸਟਰੀਟ 'ਤੇ ਸਥਿਤ ਸੀ, ਖ਼ਰੀਦਿਆ। ਸਤਵੰਤ ਦੀ ਅੰਗਰੇਜ਼ੀ ਬਹੁਤ ਦਰਮਿਆਨੀ ਸੀ ਤੇ ਉਸ ਦੀ ਡਰਾਈਵਿੰਗ ਵੀ ਠੀਕ-ਠਾਕ ਹੀ ਸੀ। ਉਹ ਲੇਨਾਂ ਬਦਲਣ ਵੇਲੇ ਇਸ਼ਾਰਾ ਨਹੀਂ ਸੀ ਦਿੰਦਾ, ਜਿਸ ਕਰਕੇ ਲੋਕ ਹਾਰਨ ਮਾਰ ਕੇ ਇਹ ਸੰਕੇਤ ਦਿੰਦੇ ਕਿ ਤੁਹਾਡੀ ਡਰਾਈਵਿੰਗ ਠੀਕ ਨਹੀਂ ਹੈ।

**ਅਮਰੀਕਾ ਵਿਚ ਸਤਵੰਤ ਦਾ ਜੀਵਨ ਸਫ਼ਰ**

ਪੂਰੇ 30 ਸਾਲ ਸਤਵੰਤ ਅਮਰੀਕਾ ਵਿਚ ਰਿਹਾ। 30 ਸਾਲਾਂ ਵਿਚੋਂ ਪਿਛਲੇ 18 ਸਾਲ ਉਸ ਨੇ ਗੁਰਦੁਆਰਾ ਸਾਹਿਬ ਜਿਸ ਵਿਚ ਉਹ ਸ਼ਹੀਦ ਹੋਇਆ ਦੀ ਇਕੱਲੀ-ਇਕੱਲੀ ਇੱਟ ਆਪਣੇ ਦਿਮਾਗ, ਸਰੀਰ ਤੇ ਭਾਵਨਾ ਨਾਲ ਲਗਾਈ। ਉਸ ਦਾ ਸਾਹਸ ਬਹੁਤ ਵੱਡਾ ਸੀ। ਉਹ ਕਦੇ ਵੀ ਛੋਟੀ ਗੱਲ ਨਹੀਂ ਸੀ ਸੋਚਦਾ। 1995-96 ਵਿਚ ਮਿਲਵਾਕੀ ਦੇ ਪੁਰਾਣੇ ਅਤੇ ਇਕੋ ਗੁਰਦੁਆਰੇ ਦਾ ਪ੍ਰਧਾਨ ਵੀ ਸਤਵੰਤ ਹੀ ਸੀ। ਸਾਡੀ ਛੋਟੀ ਭੈਣ ਹਰਿੰਦਰ ਦੇ ਸਹੁਰਾ ਸਾਹਿਬ ਸੂਬੇਦਾਰ ਕਰਤਾਰ ਸਿੰਘ ਰੱਖੜਾ ਦੀ ਮੌਤ 11 ਨਵੰਬਰ 1996 ਨੂੰ ਭਾਰਤ ਵਿਚ ਹੋਈ। ਉਹ ਆਪਣਾ ਕੰਮ-ਕਾਰ ਛੱਡ ਕੇ ਪਟਿਆਲੇ ਰਿਸ਼ਤੇਦਾਰਾਂ ਦੇ ਅਫ਼ਸੋਸ ਲਈ ਆਇਆ ਅਤੇ ਕਈ ਦਿਨ ਰਿਹਾ। ਉਹਨਾਂ ਦਿਨਾਂ ਵਿਚ ਵਿਰੋਧੀ ਸਿਆਸੀ ਗਰੁੱਪਾਂ ਨੇ ਪੁਰਾਣੇ ਗੁਰਦੁਆਰੇ ਵਿਚ ਕਾਫ਼ੀ ਵੋਟਾਂ ਬਣਾ ਲਈਆਂ ਜੋ ਉਹਨਾਂ ਦੇ ਹੱਕ ਦੀਆਂ ਸਨ। ਦਿਨਾਂ ਵਿਚ ਪੁਰਾਣਾ ਗੁਰਦੁਆਰਾ ਜੋ ਫੰਡੂਲਾਕ ਰੋਡ 'ਤੇ ਸਥਿਤ ਸੀ ਡੇਢ ਲੱਖ ਡਾਲਰ ਦਾ ਵੇਚ ਕੇ ਬਰੁਕਫੀਲਡ ਸ਼ਹਿਰ ਵਿਚ ਇਕ ਪੁਰਾਣਾ ਚਰਚ ਖ਼ਰੀਦ ਲਿਆ। ਸਤਵੰਤ ਨੇ ਬਗਾਵਤ ਦਾ ਝੰਡਾ ਖੜ੍ਹਾ ਕਰ ਦਿੱਤਾ ਅਤੇ ਨਵਾਂ ਗੁਰਦੁਆਰਾ ਸਥਾਪਿਤ ਕਰਨ ਦਾ ਐਲਾਨ ਕਰ ਦਿੱਤਾ। ਪੁਰਾਣੇ ਗੁਰਦੁਆਰੇ ਦਾ ਸਾਰਾ ਲੋਨ ਅਦਾ ਹੋ ਚੁੱਕਾ ਸੀ। ਕੁਝ ਨਕਦ ਆਦਿ ਵੀ ਪਿਆ ਸੀ। ਸਤਵੰਤ ਨੇ ਆਪਣੇ ਘਰ ਦੀ ਬੇਸਮੈਂਟ ਵਿਚ ਹੀ ਸਾਫ਼ ਕਰਕੇ ਨਵਾਂ ਗੁਰਦੁਆਰਾ ਬਣਾ ਲਿਆ ਸੀ। ਪੁਰਾਣਾ ਗੁਰਦੁਆਰਾ ਜੋ ਕਿ ਨਵੀਂ ਬਿਲਡਿੰਗ ਬਰੁਕਫੀਲਡ ਵਿਚ ਚਲਾ ਗਿਆ, ਦੇ ਕਾਫ਼ੀ ਪ੍ਰਬੰਧਕਾਂ ਨੇ ਮੈਨੂੰ ਛੋਟੇ ਭਰਾ

ਸਤਵੰਤ ਨੂੰ ਮਨਾਉਣ ਲਈ ਕਿਹਾ। ਮੈਂ ਸਤਵੰਤ ਨੂੰ ਮਨਾਉਣ ਦੀ ਜਾਇਜ਼ ਕੋਸ਼ਿਸ਼ ਵੀ ਕੀਤੀ ਪਰ ਸਤਵੰਤ ਬਹੁਤ ਹਠੀ ਸੀ, ਉਹ ਨਹੀਂ ਮੰਨਿਆ। ਮੈਂ ਤੇ ਮੇਰਾ ਪਰਿਵਾਰ ਉਸ ਵੇਲੇ ਵਿਸਕਾਨਸਿਨ ਦੀ ਰਾਜਧਾਨੀ ਮੈਡੀਸਨ ਸ਼ਹਿਰ ਵਿਚ ਰਹਿੰਦੇ ਸਨ ਜੋ ਮਿਲਵਾਕੀ ਤੋਂ 80 ਮੀਲ ਦੀ ਦੂਰੀ ਤੇ ਸੀ। ਸਤਵੰਤ ਦੀ ਪਤਨੀ ਦਾ ਗੁਰਦੁਆਰਾ ਸਾਹਿਬ ਦੀ ਸੇਵਾ ਵਿਚ ਪੂਰਾ ਸਹਿਯੋਗ ਸੀ। ਸਤਵੰਤ ਸਵੇਰੇ ਸੰਗਤ ਦੇ ਮੈਂਬਰਾਂ ਨੂੰ ਟੈਲੀਫੋਨ ਕਰਦਾ ਤੇ ਸਤਪਾਲ ਪ੍ਰਸ਼ਾਦੇ ਅਤੇ ਕੜਾਹ ਪ੍ਰਸ਼ਾਦਿ ਤਿਆਰ ਕਰਦੀ। ਦੋ ਕੁ ਸਾਲ ਬਾਅਦ ਇਕ ਪਾਰਕ ਕਿਰਾਏ ਤੇ ਲੈ ਲਿਆ। ਕੁਝ ਸਾਲ ਇਕ ਪੁਰਾਣੀ ਬਿਲਡਿੰਗ ਖ਼ਰੀਦ ਕੇ ਡਾਊਨ ਟਾਊਨ ਮਿਲਵਾਕੀ ਵਿਚ ਗੁਰਦੁਆਰਾ ਚਲਾਇਆ। ਅੰਤ ਵਿਚ ਉਸ ਨੇ ਓਕਰੀਰ ਸ਼ਹਿਰ ਵਿਚ 13 ਏਕੜ ਜਗ੍ਹਾ ਲੈ ਕੇ ਗੁਰਦੁਆਰਾ ਬਣਾਇਆ। ਗੁਰਦੁਆਰੇ ਦੇ ਉਦਘਾਟਨ ਵਾਲੇ ਦਿਨ ਕਾਫ਼ੀ ਸੰਗਤ ਸ਼ਿਕਾਗੋ ਅਤੇ ਹੋਰ ਸ਼ਹਿਰਾਂ ਵਿਚੋਂ ਵੀ ਇਕੱਤਰ ਹੋਈ ਸੀ। ਸਤਵੰਤ ਇੱਕ-ਇੱਕ ਪੈਸਾ ਵਪਾਰ ਵਿਚੋਂ ਬਚਾ ਕੇ ਗੁਰਦੁਆਰੇ ’ਤੇ ਲਗਾਉਂਦਾ ਤੇ ਆਪਣਾ 70% ਸਮਾਂ ਗੁਰਦੁਆਰਾ ਵਿਚ ਹੀ ਬਿਤਾਉਂਦਾ।

ਮੈਨੂੰ ਹਾਲੇ ਵੀ ਯਾਦ ਹੈ ਕਿ ਸ. ਦਰਸ਼ਨ ਸਿੰਘ ਧਾਲੀਵਾਲ ਦੇ ਘਰ ਇਕ ਪਾਰਟੀ ਹੋਈ। ਸ. ਦਰਸ਼ਨ ਸਿੰਘ ਧਾਲੀਵਾਲ ਮੇਰੀ ਸਭ ਤੋਂ ਛੋਟੀ ਭੈਣ ਹਰਿੰਦਰ ਕੌਰ ਦੇ ਜੇਠ ਹਨ। ਇਸ ਪਾਰਟੀ ਵਿਚ ਕਾਫੀ ਮਹਿਮਾਨ ਆਏ ਹੋਏ ਸਨ। ਸਾਡੇ ਕਾਫੀ ਰਿਸ਼ਤੇਦਾਰ ਜਿਹਨਾਂ ਵਿਚ ਸਤਵੰਤ ਵੀ ਸ਼ਾਮਿਲ ਸੀ, ਉਥੇ ਹੀ ਸੀ। ਸ. ਦਰਸ਼ਨ ਸਿੰਘ 1972 ਤੋਂ ਅਮਰੀਕਾ ਵਿਚ ਰਹਿ ਰਹੇ ਹਨ ਅਤੇ ਹੁਣ ਤੱਕ ਕਾਫੀ ਵੱਡੇ ਵਪਾਰੀ ਬਣ ਚੁੱਕੇ ਸਨ। ਇਹਨਾਂ ਦੇ ਅਮਰੀਕਾ ਵਿਚ ਕਈ ਸਿਆਸਤਦਾਨਾਂ ਨਾਲ ਅੱਛੇ ਸਬੰਧ ਸਨ। ਅਮਰੀਕਾ ਦਾ ਸਿਹਤ ਮੰਤਰੀ ਟੌਮੀ ਟਾਮਸਨ ਜੋ ਕਿ ਸਾਡੀ ਵਿਸਕਾਨਸਿਨ ਸਟੇਟ ਦਾ 9 ਸਾਲ ਗਵਰਨਰ ਰਹਿ ਚੁੱਕਿਆ ਸੀ, ਉਹ ਵੀ ਪਾਰਟੀ ਵਿਚ ਆਇਆ ਹੋਇਆ ਸੀ। ਗਰਮੀਆਂ ਦੇ ਦਿਨ ਸਨ ਅਤੇ ਜ਼ਿਆਦਾਤਰ ਲੋਕਾਂ ਨੇ ਸ਼ਰਟ ਜਾਂ ਟੀ-ਸ਼ਰਟ ਨਾਲ ਪੈਂਟਾਂ ਪਾਈਆਂ ਸਨ। ਟੌਮੀ ਟਾਮਸਨ ਦਾ ਮੋਟਾਪੇ ਕਾਰਨ ਢਿੱਡ ਬੈਲਟ ਵਿਚੋਂ ਬਾਹਰ ਆ ਰਿਹਾ ਸੀ। ਸਤਵੰਤ, ਟੌਮਸਨ ਕੋਲ ਗਿਆ ਅਤੇ ਢਿੱਡ ਫੜ ਕੇ ਕਹਿਣ ਲੱਗਾ ਕਿ ਇਹ ਅਮਰੀਕਾ ਦੇ ਸਿਹਤ ਮੰਤਰੀ ਦਾ ਹਾਲ ਹੈ। ਉਸ ਦੀ ਪਤਨੀ ਕੋਲ ਹੀ ਖੜ੍ਹੀ ਸੀ। ਉਸ ਨੇ ਹੱਸਦੇ ਹੋਏ ਕਿਹਾ, “ਸਤਵੰਤ ਤੂੰ ਹੀ ਟੌਮਸਨ ਨੂੰ ਇਹੋ ਜਿਹੀ ਗੱਲ ਕਹਿ ਸਕਦਾ ਹੈ।”

**ਸਤਵੰਤ ਦੇ ਕਾਰੋਬਾਰ:** ਸਤਵੰਤ ਕਾਰੋਬਾਰਾਂ ਵਿਚ ਬਹੁਤ ਭਾਗਸ਼ਾਲੀ ਸੀ। ਸਤਵੰਤ ਨੇ ਆਪਣੇ ਜੀਵਨ ਕਾਲ ਵਿਚ ਦੋ ਮਕਾਨ ਬਣਾਏ। ਇਕ ਵੱਡਾ ਪਲਾਟ ਲਿਆ ਤੇ ਹੋਰ 8 ਵਪਾਰ ਖ਼ਰੀਦੇ ਅਤੇ ਕੀਤੇ। ਉਸ ਦਾ ਤਰੀਕਾ ਬਹੁਤ ਸਰਲ ਸੀ। ਉਹ ਕੋਈ ਪੁਰਾਣੀ ਟੁੱਟੀ-ਫੁੱਟੀ ਬਿਲਡਿੰਗ ਲੈ ਕੇ ਆਪਣੇ ਹਿਸਾਬ ਨਾਲ ਉਸ ਦੀ ਜ਼ੋਨਿੰਗ ਕਰਵਾ ਕੇ ਉਸ ਨੂੰ ਕਿਰਾਏ ’ਤੇ ਦੇ ਦਿੰਦਾ ਸੀ। ਪਹਿਲਾ ਗੈਸ ਸਟੇਸ਼ਨ ਉਸ ਨੇ 65,000

ਡਾਲਰ ਵਿਚ ਲਿਆ। ਉਹ ਕਾਮਯਾਬੀ ਨਾਲ ਕਈ ਸਾਲ ਚਲਾਇਆ ਤੇ ਫਿਰ ਉਸ ਨੂੰ ਕਿਸੇ ਰਿਸ਼ਤੇਦਾਰ ਨੂੰ 6500 ਡਾਲਰ ਪ੍ਰਤੀ ਮਹੀਨੇ ਕਿਰਾਏ 'ਤੇ ਦੇ ਦਿੱਤਾ। ਇਸੇ ਤਰ੍ਹਾਂ ਉਸ ਨੇ ਕੁਝ ਅਪਾਰਟਮੈਂਟਾਂ ਬਿਲਡਿੰਗਾਂ ਲਈਆਂ ਅਤੇ ਕਿਰਾਏ ਤੇ ਚੜ੍ਹਾ ਦਿੱਤੀਆਂ। 2008 ਤੱਕ ਉਸ ਦੇ ਵਪਾਰਾਂ ਦਾ ਕਿਰਾਇਆ 30,000 ਡਾਲਰ ਮਹੀਨੇ ਤੋਂ ਉਤੇ ਸੀ। ਇਕ ਦੋ ਕਾਰੋਬਾਰ ਉਹ ਆਪ ਵੀ ਚਲਾਉਂਦਾ ਸੀ ਪਰ ਵਪਾਰ ਕਰਨ ਦਾ ਉਸ ਦਾ ਆਪਣਾ ਹੀ ਇਕ ਅਲੱਗ ਤਰੀਕਾ ਸੀ। ਮੈਨੂੰ ਯਾਦ ਹੈ ਕਿ ਕਿਸੇ ਕੀਰਤਨੀਏ ਨੇ ਸ਼ਿਕਾਗੋ ਤੋਂ ਟੈਲੀਫੋਨ ਕੀਤਾ ਤੇ ਕਿਹਾ,"ਗਿਆਨੀ ਜੀ ਮੈਂ ਏਅਰਪੋਰਟ ਤੇ ਖੜ੍ਹਾ ਹਾਂ ਮੈਨੂੰ ਲਿਜਾਉਣ ਵਾਲਾ ਕੋਈ ਨਹੀਂ ਹੈ।" ਉਸ ਨੇ ਗੈਸ ਸਟੇਸ਼ਨ ਨੂੰ ਤਾਲਾ ਲਾਇਆ ਤੇ ਸ਼ਿਕਾਗੋ ਉਸ ਨੂੰ ਲੈਣ ਚਲਾ ਗਿਆ। ਰਸਤੇ ਵਿਚ ਉਸ ਨੇ ਆਪਣੀ ਪਤਨੀ ਸਤਪਾਲ ਨੂੰ ਫੋਨ ਕੀਤਾ ਤੇ ਕਿਹਾ ਕਿ ਮੈਂ ਸਿੰਘ ਸਾਹਿਬ ਨੂੰ ਲੈਣ ਸ਼ਿਕਾਗੋ ਜਾ ਰਿਹਾ ਹਾਂ। ਵਪਾਰ ਨੂੰ ਤਾਲਾ ਲੱਗਾ ਹੈ, ਫਲਾਣੀ ਜਗ੍ਹਾ ਚਾਬੀ ਪਈ ਹੈ ਤੇ ਉਸ ਨੂੰ ਵਪਾਰ ਖੋਲ੍ਹਣ ਲਈ ਆਖ ਦਿੱਤਾ। ਪਰ ਜਿਵੇਂ ਮੈਂ ਪਹਿਲਾਂ ਕਿਹਾ ਹੈ ਕਿ ਉਹ ਇਕ ਭਾਗਸ਼ਾਲੀ ਵਪਾਰੀ ਸੀ ਜਿਥੇ ਮਿੱਟੀ ਖਰੀਦੀ ਉਹ ਸੋਨਾ ਹੋ ਗਈ। ਅਕਸਰ ਲੋਕ ਗੁਰਦੁਆਰਾ ਸਾਹਿਬ ਵਿਚ ਸਤਵੰਤ ਨੂੰ ਕਹਿੰਦੇ ਸਨ, ਗਿਆਨੀ ਜੀ ਤੁਹਾਡਾ ਕੰਮ ਬਹੁਤ ਚੰਗਾ ਚਲਦਾ ਹੈ। ਉਸ ਦਾ ਇਕੋ ਜਵਾਬ ਹੁੰਦਾ ਸੀ,"ਮੈਂ ਗੁਰੂ ਸਾਹਿਬ ਦੀ ਸੇਵਾ ਕਰਦਾ ਹਾਂ ਤੇ ਗੁਰੂ ਸਾਹਿਬ ਮੇਰੀ।"

ਸਤਵੰਤ ਨੂੰ ਅਪਾਰਟਮੈਂਟ ਦਾ ਜੋ ਕੋਈ ਵੀ ਕਿਰਾਏਦਾਰ ਮਿਲਦਾ ਸੀ ਤਾਂ ਸਤਵੰਤ ਉਸ ਨੂੰ ਪਹਿਲਾਂ ਹੀ ਕਹਿ ਦਿੰਦਾ ਸੀ ਕਿ ਜੇਕਰ ਗੁਰਦੁਆਰਾ ਸਾਹਿਬ ਆਉਣਾ ਹੈ ਤਾਂ ਕਿਰਾਇਆ ਹੋਰ ਹੈ ਅਤੇ ਜੇ ਨਹੀਂ ਆਉਣਾ ਤਾਂ ਹੋਰ। ਜੇਕਰ ਗੁਰਦੁਆਰੇ ਆਉਣਾ ਹੈ ਤਾਂ 300 ਡਾਲਰ ਕਿਰਾਇਆ ਸੀ ਅਤੇ ਜੇਕਰ ਗੁਰਦੁਆਰੇ ਨਹੀਂ ਆਉਣਾ ਤਾਂ 400 ਡਾਲਰ। ਉਹ ਕਿਰਾਏਦਾਰਾਂ ਨੂੰ ਕਹਿੰਦਾ ਕਿ ਐਤਵਾਰ ਨੂੰ ਗੁਰਦੁਆਰੇ ਆਓ, ਪ੍ਰਸ਼ਾਦਾ ਛਕੋ ਤੇ ਦੋ ਤਿੰਨ ਦਿਨਾਂ ਦੇ ਪ੍ਰਸ਼ਾਦੇ ਵੀ ਗੁਰਦੁਆਰੇ ਤੋਂ ਲੈ ਜਾਓ ਤੇ ਘਰੇ ਗਰਮ ਕਰ ਕੇ ਖਾਓ। ਇਸ ਤਰ੍ਹਾਂ ਜੋ ਲੋਕ ਮਿਲਵਾਕੀ ਆਉਂਦੇ ਸੀ, ਸਤਵੰਤ ਨੇ ਕਾਫ਼ੀ ਲੋਕਾਂ ਨੂੰ ਗੁਰਦੁਆਰੇ ਜਾਣਾ ਲਾਇਆ ਅਤੇ ਉਹਨਾਂ ਦੀ ਮੱਦਦ ਕੀਤੀ। ਜੇ ਕੋਈ ਵਿਦਿਆਰਥੀ ਹੁੰਦਾ, ਬਿਨਾਂ ਜਾਣ ਪਛਾਣ ਉਸ ਦੀ ਗਾਰੰਟੀ ਵੀ ਦੇ ਦਿੰਦਾ ਸੀ। ਇਹ ਪਤਾ ਨਹੀਂ ਲੱਗਿਆ ਕਿ ਉਸ ਦੇ ਪੈਸੇ ਵਿਚ ਕਿੰਨੀ ਬਰਕਤ ਸੀ। ਜੇ ਕੋਈ ਪੈਸੇ ਮੋੜ ਗਿਆ ਤਾਂ ਚੰਗੀ ਗੱਲ, ਜੇ ਨਹੀਂ ਮੋੜੇ ਤਾਂ ਉਸ ਨੇ ਕਦੇ ਯਾਦ ਵੀ ਨਹੀਂ ਕੀਤੇ। ਮੈਨੂੰ ਦੋ ਕੁ ਵਾਰ ਸਤਵੰਤ ਤੋਂ ਪੈਸਿਆਂ ਦੀ ਲੋੜ ਪਈ। ਉਸ ਨੇ ਪੈਸੇ ਮੰਗਣ ਲੱਗਿਆਂ ਕਦੇ ਵੀ ਕਿਸੇ ਨਾਲ ਸਲਾਹ ਨਹੀਂ ਸੀ ਕੀਤੀ। ਚੈੱਕ ਲਿਖ ਕੇ ਉਹ ਦੇ ਦਿੰਦਾ ਸੀ, ਪਰ ਮੇਰਾ ਅਸੂਲ ਸੀ ਜਦੋਂ ਮੈਂ ਪੈਸੇ ਮੋੜਣ ਜਾਂਦਾ ਤਾਂ ਉਸ ਦੀ ਪਤਨੀ ਸਤਪਾਲ ਨੂੰ ਸਾਹਮਣੇ ਬਿਠਾ ਲੈਂਦਾ ਤੇ ਕਹਿੰਦਾ ਬੀਬਾ," ਮੈਂ ਕਾਕਾ ਸਤਵੰਤ ਤੋਂ ਇੰਨੇ ਪੈਸੇ ਲੈ ਗਿਆ ਸੀ, ਇੰਨੇ ਪੈਸਿਆਂ ਦਾ ਚੈੱਕ ਮੈਂ ਦੇ ਰਿਹਾ ਹਾਂ ਤੇ ਹੁਣ ਹੋਰ ਕੋਈ

ਹਿਸਾਬ ਬਾਕੀ ਨਹੀਂ ਹੈ।" ਮੈਂ ਚਾਹੁੰਦਾ ਸੀ ਕਿ ਰਿਸ਼ਤੇਦਾਰੀ ਵਿਚ ਹਿਸਾਬ-ਕਿਤਾਬ ਸਿੱਧਾ ਰਹੇ। ਕਈ ਰਿਸ਼ਤੇਦਾਰਾਂ ਨੂੰ ਸਤਵੰਤ ਨੇ ਪੈਸੇ ਦਿੱਤੇ ਅਤੇ ਉਸ ਦੀ ਸ਼ਹਾਦਤ ਤੋਂ ਬਾਅਦ ਉਹਨਾਂ ਨੇ ਇਸ ਝਿਜਕ ਕਰਕੇ ਟੈਲੀਫੋਨ ਵੀ ਨਾ ਕੀਤਾ ਕਿ ਕਿਤੇ ਪੈਸੇ ਨਾ ਮੋੜਨੇ ਪੈ ਜਾਣ। ਸਤਵੰਤ ਦੀ ਪਤਨੀ ਵੀ ਉਨੀ ਹੀ ਦਰਿਆਦਿਲ ਹੈ। ਜਿਹਨਾਂ ਲੋਕਾਂ ਨੇ ਸਤਵੰਤ ਤੋਂ ਪੈਸਾ ਲਿਆ ਸੀ ਉਸ ਨੇ ਕਦੇ ਵੀ ਉਹਨਾਂ ਨੂੰ ਯਾਦ ਨਹੀਂ ਕਰਵਾਇਆ। ਮੈਨੂੰ ਇਹ ਲੱਗਦਾ ਹੈ ਕਿ ਸ਼ਾਇਦ ਹੀ ਕਿਸੇ ਨੇ ਉਹਨਾਂ ਨੂੰ ਪੈਸੇ ਮੋੜਨ ਦੀ ਕੋਸ਼ਿਸ਼ ਕੀਤੀ ਹੋਵੇਗੀ।

ਸਤਵੰਤ ਨੂੰ ਕਿਸੇ ਵਪਾਰ ਜਾਂ ਮਕਾਨ ਵਿਚ ਕਦੇ ਪੈਸੇ ਨਹੀਂ ਘਟੇ। ਉਸ ਦੇ ਕਾਰਨ ਜੋ ਮੈਂ ਸੋਚਦਾ ਹਾਂ, ਇਹ ਸਨ।

1 ਉਹ ਕਾਰੋਬਾਰ ਲੈਣ ਵਿਚ ਕਦੇ ਕਾਹਲੀ ਨਹੀਂ ਕਰਦਾ ਸੀ।

2 ਉਹ ਕਾਰੋਬਾਰ ਦੀ ਆਮਦਨ ਤੇ ਖ਼ਰਚੇ ਦੀ ਤਹਿ ਤੱਕ ਜਾਂਦਾ ਸੀ।

3 ਉਹ ਮੁਰੰਮਤ ਦਾ ਕਾਫ਼ੀ ਕੰਮ ਆਪ ਹੀ ਕਰ ਲੈਂਦਾ ਸੀ। ਜਿਸ ਕਰਕੇ ਦਿਹਾੜੀ ਆਦਿ ਦੇ ਪੈਸੇ ਬਚਾ ਲੈਂਦਾ ਸੀ।

ਵੱਡੀ ਗੱਲ ਕਿ ਉਸ ਉਤੇ ਰੱਬ ਦੀ ਬਹੁਤ ਦਇਆ ਸੀ। ਜਿਸ ਕਰਕੇ ਉਸ ਨੇ ਜੋ ਕੁਝ ਵੀ ਲਿਆ ਉਹ ਮਹਿੰਗਾ ਹੀ ਹੋਇਆ ਤੇ ਮਹਿੰਗਾ ਹੀ ਵੇਚਿਆ। ਇਕ ਕਾਰੋਬਾਰ ਛੱਡ ਕੇ ਜਿਸ ਨੂੰ ਉਹ ਆਪ ਚਲਾਉਂਦਾ ਸੀ ਬਾਕੀ ਸਾਰੇ ਕਾਰੋਬਾਰ ਕਿਰਾਏ 'ਤੇ ਦਿੱਤੇ ਹੋਏ ਸਨ। ਇਸ ਕਾਰਨ ਕਰਕੇ ਉਸ ਦੀ ਭੱਜ ਦੌੜ ਵੀ ਬਹੁਤ ਘੱਟ ਸੀ। ਉਸ ਦੀ ਜ਼ਿਆਦਾ ਤਵੱਜੋਂ ਲੋਕਾਂ ਦੀ ਭਲਾਈ ਅਤੇ ਗੁਰਦੁਆਰੇ ਦੀ ਸੇਵਾ ਵਿਚ ਹੁੰਦੀ ਸੀ। ਉਸ ਦੇ ਦੋਵੇਂ ਬੱਚੇ ਭਾਰਤ ਵਿਚ ਪੈਦਾ ਹੋਏ ਅਤੇ ਛੋਟੀ ਉਮਰ ਵਿਚ ਹੀ ਅਮਰੀਕਾ ਚਲੇ ਗਏ। ਇਹ ਬੱਚੇ ਅਮਰੀਕਾ ਦੇ ਬੱਚਿਆਂ ਵਾਂਗ ਹੀ ਪੜ੍ਹੇ। ਵੱਡਾ ਲੜਕਾ ਪਰਦੀਪ ਜੋ ਕਿ ਵਪਾਰ ਵਿਚ ਮਾਤਾ ਸਤਪਾਲ ਦਾ ਹੱਥ ਵਟਾਉਂਦਾ ਹੈ, ਨੇ ਬੀ.ਏ ਪੁਲਿਸ ਕਰਕੇ ਮਿਲਵਾਕੀ ਦਾ ਪਹਿਲਾ ਦੇਸੀ ਪੁਲਿਸ ਅਫ਼ਸਰ ਹੋਇਆ। ਮਿਲਵਾਕੀ ਵਿਚ ਬਹੁਤ ਅਪਰਾਧ ਸੀ, ਇਸ ਲਈ ਸਤਵੰਤ ਦੇ ਕਹਿਣ 'ਤੇ ਉਸ ਨੇ ਪੁਲਿਸ ਅਫ਼ਸਰੀ ਤੋਂ ਅਸਤੀਫ਼ਾ ਦੇ ਦਿੱਤਾ ਤੇ ਅਧਿਆਪਕ ਲੱਗ ਗਿਆ। ਇਸ ਦਾ ਵਿਆਹ ਮਿਲਵਾਕੀ ਰਹਿੰਦੇ ਦੇਸੀ ਜੱਟ ਪਰਿਵਾਰ ਵਿਚ ਹੋਇਆ। ਇਸ ਪਰਿਵਾਰ ਦਾ ਗੋਤ ਭੁੱਲਰ ਹੈ। ਲੜਕੀ ਦੇ ਮਾਮਾ ਜੀ ਉਥੋਂ ਦੀ ਮਸ਼ਹੂਰ ਸਖ਼ਸ਼ੀਅਤ ਹਨ। ਉਹਨਾਂ ਦਾ ਨਾਮ ਡਾ. ਕੁਲਵੰਤ ਸਿੰਘ ਧਾਲੀਵਾਲ ਹੈ। ਡਾ. ਕੁਲਵੰਤ ਸਿੰਘ ਧਾਲੀਵਾਲ ਅਤੇ ਸਾਡੇ ਪਰਿਵਾਰ ਇੱਕ ਦੂਜੇ ਨੂੰ ਪਿਛਲੇ ਪੰਜਾਹ ਸਾਲਾਂ ਤੋਂ ਜਾਣਦੇ ਹਨ। ਉਹਨਾਂ ਦੇ ਅਸਰ ਨਾਲ ਹੀ ਇਹ ਰਿਸ਼ਤਾ ਹੋਇਆ। ਪਰਦੀਪ ਅਤੇ ਪਤਨੀ ਪ੍ਰੀਤੀ ਦੇ ਚਾਰ ਬੱਚੇ ਹਨ ਜੋ ਇਕੱਠੇ ਪਰਿਵਾਰ ਵਿਚ ਮਾਤਾ ਨਾਲ ਮਿਲਵਾਕੀ ਵਿਚ ਹੀ ਰਹਿੰਦੇ ਹਨ।

ਛੋਟੇ ਲੜਕੇ ਦਾ ਨਾਮ ਅਮਰਦੀਪ ਸਿੰਘ ਹੈ। ਹੁਣ ਇਸ ਨੇ ਆਪਣਾ ਨਾਮ ਬਦਲ ਕੇ ਅਮਰ ਸਿੰਘ ਰੱਖ ਲਿਆ ਹੈ। ਇਸ ਨੇ ਸਾਰੀ ਵਿੱਦਿਆ ਮਿਲਵਾਕੀ ਅਤੇ

ਕੈਲੀਫੋਰਨੀਆ ਤੋਂ ਪ੍ਰਾਪਤ ਕੀਤੀ ਹੈ। ਇਸ ਨੇ ਛੋਟੀ ਉਮਰ ਵਿਚ ਹੀ ਡਾਕੂਮੈਂਟਰੀ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ ਸਨ। ਇਸ ਨੂੰ 2009 ਅਤੇ 2012 ਵਿਚ ਐਮੀ ਐਵਾਰਡ ਮਿਲਿਆ। ਇਸ ਦਾ ਵਿਆਹ ਮਿਲਵਾਕੀ ਰਹਿੰਦੇ ਮੇਜਰ ਸਿੱਧੂ ਦੀ ਲੜਕੀ ਨਾਲ ਹੋਇਆ। ਇਹਨਾਂ ਦੇ ਇਕ ਲੜਕਾ ਅਤੇ ਇਕ ਲੜਕੀ ਹੈ। ਇਹ ਅਫਰੀਕਾ, ਭਾਰਤ ਅਤੇ ਹੋਰ ਕਾਫ਼ੀ ਦੇਸ਼ਾਂ ਦੇ ਦੌਰੇ ਕਰਦਾ ਹੈ। ਇਸ ਨੇ ਐਮ.ਪੀ ਦੀ ਚੋਣ ਵੀ ਲੜੀ ਸੀ, ਜੋ ਕਿ ਪ੍ਰਾਇਮਰੀ ਵਿਚ ਹਾਰ ਗਿਆ ਸੀ।

**ਸਤਵੰਤ ਦਾ ਸਹੁਰਾ ਪਰਿਵਾਰ**

ਸਤਵੰਤ ਦੀ ਸੁਪਤਨੀ ਸਤਪਾਲ ਦੇ ਪੇਕਿਆਂ ਦਾ ਜੱਦੀ ਪਿੰਡ ਤੱਖਰਾਂ ਜੋ ਲੁਧਿਆਣਾ ਜ਼ਿਲ੍ਹੇ ਵਿਚ ਪੈਂਦਾ ਹੈ। ਉਸ ਦੇ ਪੁਰਖੇ ਜਗੀਰਦਾਰ ਸਨ। ਉਸ ਦੇ ਦਾਦਾ ਸ. ਬਖਸ਼ੀਸ਼ ਸਿੰਘ ਜੋ ਤਕਰੀਬਨ 100 ਸਾਲ ਦੀ ਉਮਰ ਭੋਗ ਕੇ ਪੂਰੇ ਹੋਏ ਹਨ, ਨੇ 1952 ਵਿਚ ਯੂ.ਪੀ. ਨੇਪਾਲ ਬਾਰਡਰ ਤੇ ਇਕ ਸਾਰਾ ਪਿੰਡ ਸੁਮੇਰਪੁਰ ਜਿਸ ਦਾ ਰਕਬਾ 2000 ਬਿੱਘਾ ਸੀ, ਖਰੀਦ ਲਿਆ। ਸ. ਬਖਸ਼ੀਸ਼ ਸਿੰਘ ਦੇ 6 ਪੁੱਤਰ ਅਤੇ 2 ਲੜਕੀਆਂ ਸਨ। ਸਾਰੀ ਬੱਚਤ ਜ਼ਮੀਨ ਖ਼ਰੀਦਣ ’ਤੇ ਹੀ ਲੱਗ ਗਈ। ਉਹ ਛੇਵਾਂ ਪੁੱਤਰਾਂ ਨੂੰ ਲੈ ਕੇ ਜੰਗਲ ਵਿਚ ਬੈਠ ਗਏ ਜਿੱਥੇ ਸ਼ੇਰ, ਚਿੱਤੇ ਅਤੇ ਜੰਗਲੀ ਹਾਥੀਆਂ ਦੀ ਭਰਮਾਰ ਸੀ। ਇਲਾਕੇ ਵਿਚ ਆਏ ਦਿਨ ਇਹ ਖ਼ਬਰ ਹੁੰਦੀ ਕਿ ਸ਼ੇਰ ਜਾਂ ਹੋਰ ਜਾਨਵਰ ਕਿਸੇ ਦਾ ਬੱਚਾ ਚੁੱਕ ਕੇ ਲੈ ਗਿਆ। ਸ. ਬਖਸ਼ੀਸ਼ ਸਿੰਘ ਅਤੇ ਉਸ ਦੇ ਪੁੱਤਰਾਂ ਨੇ ਦਸ ਪੰਦਰਾਂ ਸਾਲਾਂ ਵਿਚ ਹੀ ਇਲਾਕਾ ਆਬਾਦ ਕਰ ਲਿਆ। ਇਹ ਇਲਾਕੇ ਦੇ ਤੱਕੜੇ ਤੇ ਬਹਾਦਰ ਕਿਸਾਨ ਬਣ ਕੇ ਉੱਭਰੇ। ਸਤਪਾਲ ਦੇ ਪਿਤਾ ਸ. ਗੜਗੱਜ ਸਿੰਘ ਸਾਰੇ ਭਰਾਵਾਂ ਵਿਚੋਂ ਵੱਡੇ ਸਨ। ਜਦ 1976 ਵਿਚ ਅਸੀਂ ਸਤਵੰਤ ਦੀ ਜੰਞ ਸਮੇਰਪੁਰ ਲੈ ਕੇ ਗਏ ਤਾਂ ਉਸ ਸਮੇਂ ਪਰਿਵਾਰ ਕੋਲ 11 ਟ੍ਰੈਕਟਰ ਸਨ। ਸਤਪਾਲ ਦੇ 7 ਭਰਾ ਅਤੇ ਇੱਕ ਭੈਣ ਹੈ। ਸੱਤਾਂ ਵਿਚੋਂ 6 ਭਰਾ ਅਤੇ ਭੈਣ ਦੇ ਬੱਚੇ ਅਮਰੀਕਾ ਵਿਚ ਹੀ ਹਨ। ਸਤਵੰਤ ਅਤੇ ਸਤਪਾਲ ਦਾ ਇਹਨਾਂ ਰਿਸ਼ਤੇਦਾਰਾਂ ਨੂੰ ਮਿਲਵਾਕੀ ਤੇ ਆਲੇ-ਦੁਆਲੇ ਦੇ ਇਲਾਕਿਆ ਵਿਚ ਸਥਾਪਿਤ ਕਰਨ ਵਿਚ ਬਹੁਤ ਵੱਡਾ ਯੋਗਦਾਨ ਹੈ। ਸਤਵੰਤ ਬਹੁਤ ਦੂਰ ਤੱਕ ਰਿਸ਼ਤੇਦਾਰੀ ਵਿਚ ਵਰਤਦਾ ਸੀ ਅਤੇ ਹਰ ਥਾਂ ਪਹੁੰਚਦਾ ਸੀ। ਚਾਹੇ ਕੋਈ ਵਿਆਹ ਭਾਰਤ ਵਿਚ ਹੋਵੇ ਜਾਂ ਕੈਨੇਡਾ ਵਿਚ ਉਹ ਆਪਣੀ ਸ਼ਮੂਲੀਅਤ ਕਰਨ ਤੋਂ ਪਿੱਛੇ ਨਹੀਂ ਸੀ ਰਹਿੰਦਾ।

ਸਤਵੰਤ ਦਾ ਸਹੁਰਾ ਪਰਿਵਾਰ ਵੀ ਬਹੁਤ ਬਹਾਦਰ ਅਤੇ ਮਿਹਨਤੀ ਪਰਿਵਾਰ ਹੈ। ਜਿਥੇ ਸਤਵੰਤ ਨੇ ਇਹਨਾਂ ਪਰਿਵਾਰਾਂ ਦੀ ਮੱਦਦ ਕੀਤੀ ਉਥੇ ਇਹਨਾਂ ਪਰਿਵਾਰਾਂ ਨੇ ਵੀ ਸਤਵੰਤ ਨੂੰ ਆਰਥਿਕ ਅਤੇ ਸਮਾਜਿਕ ਪੱਖੋਂ ਸਥਾਪਿਤ ਕਰਨ ਵਿਚ ਪੂਰੀ ਵਾਹ ਲਾ ਦਿੱਤੀ।

# ਸਤਵੰਤ ਦਾ ਸਮਾਜਿਕ ਜੀਵਨ

ਸਤਵੰਤ ਵਿਚ ਜਜ਼ਬਾ ਅਤੇ ਜੋਸ਼ ਬਹੁਤ ਸੀ। ਮੈਨੂੰ ਯਾਦ ਹੈ ਜਦੋਂ ਮੈਂ 1965 ਦੀ ਲੜਾਈ ਵਿਚ ਖੇਮਕਰਨ ਦੇ ਇਲਾਕੇ ਵਿਚ ਦੋ ਮਹਾਰ ਰੈਜੀਮੈਂਟ ਦਾ ਹਿੱਸਾ ਬਣ ਕੇ ਲੜਾਈ ਵਿਚ ਸ਼ਾਮਿਲ ਸੀ, ਉਸ ਵੇਲੇ ਸਤਵੰਤ ਸਾਡੇ ਨਜ਼ਦੀਕੀ ਰਿਸ਼ਤੇਦਾਰ ਸ. ਜਗਵੰਤ ਸਿੰਘ ਢਿੱਲੋਂ, ਸੈਸ਼ਨ ਜੱਜ ਅੰਮ੍ਰਿਤਸਰ ਕੋਲ ਰਹਿ ਰਿਹਾ ਸੀ ਅਤੇ 4 ਐੱਸ ਸਕੂਲ ਵਿਚ ਪੜ੍ਹ ਰਿਹਾ ਸੀ। ਜੱਜ ਸਾਹਿਬ ਵੀ ਬਹੁਤ ਪਾਠ ਪੂਜਾ ਕਰਨ ਵਾਲੇ ਇਨਸਾਨ ਸਨ ਅਤੇ ਸਤਵੰਤ ਵੀ ਬਹੁਤ ਪਾਠ ਪੂਜਾ ਕਰਦਾ ਸੀ। ਸਤਵੰਤ ਜੱਜ ਸਾਹਿਬ ਨੂੰ ਕਹਿਣ ਲੱਗਾ ਕਿ ਅਮਰਜੀਤ ਘੇਰੇ ਵਿਚ ਹੈ। ਉਸ ਲਈ ਮੈਂ ਸਾਰੀ ਰਾਤ ਪਾਠ ਕਰਦਾ ਰਿਹਾ। ਜੱਜ ਸਾਹਿਬ ਪੁੱਛਣ ਲੱਗੇ, ਕੀ ਤੂੰ ਅਮਰਜੀਤ ਨੂੰ ਬਚਾ ਲਿਆ ਹੈ। ਸਤਵੰਤ ਕਹਿਣ ਲੱਗਾ ਜੀ ਹਾਂ। ਇਹ ਗੱਲ ਮੈਨੂੰ ਉਦੋਂ ਪਤਾ ਲੱਗੀ ਜਦੋਂ ਲੜਾਈ ਖਤਮ ਹੋਣ ਤੋਂ ਬਾਅਦ ਕੁਝ ਦਿਨਾਂ ਬਾਅਦ ਮੈਂ ਜੱਜ ਸਾਹਿਬ ਨੂੰ ਅੰਮ੍ਰਿਤਸਰ ਮਿਲਣ ਲਈ ਗਿਆ।

ਸਤਵੰਤ ਕਦੇ ਕਿਸੇ ਦਾ ਅਹਿਸਾਨ ਨਹੀਂ ਸੀ ਭੁੱਲਦਾ। ਇਕ ਵਾਰ ਸਤਵੰਤ ਮੇਰੇ ਕੋਲ ਕਾਲਕਾ ਆਇਆ, ਜਿਥੇ ਮੈਂ ਮਿਲਟਰੀ ਪੁਲਿਸ ਵਿਚ ਲੱਗਾ ਹੋਇਆ ਸੀ। ਉਸ ਨੇ ਮੇਰੇ ਤੋਂ 100 ਰੁਪਏ ਮੰਗੇ ਜੋ ਮੈਂ ਉਸ ਨੂੰ ਦੇ ਦਿੱਤੇ। ਜਦੋਂ ਮੈਂ ਦੋ ਮਹੀਨੇ ਦੀ ਛੁੱਟੀ ਲੈ ਕੇ ਅਮਰੀਕਾ ਇਹ ਦੇਖਣ ਗਿਆ ਸੀ ਕਿ ਕੀ ਸਾਨੂੰ ਅਮਰੀਕਾ ਜਾਣਾ ਚਾਹੀਦਾ ਹੈ ਜਾਂ ਨਹੀ। ਮੈਨੂੰ ਇਕ ਦਿਨ ਇਕੱਲਾ ਦੇਖ ਕੇ ਸਤਵੰਤ ਨੇ ਕਿਹਾ ਕਿ ਇਕ ਵਾਰ ਮੈਂ ਤੁਹਾਡੇ ਕੋਲ ਕਾਲਕਾ ਆਇਆ ਸੀ ਅਤੇ ਮੈਂ ਤੁਹਾਡੇ ਤੋਂ 100 ਰੁਪਏ ਮੰਗੇ ਸੀ। ਤੁਸੀਂ ਇਹ ਵੀ ਨਹੀਂ ਪੁੱਛਿਆ ਕਿ ਕਿਸ ਕੰਮ ਵਾਸਤੇ ਪੈਸੇ ਚਾਹੀਦੇ ਹਨ। ਮੈਂ ਤੁਹਾਨੂੰ ਕੁਝ ਪੈਸੇ ਮੋੜਨੇ ਚਾਹੁੰਦਾ ਹਾਂ, ਨਾਂਹ ਨਾ ਕਰਨਾ। ਉਸ ਨੇ 100 ਡਾਲਰ ਦਾ ਨੋਟ ਮੈਨੂੰ ਦੇ ਦਿੱਤਾ। ਜਦੋਂ ਅਸੀਂ 1993 ਵਿਚ ਛੁੱਟੀਆਂ ਲੈ ਕੇ ਪੰਜ ਸਾਲਾਂ ਲਈ ਅਮਰੀਕਾ ਗਏ ਤਾਂ ਉਸ ਨੂੰ ਉਤਸੁਕਤਾ ਹੁੰਦੀ ਸੀ ਕਿ ਮੈਂ ਤੁਹਾਡੀ ਕੁਝ ਮੱਦਦ ਕਰਨੀ ਚਾਹੁੰਦਾ ਹਾਂ। ਦੋ ਤਿੰਨ ਵਾਰ ਵਪਾਰ ਲਈ ਸਾਨੂੰ ਉਸ ਤੋਂ ਕੁਝ ਪੈਸਿਆਂ ਦੀ ਲੋੜ ਪਈ ਅਤੇ ਉਸ ਨੇ ਸਾਡੀ ਮੱਦਦ ਕੀਤੀ। ਅਸੀਂ ਜਦ ਵੀ ਪੈਸੇ ਵਾਪਸ ਕਰਨ ਜਾਂਦੇ ਸੀ ਤਾਂ ਉਸ ਦੀ ਪਤਨੀ ਸਤਪਾਲ ਨੂੰ ਸਾਹਮਣੇ ਬੁਲਾ ਕੇ ਦੱਸਦੇ ਸੀ ਕਿ ਇਹ ਪੈਸੇ ਅਸੀਂ ਲਏ ਸੀ ਅਤੇ ਹੁਣ ਵਾਪਸ ਕਰ ਰਹੇ ਹਾਂ ਅਤੇ ਹੋਰ ਕੋਈ ਹਿਸਾਬ ਬਾਕੀ ਨਹੀਂ ਹੈ।

ਮੇਰੇ ਨਾਨਕੇ ਅੱਛੇ ਜ਼ਿੰਮੀਦਾਰ ਹਨ। ਉਹਨਾਂ ਨੂੰ ਕਿਸੇ ਪ੍ਰਕਾਰ ਦੀ ਆਰਥਿਕ ਮੱਦਦ ਦੀ ਲੋੜ ਨਹੀਂ ਹੈ। ਫਿਰ ਵੀ ਜਦ ਸਤਵੰਤ ਉਹਨਾਂ ਦੇ ਕਿਸੇ ਵਿਆਹ ਆਦਿਕ

ਤੇ ਜਾਂਦਾ ਤਾਂ ਕਾਫੀ ਪੈਸੇ ਖਰਚ ਆਉਂਦਾ ਸੀ। ਉਸ ਨੇ ਆਪਣੇ ਜੀਵਨ ਵਿਚ ਕਈ ਰਿਸ਼ਤੇ ਵੀ ਕਰਵਾਏ। ਇਸ ਤਰ੍ਹਾਂ ਹੀ ਜਦੋਂ ਉਹ ਸਾਡੇ ਜੱਦੀ ਪਿੰਡ ਦੁਗਾਲ ਆਉਂਦਾ ਤਾਂ ਸਾਡੇ ਪੁਰਾਣੇ ਪੜੋਸੀ ਸ. ਬਲਦੇਵ ਸਿੰਘ ਅਤੇ ਭਰਪੂਰ ਸਿੰਘ ਨੂੰ ਜ਼ਰੂਰ ਮਿਲਣ ਜਾਂਦਾ। ਉਹ ਸਾਡੇ ਦੁਗਾਲ ਪਿੰਡ ਦਾ ਹਰਮਨ ਪਿਆਰਾ ਵਿਅਕਤੀ ਸੀ। ਲੋਕਾਂ ਨੇ ਪਿਆਰ ਨਾਲ ਉਸ ਦਾ ਨਾਮ ਬਾਦਲ ਸਰਕਾਰ ਰੱਖਿਆ ਹੋਇਆ ਸੀ। ਸਤਵੰਤ ਹਮੇਸ਼ਾਂ ਵੱਡੀ ਗੱਲ ਕਰਦਾ ਸੀ। ਵੱਡੀ ਸੋਚ ਕਰਕੇ ਹੀ ਉਸ ਨੇ ਇੰਨੀ ਤਰੱਕੀ ਕੀਤੀ।

ਅਮਰੀਕਾ ਵਿਚ ਲੋਕ ਕਹਿ ਦਿੰਦੇ ਗਿਆਨੀ ਜੀ ਤੁਸੀਂ ਬਹੁਤ ਖੁਸ਼ਕਿਸਮਤ ਹੋ। ਤੁਹਾਡੇ ਕਾਰੋਬਾਰ ਬਹੁਤ ਵੱਧ ਫੁਲ ਰਹੇ ਹਨ। ਉਹ ਇਸ ਗੱਲ ਦਾ ਸਿੱਧਾ ਜਿਹਾ ਜਵਾਬ ਦੇ ਦਿੰਦਾ ਕਿ ਮੈਂ ਗੁਰੂ ਦੀ ਸੇਵਾ ਕਰਦਾ ਹਾਂ ਅਤੇ ਗੁਰੂ ਮੇਰੀ।

ਸਤਵੰਤ ਦੂਜਿਆਂ ਦੀ ਮੱਦਦ ਕਰਨ ਲਈ ਕਿਸੇ ਵੀ ਹੱਦ ਤੱਕ ਜਾ ਸਕਦਾ ਸੀ। ਪਟਿਆਲੇ ਆ ਕੇ ਉਹ ਆਪਣੇ ਪੁਰਾਣੇ ਅਧਿਆਪਕ ਡਾਕਟਰ ਰਣਬੀਰ ਸਿੰਘ ਸਰਾਓ ਨੂੰ ਮਿਲਣਾ ਨਹੀਂ ਭੁਲਦਾ ਸੀ। ਪਿਤਾ ਜੀ ਦੀ ਮੌਤ ਤੋਂ ਬਾਅਦ ਜਦੋਂ ਤਿੰਨੇ ਭਰਾਵਾਂ ਨੇ ਪਟਿਆਲੇ ਦਾ ਮਕਾਨ ਅਤੇ ਪਿੰਡ ਦੀ ਜ਼ਮੀਨ ਵੰਡੀ ਤਾਂ ਸਤਵੰਤ ਨੇ ਪਿੰਡ ਦੇ ਮੋਹ ਕਰਕੇ ਪਿੰਡ ਦੀ ਸਾਰੀ ਜ਼ਮੀਨ ਜੋ ਕਿ 18 ਕਿੱਲੇ ਸੀ ਚੁੱਕ ਲਈ। ਪਟਿਆਲੇ ਦਾ ਮਕਾਨ ਡਾ. ਜਗਜੀਤ ਲਈ ਛੱਡ ਦਿੱਤਾ ਅਤੇ ਤੀਜੇ ਭਰਾ ਗੁਰਵੰਤ ਨੂੰ ਡਾਲਰ ਦੇ ਕੇ ਹਿਸਾਬ ਬਰਾਬਰ ਕਰ ਦਿੱਤਾ। ਸ਼ਹੀਦ ਹੋਣ ਤੋਂ ਪਹਿਲਾਂ ਸਤਵੰਤ ਪਿੰਡ ਰਹਿਣ ਦੀ ਯੋਜਨਾ ਬਣਾ ਰਿਹਾ ਸੀ। ਦੁਗਾਲ ਦੇ ਕਈ ਘਰ ਪਟਿਆਲੇ ਰਹਿੰਦੇ ਹਨ। ਉਹ ਸਾਰਿਆਂ ਨੂੰ ਹੀ ਮਿਲ ਕੇ ਜਾਂਦਾ ਸੀ। ਸਾਡੇ ਦੋ ਚਾਚਾ ਜੀ ਦੇ ਤਿੰਨ ਲੜਕੇ ਪਟਿਆਲਾ ਹੀ ਰਹਿੰਦੇ ਹਨ। ਸ. ਨਿਰਪਾਲ ਸਿੰਘ, ਸ. ਤਜਿੰਦਰ ਸਿੰਘ ਅਤੇ ਮੇਜਰ ਰਸ਼ਵਿੰਦਰ ਸਿੰਘ, ਉਹ ਸਭ ਨੂੰ ਘਰ ਜਾ ਕੇ ਮਿਲਦਾ ਸੀ। ਸਾਡੀ ਭੂਆ ਦੇ ਤਿੰਨ ਪੁੱਤਰ ਸ. ਸਤਵਿੰਦਰ ਸਿੰਘ, ਸ. ਤਜਿੰਦਰ ਸਿੰਘ ਅਤੇ ਸ. ਹਰਿੰਦਰ ਸਿੰਘ ਸਿੱਧੂ ਜੋ ਕਿ ਪਟਿਆਲਾ ਰਹਿੰਦੇ ਹਨ, ਸਤਵੰਤ ਇਹਨਾਂ ਨੂੰ ਵੀ ਮਿਲ ਕੇ ਜਾਂਦਾ ਸੀ।

ਸਤਵੰਤ ਹਰ ਇਕ ਰਿਸ਼ਤੇਦਾਰ ਦੇ ਦੁੱਖ-ਸੁੱਖ ਵਿਚ ਪਹੁੰਚਦਾ ਸੀ। ਉਹ ਇਕ ਭਾਗਸ਼ਾਲੀ ਵਿਅਕਤੀ ਸੀ। ਜਿਸ ਨੇ ਸਾਰੀ ਉਮਰ ਲੋਕਾਂ ਦਾ ਭਲਾ ਕੀਤਾ ਅਤੇ ਗੁਰਦੁਆਰਾ ਸਾਹਿਬ ਦੀ ਸੇਵਾ ਕੀਤੀ। ਕਈ ਵਾਰ ਪਾਠ ਕਰਦਿਆਂ ਬਚਪਨ ਤੋਂ ਹੀ ਉਸ ਦੀ ਲਿਵ ਲੱਗ ਜਾਂਦੀ ਸੀ। ਜਿਸ ਤਰ੍ਹਾਂ ਸਤਵੰਤ ਪ੍ਰਧਾਨਗੀ ਦਾ ਫਰਜ਼ ਨਿਭਾਉਂਦਿਆਂ ਬਹਾਦਰੀ ਨਾਲ ਸ਼ਹੀਦ ਹੋਇਆ ਅਤੇ ਆਖਰੀ ਸਵਾਸਾਂ ਤੱਕ ਵਾਹਿਗੁਰੂ ਦਾ ਨਾਮ ਨਹੀਂ ਭੁੱਲਿਆ ਉਹ ਜੀਵਨ ਬੇਮਿਸਾਲ ਹੈ। ਸਤਵੰਤ ਨੇ ਇਤਿਹਾਸ ਪੜ੍ਹਿਆ ਹੀ ਨਹੀਂ ਸਗੋਂ ਇਤਿਹਾਸ ਅਨੁਸਾਰ ਜੀਵਿਆ ਅਤੇ ਮਰਿਆ ਹੈ।

# ਸਤਵੰਤ ਦਾ ਵਿਆਹ

ਸਤਵੰਤ ਦਾ ਵਿਆਹ ਮੇਰੇ ਤੇ ਮੇਰੀ ਪਤਨੀ ਦੇ ਵਿਚ ਦੀ ਹੋਇਆ। ਸਤਵੰਤ ਦਾ ਸਹੁਰਾ ਸ. ਗੜਗੱਜ ਸਿੰਘ ਮੇਰੀ ਸੱਸ ਸਰਦਾਰਨੀ ਸਤਵੰਤ ਕੌਰ ਮੰਡ ਦਾ ਰਿਸ਼ਤੇਦਾਰੀ ਵਿਚ ਭਤੀਜਾ ਲੱਗਦਾ ਸੀ। ਮੇਰਾ ਵਿਆਹ 18 ਜੂਨ 1972 ਵਿਚ ਪਟਿਆਲਾ ਵਿਖੇ ਹੋਇਆ। ਸੁਭਾਵਿਕ ਹੀ ਸੀ ਕਿ ਸ. ਗੜਗੱਜ ਸਿੰਘ ਤੇ ਸਾਰਾ ਪਰਿਵਾਰ ਮੇਰੀ ਪਤਨੀ ਦੇ ਰਿਸ਼ਤੇਦਾਰਾਂ ਵਜੋਂ ਵਿਆਹ ਵਿਚ ਆਏ। ਸਾਰਾ ਪਰਿਵਾਰ ਕੁਝ ਦਿਨ ਮੇਰੇ ਸੱਸ ਸਹੁਰਾ ਨਾਲ ਪਟਿਆਲਾ ਵਿਖੇ ਰਿਹਾ। ਸ. ਗੜਗੱਜ ਸਿੰਘ ਨੇ ਮੇਰੇ ਸਹੁਰੇ ਤੋਂ ਪੁੱਛਿਆ ਕਿ ਉਹ ਮੈਨੂੰ ਦਾਜ ਵਿਚ ਸਕੂਟਰ ਦੇ ਰਹੇ ਹਨ ਜਾਂ ਮੋਟਰ ਸਾਈਕਲ। ਉਹਨਾਂ ਦਿਨਾਂ ਵਿਚ ਕਾਰ ਆਦਿਕ ਦਾਜ ਵਜੋਂ ਦੇਣਾ ਪ੍ਰਚਲਿਤ ਨਹੀਂ ਸੀ। ਪਿੰਡਾਂ ਵਿਚ ਗਰੀਬ ਲੋਕ ਵਿਆਹ ਵਿਚ ਸਾਈਕਲ ਦਿੰਦੇ ਸਨ। ਸਾਡੇ ਪਰਿਵਾਰ ਵਿਚ ਮੰਗਣੇ ਵਿਚ ਅੱਠ ਮਾਸੀਆਂ ਲੈਣ-ਦੇਣ ਦਾ ਰਿਵਾਜ ਸੀ। ਅੱਠ ਮਾਸੀਆਂ ਜਿਵੇਂ ਨਾਮ ਤੋਂ ਹੀ ਪਤਾ ਲੱਗਦਾ ਹੈ ਕਿ ਇਹ ਅੱਠ ਮਾਸਿਆਂ ਦੀ ਹੁੰਦੀ ਹੈ। ਤੋਲੇ ਵਿਚ 12 ਮਾਸੇ ਹੁੰਦੇ ਹਨ। ਸੋ ਇਹ ਤੋਲੇ ਦਾ 2/3 ਹਿੱਸਾ ਹੁੰਦੀਆਂ ਹਨ। ਮੈਂ ਸ਼ੁਰੂ ਤੋਂ ਹੀ ਆਦਰਸ਼ਵਾਦੀ ਇਨਸਾਨ ਰਿਹਾ ਹਾਂ, ਮੈਂ ਆਪਣੇ ਸਹੁਰਾ ਪਰਿਵਾਰ ਨੂੰ ਕੁਝ ਵੀ ਦੇਣ ਤੋਂ ਮਨਾਂ ਕਰ ਦਿੱਤਾ ਅਤੇ ਸਾਦਾ ਵਿਆਹ ਕਰਨ ਲਈ ਕਿਹਾ। ਮੇਰੇ ਸਹੁਰਾ ਪਰਿਵਾਰ ਨੇ ਸ. ਗੜਗੱਜ ਸਿੰਘ ਨੂੰ ਦੱਸਿਆ ਕਿ ਲੜਕੇ ਵਾਲਿਆਂ ਦੀ ਸਕੂਟਰ ਜਾਂ ਮੋਟਰ ਸਾਈਕਲ ਆਦਿ ਕਿਸੇ ਪ੍ਰਕਾਰ ਦੀ ਕੋਈ ਮੰਗ ਨਹੀਂ ਹੈ। ਉਹ ਸਾਦਾ ਵਿਆਹ ਕਰਕੇ ਹੀ ਖੁਸ਼ ਹਨ। ਇਹ ਗੱਲ ਸੁਣ ਕੇ ਸ. ਗੜਗੱਜ ਸਿੰਘ ਬਹੁਤ ਖੁਸ਼ ਹੋਏ। ਸ. ਗੜਗੱਜ ਸਿੰਘ ਨੇ ਮੇਰੀ ਸੱਸ ਸਰਦਾਰਨੀ ਸਤਵੰਤ ਕੌਰ ਨੂੰ ਕਿਹਾ ਕਿ ਜੇ ਇਹਨਾਂ ਦਾ ਕੋਈ ਹੋਰ ਲੜਕਾ ਜੋ ਖੇਤੀਬਾੜੀ ਕਰਦਾ ਹੋਵੇ, ਨਾਲ ਮੇਰੀ ਲੜਕੀ ਸਤਪਾਲ ਦਾ ਰਿਸ਼ਤਾ ਵੀ ਕਰਵਾ ਦਿਉ।

ਖੈਰ ਵਿਆਹ ਤੋਂ ਬਾਅਦ ਦੋ ਚਾਰ ਮਹੀਨੇ ਲੰਘ ਗਏ। ਉਸ ਵੇਲੇ ਦੋਵੇਂ ਭਰਾ ਸਤਵੰਤ (ਜਨਮ 1947) ਅਤੇ ਗੁਰਵੰਤ (ਜਨਮ 1950) ਦੁਗਾਲ ਪਿੰਡ ਵਿਖੇ ਖੇਤੀਬਾੜੀ ਕਰ ਰਹੇ ਸਨ। ਕੁਝ ਦੇਰ ਬਾਅਦ ਅਸੀਂ ਸੋਚਣ ਲੱਗੇ ਕਿ ਖੇਤੀਬਾੜੀ ਲਈ ਇਕ ਲੜਕਾ ਹੀ ਬਹੁਤ ਹੈ। ਗੁਰਵੰਤ ਮੇਰੇ ਕੋਲ ਪਟਿਆਲੇ ਆ ਗਿਆ ਅਤੇ ਕੰਪੀਟੀਸ਼ਨ ਦੀ ਤਿਆਰੀ ਕਰਨ ਲੱਗਾ। ਖੇਤੀਬਾੜੀ ਦੀ ਸਾਰੀ ਜ਼ਿੰਮੇਵਾਰੀ ਸਤਵੰਤ

'ਤੇ ਆ ਗਈ।

ਤਿੰਨ ਚਾਰ ਮਹੀਨਿਆਂ ਬਾਅਦ ਮੇਰੀ ਸੱਸ ਨੇ ਮੇਰੇ ਨਾਲ ਸਤਵੰਤ ਦੇ ਰਿਸ਼ਤੇ ਦੀ ਗੱਲ ਕੀਤੀ। ਮੈਂ ਪਿੰਡ ਜਾ ਕੇ ਆਪਣੇ ਮਾਤਾ ਪਿਤਾ ਜੀ ਨਾਲ ਸਲਾਹ ਕੀਤੀ। ਮੇਰੇ ਮਾਪੇ ਇਸ ਰਿਸ਼ਤੇ ਲਈ ਰਾਜ਼ੀ ਹੋ ਗਏ। ਸ. ਗੜਗੱਜ ਸਿੰਘ ਕੋਲ ਸਾਡੇ ਨਾਲੋਂ ਕਾਫ਼ੀ ਵੱਧ ਜ਼ਮੀਨ ਸੀ। ਉਹਨਾਂ ਨੇ ਸਾਡੇ ਤੋਂ ਕਦੇ ਸਾਡੀ ਜ਼ਮੀਨ ਬਾਰੇ ਨਹੀਂ ਪੁੱਛਿਆ। ਸ. ਗੜਗੱਜ ਸਿੰਘ ਨੇ ਸਤਵੰਤ ਨੂੰ ਦੇਖਿਆ ਵੀ ਨਹੀਂ ਸੀ। ਜਿਸ ਦਿਨ ਸਤਵੰਤ ਨੂੰ ਸ਼ਗਨ ਪਾਉਣਾ ਸੀ, ਉਸੇ ਦਿਨ ਉਹਨਾਂ ਨੇ ਸਤਵੰਤ ਨੂੰ ਪਹਿਲੀ ਵਾਰ ਦੇਖਿਆ। ਮੈਂ ਅਤੇ ਮੇਰੀ ਪਤਨੀ ਉਸ ਵੇਲੇ ਪਿਤਾ ਜੀ ਦੇ ਉਸਾਰੇ ਤੋਪਖਾਨੇ ਵਾਲੇ ਘਰ ਵਿਚ ਰਹਿੰਦੇ ਸੀ। ਪਿਤਾ ਜੀ ਅਤੇ ਸਤਵੰਤ ਵੀ ਪਟਿਆਲੇ ਆ ਗਏ। ਸਤੰਬਰ 1973 ਵਿਚ ਸ਼ਗਨ ਦੀ ਰਸਮ ਪੂਰੀ ਹੋਈ।

ਅਗਲੇ ਸਾਲ ਦਸੰਬਰ 1974 ਵਿਚ ਸਤਵੰਤ ਦਾ ਵਿਆਹ ਹੋਇਆ। ਭੈਣਾਂ ਅਤੇ ਭਰਜਾਈਆਂ ਦੀਆਂ ਰਸਮਾਂ ਪੂਰੀਆਂ ਹੋਣ ਤੋਂ ਬਾਅਦ ਅਸੀਂ 20 ਕੁ ਰਿਸ਼ਤੇਦਾਰ ਸਤਵੰਤ ਦੀ ਜੰਞ ਲੈ ਕੇ ਗਏ। ਅਸੀਂ ਰਾਤ ਨੂੰ 9 ਕੁ ਵਜੇ ਅੰਬਾਲੇ ਤੋਂ ਟ੍ਰੇਨ ਫੜੀ ਅਤੇ ਅਗਲੇ ਦਿਨ ਸਵੇਰੇ 8 ਕੁ ਵਜੇ ਸ਼ਾਹਾਜਾਨਪੁਰ ਪਹੁੰਚ ਗਏ। ਰੇਲਵੇ ਸਟੇਸ਼ਨ 'ਤੇ ਸਤਵੰਤ ਦੇ ਦੋ ਤਿੰਨ ਰਿਸ਼ਤੇਦਾਰ ਸਾਨੂੰ ਲੈਣ ਲਈ ਖੜ੍ਹੇ ਸਨ। ਸਟੇਸ਼ਨ ਦੇ ਨਜ਼ਦੀਕ ਹੀ ਇਕ ਹੋਟਲ ਬੁੱਕ ਕਰਵਾਇਆ ਗਿਆ ਸੀ। ਜਿਥੇ ਸਾਨੂੰ ਨਹਾਉਣ ਧੋਣ ਲਈ ਕਿਹਾ ਗਿਆ ਅਤੇ ਸਵੇਰ ਦਾ ਨਾਸ਼ਤਾ ਦਿੱਤਾ ਗਿਆ। ਜੰਞ ਨੂੰ ਲਿਜਾਣ ਲਈ ਇਕ ਬੱਸ ਦਾ ਇੰਤਜਾਮ ਕੀਤਾ ਗਿਆ ਸੀ। ਜਿਸ ਵਿਚ ਬੈਠ ਕੇ ਅਸੀਂ ਪਲੀਆ ਮੰਡੀ ਤੋਂ ਹੁੰਦੇ ਹੋਏ ਸਮੇਰਪੁਰ ਪਿੰਡ ਪਹੁੰਚੇ। ਇਹ ਸਿਰਫ਼ ਨਾਮ ਦਾ ਹੀ ਪਿੰਡ ਸੀ। ਅਸਲ ਵਿਚ ਇਥੇ ਸਤਪਾਲ ਦੇ ਪਿਤਾ ਅਤੇ ਉਹਨਾਂ ਦੇ ਪੰਜ ਭਰਾਵਾਂ ਦੇ ਮਹਿਲਾਂ ਵਰਗੇ ਘਰ ਬਣਾਏ ਹੋਏ ਸਨ। ਇਕ ਬੈਂਡ ਸਤਪਾਲ ਦੇ ਘਰ ਬੈਠਾ ਸੀ। ਸਾਨੂੰ ਸਤਪਾਲ ਦੇ ਚਾਚਿਆਂ ਦੀਆਂ ਖਾਲੀ ਕੋਠੀਆਂ ਵਿਚ ਠਹਿਰਾਇਆ ਗਿਆ, ਜੋ ਕਿ ਸੜਕ ਤੋਂ ਦੂਜੇ ਪਾਸੇ ਸਨ। ਕੈਟਰਿੰਗ ਆਦਿ ਦਾ ਸਾਰਾ ਪ੍ਰਬੰਧ ਸਤਪਾਲ ਦੇ ਚਾਚਾ ਜੀ ਨੇ ਕੀਤਾ ਸੀ, ਜੋ ਕਿ ਪਹਿਲਾਂ ਲਖਨਊ ਵਿਖੇ ਰਹਿੰਦੇ ਸਨ। ਦੋ ਕੋਠੀਆਂ ਵਿਚ ਹੀ ਸਾਰੀ ਜੰਞ ਦੀ ਰਿਹਾਇਸ਼ ਅਤੇ ਖਾਣ-ਪੀਣ ਦਾ ਪ੍ਰਬੰਧ ਸੀ। ਸਾਨੂੰ ਬਿਲਕੁਲ ਵੀ ਮਹਿਸੂਸ ਨਹੀਂ ਹੋਇਆ ਕਿ ਅਸੀਂ ਕਿਸੇ ਪਿੰਡ ਵਿਚ ਜੰਞ ਲੈ ਕੇ ਆਏ ਹਾਂ। ਜਦੋਂ ਵੀ ਅਸੀਂ ਸਤਪਾਲ ਦੇ ਘਰ ਖਾਣਾ ਖਾਣ ਲਈ ਜਾਂਦੇ ਸੀ ਤਾਂ ਇਕ ਬੈਂਡ ਜੋ ਸਾਡੇ ਕੋਲ ਬੈਠਾ ਹੁੰਦਾ ਸੀ, ਸਾਨੂੰ ਲੈ ਕੇ ਆਉਂਦਾ ਸੀ ਅਤੇ ਖਾਣਾ ਖਾਣ ਤੋਂ ਬਾਅਦ ਵਾਪਸ ਛੱਡ ਕੇ ਆਉਂਦਾ ਸੀ। ਖਾਣੇ ਦਾ ਸਾਰਾ ਬੰਦੋਬਸਤ ਲਖਨਊ ਤੋਂ ਹੀ ਕੀਤਾ ਗਿਆ ਸੀ। ਦੋ ਰਾਤਾਂ ਉਥੇ ਜੰਞ ਰਹੀ। ਤੀਜੇ ਦਿਨ ਸਾਨੂੰ ਬੱਸ ਰਾਹੀਂ ਸ਼ਾਹਾਜਾਨਪੁਰ ਛੱਡਿਆ ਅਤੇ ਅਸੀਂ ਵਾਪਸ ਅੰਬਾਲੇ ਹੁੰਦੇ ਹੋਏ ਪਟਿਆਲੇ ਆ ਗਏ। ਇਸ ਤਰ੍ਹਾਂ ਸਤਵੰਤ ਦਾ

ਵਿਆਹ ਬਹੁਤ ਵਧੀਆ ਤਰੀਕੇ ਨਾਲ ਸੰਪੰਨ ਹੋਇਆ।

ਸਤਵੰਤ ਦੇ ਸਹੁਰਾ ਸਾਹਿਬ ਪਾਸ 4 ਟਰੈਕਟਰ ਸਨ ਅਤੇ ਸਤਪਾਲ ਦੇ ਚਾਚਿਆਂ ਕੋਲ 7 ਟਰੈਕਟਰ ਖੜ੍ਹੇ ਸਨ। ਇਹਨਾਂ ਛੇਵਾਂ ਭਰਾਵਾਂ ਨੇ ਸਮੇਰਪੁਰ ਪਿੰਡ ਤੋਂ ਇਲਾਵਾ ਹੋਰ ਜਗ੍ਹਾ ਵੀ ਖ਼ਰੀਦੀ ਹੋਈ ਸੀ। ਸਤਪਾਲ ਦੀ ਸਿਹਤ, ਗੱਲਬਾਤ ਕਰਨ ਦੇ ਢੰਗ ਤਰੀਕੇ ਅਤੇ ਆਤਮ ਵਿਸ਼ਵਾਸ ਤੋਂ ਪਤਾ ਲੱਗਦਾ ਸੀ ਕਿ ਉਹ ਕਿਸੇ ਅੱਛੇ ਘਰਾਣੇ ਦੀ ਲੜਕੀ ਹੈ।

ਕੁਝ ਦਿਨ ਪਟਿਆਲੇ ਰਹਿਣ ਤੋਂ ਬਾਅਦ ਇਹ ਨਵ-ਵਿਆਹਿਆ ਜੋੜਾ ਦੁਗਾਲ ਪਿੰਡ ਪਹੁੰਚ ਗਿਆ। ਇਹਨਾਂ ਦੇ ਦੋਵਾਂ ਬੱਚਿਆਂ (ਕਾਕਾ ਪਰਦੀਪ ਅਤੇ ਕਾਕਾ ਅਮਰਦੀਪ) ਦਾ ਜਣੇਪਾ ਅਸੀਂ ਹੀ ਪਟਿਆਲਾ ਵਿਖੇ ਕਰਵਾਇਆ।

ਛੋਟਾ ਭਰਾ ਜਗਜੀਤ ਜੋ ਆਪਣੀ ਵਿੱਦਿਆ ਦੇ ਆਧਾਰ 'ਤੇ ਜਨਵਰੀ 1972 ਵਿਚ ਅਮਰੀਕਾ ਗਿਆ ਅਤੇ 1976 ਵਿਚ ਅਮਰੀਕਾ ਦਾ ਨਾਗਰਿਕ ਬਣ ਗਿਆ। ਮੈਂ ਉਸ ਨੂੰ ਗੁਰਵੰਤ ਨੂੰ ਅਮਰੀਕਾ ਬੁਲਾਉਣ ਲਈ ਕਿਹਾ। ਗੁਰਵੰਤ 1978 ਵਿਚ ਅਮਰੀਕਾ ਚਲਾ ਗਿਆ। ਸਤਵੰਤ ਨੇ 1982 ਤੱਕ ਦੁਗਾਲ ਖੇਤੀਬਾੜੀ ਦੀ ਦੇਖਭਾਲ ਕੀਤੀ।

ਸਤਵੰਤ ਬਚਪਨ ਤੋਂ ਹੀ ਬਹੁਤ ਬੇਗਰਜ਼ ਸੀ। ਉਸ ਨੂੰ ਦੂਜੇ ਦਾ ਕੰਮ ਵੀ ਆਪਣੇ ਕੰਮ ਜਿੰਨਾਂ ਮਹੱਤਵਪੂਰਨ ਲੱਗਦਾ ਸੀ। ਉਹ ਬਹੁਤ ਸਮਾਂ ਲੋਕਾਂ ਦੀਆਂ ਮਸ਼ੀਨਾਂ ਅਤੇ ਟਰੈਕਟਰ ਆਦਿ ਠੀਕ ਕਰਨ ਜਾਂ ਕਰਾਉਣ ਵਿਚ ਹੀ ਲਗਾ ਦਿੰਦਾ ਸੀ। ਅਜਿਹਾ ਕਰਦਿਆਂ ਉਸ ਨੇ ਦੋ ਤਿੰਨ ਵਾਰ ਸੱਟਾਂ ਵੀ ਖਾਦੀਆਂ। ਪਤਾ ਨਹੀਂ ਸਤਵੰਤ ਕਿਸ ਮਿੱਟੀ ਦਾ ਬਣਿਆ ਸੀ ਕਿ ਆਪਣਾ ਸਰੀਰਿਕ ਨੁਕਸਾਨ ਹੋਣ ਦੇ ਬਾਵਜੂਦ ਵੀ ਉਹ ਲੋਕਾਂ ਦਾ ਭਲਾ ਕਰਨ ਤੋਂ ਕਦੇ ਨਹੀਂ ਟਲਦਾ ਸੀ। ਇਕ ਵਾਰੀ ਕਿਸੇ ਜ਼ਿੰਮੀਦਾਰ ਦੀ ਮੱਦਦ ਕਰਨ ਲਈ ਉਹ ਉਹਨਾਂ ਦੇ ਖੇਤ ਵਿਚ ਚਲਾ ਗਿਆ। ਜ਼ਿੰਮੀਦਾਰ ਦਾ ਇੰਜਣ ਖ਼ਰਾਬ ਸੀ। ਜਿਉਂ-ਜਿਉਂ ਪਾਣੀ ਦਾ ਪੱਧਰ ਨੀਵਾਂ ਹੁੰਦਾ ਗਿਆ, ਜ਼ਿੰਮੀਦਾਰ ਨੇ ਟੋਏ ਪੁੱਟ ਕੇ ਇੰਜਣ ਵੀ ਨਿੱਚੇ ਕਰ ਦਿੱਤੇ। ਇੰਨੇ ਵਿਚ ਉਸ ਦੇ ਸਿਰ ਵਿਚ ਇਕ ਉਜਾਰ ਵੱਜਿਆ। ਉਸ ਦੇ ਸਿਰ ਵਿਚੋਂ ਖ਼ੂਨ ਵੱਗਣ ਲਗ ਪਿਆ। ਸਤਵੰਤ ਨਿਸ਼ਚਿੰਤ ਹੋ ਕੇ ਕਹਿਣ ਲੱਗਾ ਇਹ ਤਾਂ ਹੁਣੇ ਠੀਕ ਹੋ ਜਾਏਗਾ। ਉਸ ਨੇ ਸਿਰ 'ਤੇ ਪਾਣੀ ਪਾਇਆ ਅਤੇ ਜੂੜਾ ਕਰਕੇ ਖੜ੍ਹਾ ਹੋ ਗਿਆ। ਉਸ ਨੇ ਘਰ ਵਿਚ ਕਿਸੇ ਨੂੰ ਵੀ ਇਸ ਸੱਟ ਬਾਰੇ ਜ਼ਿਕਰ ਨਹੀਂ ਕੀਤਾ। ਇਹੀ ਉਸ ਦਾ ਸੁਭਾਅ ਸੀ ਅਤੇ ਇਹੀ ਸੁਭਾਅ ਉਸ ਦੇ ਆਖ਼ਰੀ ਸਮੇਂ ਤੱਕ ਬਣਿਆ ਰਿਹਾ।

1982 ਤੱਕ ਮੈਂ ਅਤੇ ਮੇਰੇ ਵੱਡੇ ਭਰਾ ਪਰਮਿੰਦਰ ਨੇ ਦੁਗਾਲ ਵਾਲੇ ਆਪਣੇ ਹਿੱਸੇ ਆਉਂਦੀ ਜ਼ਮੀਨ ਵੇਚ ਦਿੱਤੀ। ਹੁਣ ਸਤਵੰਤ ਕੋਲ 22 ਕਿੱਲੇ ਜ਼ਮੀਨ ਸੀ। ਸਤਵੰਤ ਦੇ ਅਮਰੀਕਾ ਦੇ ਕਾਗਜ਼ ਆ ਗਏ ਅਤੇ ਉਹ ਅਮਰੀਕਾ ਜਾਣ ਦੀ ਤਿਆਰੀ

ਕਰਨ ਲੱਗਾ। ਮੈਨੂੰ ਪਿਤਾ ਜੀ ਨੇ ਪਿੰਡ ਬੁਲਾਇਆ। ਪਿਤਾ ਜੀ ਦਾ ਪਿੰਡ ਨਾਲ ਬਹੁਤ ਪਿਆਰ ਸੀ। ਉਹ ਮੈਨੂੰ ਕਹਿਣ ਲੱਗੇ ਕਿ ਸਾਨੂੰ ਖੇਤੀ ਬੰਦ ਨਹੀਂ ਕਰਨੀ ਚਾਹੀਦੀ। ਅੱਗੇ ਕਹਿਣ ਲੱਗੇ,“ ਕਾਕਾ ਤੂੰ ਨਹੀਂ ਖੇਤੀ ਕਰਾ ਸਕਦਾ?” ਮੈਂ ਨਿਮਰਤਾ ਨਾਲ ਕਿਹਾ “ਪਿਤਾ ਜੀ ਮੇਰੀ ਅਜੇ 20 ਸਾਲ ਦੀ ਨੌਕਰੀ ਰਹਿੰਦੀ ਹੈ ਅਤੇ ਅਜੇ ਕਾਫ਼ੀ ਬਦਲੀਆਂ ਹੋਣੀਆਂ ਹਨ। ਤੁਹਾਨੂੰ ਇਸ ਉਮਰ ਵਿਚ ਇਕੱਲਿਆਂ ਨਹੀਂ ਛੱਡਿਆ ਜਾ ਸਕਦਾ।” ਫਿਰ ਸਵਾਲ ਆਇਆ ਕਿ ਜ਼ਮੀਨ ਦਾ ਕੀ ਕੀਤਾ ਜਾਵੇ? ਘਰ ਵਿਚ ਕਿਸੇ ਦੀ ਵੀ ਹਿੰਮਤ ਨਹੀਂ ਸੀ ਕਿ ਪਿਤਾ ਜੀ ਨਾਲ ਇਸ ਬਾਰੇ ਕੋਈ ਗੱਲ ਕੀਤੀ ਜਾਵੇ। ਮੇਰੇ ਭਰਾਵਾਂ ਨੇ ਇਸ ਬਾਰੇ ਮੈਨੂੰ ਪਿਤਾ ਜੀ ਨਾਲ ਗੱਲ ਕਰਨ ਲਈ ਬੇਨਤੀ ਕੀਤੀ। ਮੈਂ ਪਿਤਾ ਜੀ ਨੂੰ ਨਿਮਰਤਾ ਨਾਲ ਕਿਹਾ ਕਿ ਪਿਤਾ ਜੀ “ਆਪਾਂ ਇੰਝ ਕਰਦੇ ਹਾਂ ਕਿ ਸਾਰੀ ਜ਼ਮੀਨ ਗਹਿਣੇ ਪਾ ਦਿੰਦੇ ਹਾਂ ਤੇ ਸਾਰਾ ਨਕਦ ਪੈਸਾ ਤੁਹਾਡੇ ਨਾਮ ‘ਤੇ ਜਮਾਂ ਕਰਵਾ ਦਿੰਦੇ ਹਾਂ।” ਪਿੰਡ ਵਿਚ ਇਕ ਮਕਾਨ ਤੋਂ ਇਲਾਵਾ ਤਿੰਨ ਪਲਾਟ ਸਨ, ਸਾਰੇ ਵੇਚ ਦਿੰਦੇ ਹਾਂ। ਪਿੰਡ ਦੀ ਜਗ੍ਹਾ ਜਦ ਚਾਹੋ ਮਿਲ ਜਾਵੇਗੀ। ਜਦੋਂ ਤੁਹਾਨੂੰ ਦੁਬਾਰਾ ਪਿੰਡ ਦੀ ਤਾਂਘ ਹੋਵੇਗੀ ਤਾਂ ਆਪਾਂ ਜ਼ਮੀਨ ਛੁਡਾ ਕੇ ਦੁਬਾਰਾ ਖੇਤੀ ਕਰ ਲਵਾਂਗੇ। ਪਿਤਾ ਜੀ ਇਸ ਗੱਲ ਨੂੰ ਮੰਨ ਗਏ। ਸਾਰੀ ਜ਼ਮੀਨ ਗਹਿਣੇ ਪਾ ਕੇ ਪਿੰਡ ਦੇ ਮਕਾਨ ਵੇਚ ਕੇ, ਮਾਤਾ-ਪਿਤਾ ਜੀ ਪਟਿਆਲੇ ਆ ਗਏ ਅਤੇ ਸਤਵੰਤ ਆਪਣੇ ਪਰਿਵਾਰ ਸਮੇਤ ਅਮਰੀਕਾ ਚਲਾ ਗਿਆ।

# ਸ਼ਹੀਦ ਸਤਵੰਤ ਸਿੰਘ ਕਾਲੇਕਾ

**ਪ੍ਰੋਫੈਸਰ ਰਣਬੀਰ ਸਿੰਘ ਸਰਾਓ**
**ਸਾਬਕਾ ਰਜਿਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ**

---

5 ਅਗਸਤ,2012 ਨੂੰ ਓਕ ਕਰੀਕ, ਵਿਸਕਾਨਸਿਨ ਅਮਰੀਕਾ ਦੇ ਗੁਰਦੁਆਰਾ ਸਾਹਿਬ ਵਿਚ ਵਾਪਰਿਆ ਸਾਕਾ ਸਿੱਖ ਇਤਿਹਾਸ ਦਾ ਅਭਿੰਨ ਅੰਗ ਬਣ ਗਿਆ ਹੈ। ਠੀਕ ਉਸੇ ਤਰ੍ਹਾਂ ਜਿਵੇਂ ਨਨਕਾਣਾ ਸਾਹਿਬ ਦਾ ਸਾਕਾ ਅਤੇ ਸਿੱਖ ਇਤਿਹਾਸ ਦੀਆਂ ਅਜਿਹੀਆਂ ਹੋਰ ਦਰਦਨਾਕ ਪਰ ਗੌਰਵਮਈ ਘਟਨਾਵਾਂ। ਪੰਜ ਅਗਸਤ ਦਾ ਸਾਕਾ ਸਿੱਖ ਪਰੰਪਰਾ ਅਤੇ ਮਰਿਆਦਾ ਨਾਲ ਜੁੜਿਆ ਹੈ। ਭਾਵੇਂ ਇਸ ਦੀਆਂ ਕਿੰਨੀਆਂ ਹੀ ਪਰਤਾਂ ਹਨ, ਕਿੰਨੇ ਹੀ ਪੱਖ ਹਨ, ਕਿੰਨੇ ਹੀ ਪਰਿਪੇਖਾਂ ਵਿਚ ਇਸ ਦਾ ਵਿਸ਼ਲੇਸ਼ਣ ਹੋ ਸਕਦਾ ਹੈ ਅਤੇ ਹੋਇਆ ਹੈ, ਕਿੰਨੇ ਹੀ ਸਵਾਲ ਇਸ ਨੇ ਖੜ੍ਹੇ ਕੀਤੇ ਹਨ - ਸਿੱਖ ਪਛਾਣ ਬਾਰੇ-ਸਿੱਖ ਸਰੂਪ ਬਾਰੇ- ਇਸ ਦੀ ਵਿਲੱਖਣਤਾ ਬਾਰੇ। ਪਰ ਮੂਲ ਰੂਪ ਵਿਚ ਇਹ ਸਿੱਖ ਮਤ ਦੀ ਸ਼ਹਾਦਤ ਦੀ ਲੰਬੀ, ਨਿਰੰਤਰ ਅਤੇ ਗੌਰਵਮਈ ਪਰੰਪਰਾ ਦਾ ਪ੍ਰਤੀਕ ਹੈ ਅਤੇ ਇਸੇ ਪ੍ਰਸੰਗ ਵਿਚ ਸਤਵੰਤ ਸਿੰਘ ਕਾਲੇਕਾ ਨੇ ਇਕ ਉਜਲ ਉਦਾਹਰਣ ਪੇਸ਼ ਕੀਤੀ ਹੈ। ਆਪਣੀ ਕੁਰਬਾਨੀ ਦੇ ਕੇ ਉਹ ਸਿੱਖ ਸ਼ਹੀਦਾਂ ਦੀ ਸ਼ਾਨਦਾਰ ਸੂਚੀ ਦਾ ਹਿੱਸਾ ਬਣ ਗਿਆ ਹੈ- ਸਿੱਖ ਵਿਰਾਸਤ ਦਾ ਜੀਵੰਤ ਪ੍ਰਤੀਬਿੰਬ।

1964 ਵਿਚ ਮੈਂ ਸਰਕਾਰੀ ਰਣਬੀਰ ਕਾਲਜ, ਸੰਗਰੂਰ ਵਿਚ ਅੰਗਰੇਜ਼ੀ ਪੜ੍ਹਾਉਣੀ ਸ਼ੁਰੂ ਕੀਤੀ ਸੀ। ਇਕ ਪਰਾਅਧਿਆਪਕ ਦੇ ਤੌਰ ਤੇ ਇਸੇ ਕਾਲਜ ਵਿਚ ਮੇਰੀ ਸਤਵੰਤ ਸਿੰਘ ਕਾਲੇਕਾ ਨਾਲ ਜਾਣ-ਪਛਾਣ ਹੋਈ ਸੀ। ਸਾਡੀ ਪਹਿਲੀ ਮੁਲਾਕਾਤ ਦੀ ਯਾਦ ਹੁਣ ਵੀ ਮੇਰੇ ਮਨ ਵਿਚ ਉਕਰੀ ਹੋਈ ਹੈ। ਇਕ ਦਿਨ ਮੈਂ ਆਪਣੇ ਸੁਭਾਅ ਅਨੁਸਾਰ ਉਸ ਤੋਂ ਪੁਛਿਆ ਸੀ ਜਿਵੇਂ ਮੈਂ ਪਿੰਡਾਂ ਤੋਂ ਆਉਣ ਵਾਲੇ ਹੋਰ ਵਿਦਿਆਰਥੀਆਂ ਤੋਂ ਵੀ ਪੁੱਛਿਆ ਕਰਦਾ ਸੀ- ਸਤਵੰਤ ਤੇਰਾ ਪਿੰਡ ਕਿਹੜਾ ਹੈ। ਜਦੋਂ ਉਸ ਨੇ ਦੁਗਾਲ ਦਾ ਨਾਂ ਲਿਆ ਤਾਂ ਫਿਰ ਗੋਤ ਦੀ ਗੱਲ ਚਲ ਪਈ। ਗੱਲਾਂ ਵਿਚੋਂ ਗੱਲ ਦਾ ਸਿਲਸਿਲਾ ਸ਼ੁਰੂ ਹੋ ਗਿਆ। ਬਰਨਾਲੇ ਨੇੜਲੇ ਪਿੰਡ ਕਾਲੇਕੇ ਦਾ ਜ਼ਿਕਰ ਵੀ ਹੋਇਆ ਅਤੇ ਸਰਾਓ ਅਤੇ ਕਾਲੇਕਾ ਸਰਾਓ ਵਿਚ ਅੰਤਰ ਦਾ ਪਤਾ ਚਲਿਆ। ਸਤਵੰਤ ਨੂੰ ਪਤਾ ਸੀ ਕਿ ਮੇਰੇ ਜੱਦੀ ਪਿੰਡ ਲਹਿਲ ਕਲਾਂ ਦੇ ਨੇੜਲੇ ਸੱਤ ਪਿੰਡ ਵੀ ਸਰਾਵਾਂ ਦੇ ਸਨ। ਸਗੋਤੀ ਹੋਣ ਦੀ ਸਾਂਝ ਨੂੰ ਉਸ ਨੇ ਬਹੁਤ ਮਹੱਤਤਾ ਦਿੱਤੀ।

ਇਹ ਗੱਲ ਸਾਡੇ ਇਕ ਦੂਜੇ ਦੇ ਨੇੜੇ ਹੋਣ ਦਾ ਸਬੱਬ ਬਣੀ। ਹੌਲੀ-ਹੌਲੀ ਉਹ ਆਪਣੇ ਪਰਿਵਾਰ, ਮਾਤਾ-ਪਿਤਾ, ਭਾਈਆਂ-ਭੈਣਾ ਦੀ ਗੱਲਾਂ ਵੀ ਮੇਰੇ ਨਾਲ ਸਾਂਝੀਆਂ ਕਰਨ ਲੱਗ ਪਿਆ। ਸਹਿਜ ਸੁਭਾਅ ਹੀ ਬਿਨਾਂ ਪੁੱਛੇ ਕਈ ਵਾਰ ਅਸੀਂ ਆਪਣੀ ਨਿੱਜੀ ਗੱਲਾਂ ਉਸ ਵਿਅਕਤੀ ਨਾਲ ਕਰਨ ਲੱਗ ਪੈਂਦੇ ਹਾਂ ਜਿਹੜਾ ਸਾਨੂੰ ਚੰਗਾ ਲਗਦਾ ਹੈ। ਇਹੀ ਮੇਰੇ ਨਾਲ ਸਤਵੰਤ ਦੀ ਪਹਿਲੀ ਮੁਲਾਕਤਾਂ ਤੋਂ ਪਿੱਛੋਂ ਵਾਪਰਿਆ। ਅਸੀਂ ਇਕ ਦੂਜੇ ਨੂੰ ਚੰਗੀ ਤਰ੍ਹਾਂ ਜਾਨਣ ਲਗ ਪਏ। ਰਿਸ਼ਤਾ ਅਧਿਆਪਕ ਅਤੇ ਵਿਦਿਆਰਥੀ ਦਾ ਹੀ ਸੀ ਪਰ ਇਸ ਵਿਚ ਅਣਜਾਣੇ ਹੀ ਦੋਸਤੀ ਅਤੇ ਜਜ਼ਬਾਤੀ ਸਾਂਝ ਦੀਆਂ ਤੰਦਾਂ ਜੁੜਣੀਆਂ ਸ਼ੁਰੂ ਹੋ ਗਈਆਂ ਸਨ।

ਸਤਵੰਤ ਦੀ ਸਧਾਰਨਤਾ ਵਿਚ ਵੀ ਕੁਝ ਵਿਲੱਖਣਤਾ ਸੀ। ਉਸ ਵਿਚ ਝਿੱਜਕ ਬਿਲਕੁਲ ਨਹੀਂ ਸੀ। ਉਂਝ ਆਮ ਪੇਂਡੂ ਮੁੰਡਿਆਂ ਵਿਚ ਝਿੱਜਕ ਬਹੁਤ ਸੀ। ਮੈਂ ਕਿੰਨੇ ਹੀ ਮੁੰਡਿਆਂ ਨੂੰ ਇਸ ਨਾਲ ਜੂਝਦੇ ਵੇਖਿਆ ਸੀ। ਸਤਵੰਤ ਇਸ ਤੋਂ ਮੁਕਤ ਸੀ। ਉਹ ਨਿਡਰ ਸੀ ਤੇ ਝਿਪਦਾ ਨਹੀਂ ਸੀ। ਛੇਤੀ-ਛੇਤੀ ਕਿਸੇ ਦੇ ਹੇਠਾਂ ਨਹੀਂ ਸੀ ਲਗਦਾ, ਆਪ ਮਤਾ ਸੀ-ਖੁੱਲ੍ਹ ਕੇ ਗੱਲ ਕਰ ਸਕਦਾ ਸੀ। ਮੱਲਕੜੇ ਜਿਹੇ ਟਿਚਰ ਵੀ ਕਰ ਲੈਂਦਾ ਸੀ। ਪਲਾਂ ਵਿਚ ਹੀ ਗੰਭੀਰ ਅਤੇ ਚਿੰਤਨਸ਼ੀਲ ਹੋ ਜਾਂਦਾ ਸੀ। ਉਸ ਦੇ ਚਿਹਰੇ ਤੋਂ ਪਤਾ ਨਹੀਂ ਸੀ ਚਲਦਾ ਉਸ ਦੇ ਮਨ ਦੀ ਅਵਸਥਾ ਦਾ। ਅੱਖਾਂ ਵਿਚ ਪਰਗਟ ਅਤੇ ਅਲੋਪ ਹੁੰਦੀ ਲਿਸ਼ਕ ਤੋਂ ਜ਼ਰੂਰ ਭਿਣਕ ਪੈ ਜਾਂਦੀ ਸੀ ਉਸ ਦੀਆਂ ਅੰਦਰਲੀਆਂ ਉਲਝਣਾਂ ਤਾਘਾਂ ਦੀ। ਇਸੇ ਲਈ ਉਹ ਕਵਿਤਾ ਵੀ ਲਿਖਦਾ ਸੀ ਪਰ ਇਸ ਦੀ ਜ਼ਿਆਦਾ ਚਰਚਾ ਨਹੀਂ ਸੀ ਕਰਦਾ। ਮੈਨੂੰ ਉਸ ਨੇ ਖੁਦ ਨਹੀਂ ਦੱਸਿਆ ਕਿ ਉਹ ਕਵਿਤਾ ਲਿਖਣ ਵਿਚ ਰੁਚਿਤ ਸੀ। ਉਸ ਨਾਲ ਪਿੰਡਾਂ ਤੋਂ ਆਉਂਦੇ ਹੋਰ ਮੁੰਡਿਆਂ ਨੇ ਇਹ ਗੱਲ ਮੈਨੂੰ ਦੱਸੀ ਸੀ- ਪਰ ਉਹ ਵੀ ਇਹ ਕਹਿੰਦੇ ਸਨ ਕਿ ਸਤਵੰਤ ਹੋਰਾਂ ਲਈ ਕਵਿਤਾ ਨਹੀਂ ਲਿਖਦਾ-ਨਾ ਇਸ ਦੀ ਬਹੁਤੀ ਗੱਲ ਕਰਦਾ ਹੈ। ਉਹ ਤਾਂ ਆਪਣੇ ਮਨ ਦੀਆਂ ਗੱਲਾਂ ਕਹਿਣ ਲਈ ਕਵਿਤਾ ਲਿਖਦਾ ਹੈ ਅਤੇ ਆਪਣੇ ਆਪੇ ਨਾਲ ਹੀ ਸੰਵਾਦ ਰਚਾਉਂਦਾ ਰਹਿੰਦਾ ਹੈ। ਕਈ ਵਾਰੀ ਉਹ ਅੱਲ ਵਲੱਲੀਆਂ ਗੱਲਾਂ ਵੀ ਕਰਿਆ ਕਰਦਾ ਪਰ ਉਹ ਜਾਣ ਬੁੱਝਕੇ ਅਜਿਹਾ ਕਰਦਾ ਸੀ। ਇਹ ਉਸ ਦੀ ਸ਼ੈਲੀ ਦਾ ਅੰਗ ਸੀ। ਉਸ ਦੀ ਵਿਲੱਖਣਤਾ ਦਾ ਚਿੰਨ੍ਹ ਸੀ। ਅਮਰੀਕਾ ਵਿਚ ਵੱਸਣ ਅਤੇ ਕਾਮਯਾਬ ਹੋਣ ਪਿੱਛੋਂ ਵੀ ਉਹ ਅਜਿਹੀਆਂ ਗੱਲਾਂ ਕਰਦਾ ਹੁੰਦਾ। ਕੁਝ ਹਾਸ ਰਸ ਸਿਰਜਨ ਲਈ ਕੁਝ ਗੁੱਝੀਆਂ ਗੱਲਾਂ ਕਰਨ ਲਈ ਇਹ ਉਸ ਦੀਆਂ ਰਮਜ਼ਾ ਸਨ- ਸੰਕੇਤ ਸਨ। ਉਸ ਦੀ ਡੂੰਘਾਈ ਅਤੇ ਗੰਭੀਰਤਾ ਦੀਆਂ ਸੂਚਕ।

ਸਤਵੰਤ ਦੇ ਪਿਤਾ ਮੇਜਰ ਪ੍ਰੀਤਮ ਸਿੰਘ ਬਹੁਤ ਹੀ ਇਮਾਨਦਾਰ, ਸਬਰ, ਸੰਤੋਖ ਅਤੇ ਸੰਜਮ ਵਾਲੇ ਅਫ਼ਸਰ ਸਨ। ਉਸ ਨੂੰ ਆਪਣੇ ਵਿਰਸੇ 'ਤੇ ਮਾਣ ਸੀ। ਉਸ ਦੀ ਮਾਤਾ ਸਰਦਾਰਨੀ ਜੰਗੀਰ ਕੌਰ ਦਾ ਪਰਿਵਾਰ ਇਕ ਰੱਜਿਆ ਪੁੱਜਿਆ ਪੇਂਡੂ

ਪਰਿਵਾਰ ਸੀ। ਪਿਛੋਂ ਇਹ ਪਰਿਵਾਰ ਬਹਾਵਲਪੁਰ ਰਿਆਸਤ ਵਿਚ ਜਾ ਵਸਿਆ। ਦੇਸ਼ ਦੀ ਵੰਡ ਵੇਲੇ ਇਸ ਟੱਬਰ ਦੇ ਮੁਖੀ ਅਤੇ ਹੋਰ ਜੀਆਂ ਨੇ ਬਹੁਤ ਬਹਾਦਰੀ ਵਿਖਾਈ ਸੀ ਅਤੇ ਅਣਖ ਨਾਲ ਮਰੇ ਸਨ – ਰੂੰਅ-ਰੂੰਅ ਕਰਕੇ ਨਹੀਂ। ਸਤਵੰਤ ਆਪਣੇ ਨਾਨਕਿਆਂ ਦੀ ਇਸ ਬਹਾਦਰੀ ਦਾ ਕਾਇਲ ਸੀ। ਇਸ ਤੋਂ ਪ੍ਰੇਰਣਾ ਵੀ ਲੈਂਦਾ ਸੀ।

1965 ਦੀ ਹਿੰਦ-ਪਾਕ ਲੜਾਈ ਵਿਚ ਉਸ ਦੇ ਵੱਡੇ ਭਾਈ ਕੈਪਟਨ ਅਮਰਜੀਤ ਸਿੰਘ ਕਾਲੇਕਾ ਨੇ ਵਿਲੱਖਣ ਬਹਾਦਰੀ ਦਾ ਸਬੂਤ ਦਿੱਤਾ ਸੀ। ਜਦੋਂ ਲੜਾਈ ਦੇ ਮੈਦਾਨ ਵਿਚੋਂ ਭੱਜਣਾ ਹੀ ਇਕ ਮਾਤਰ ਸਿਆਣੀ ਗੱਲ ਸਮਝੀ ਜਾਂਦੀ ਸੀ ਉਸ ਵੇਲੇ ਆਪਣੇ ਆਦਰਸ਼ ਗੁਰੂ ਗੋਬਿੰਦ ਸਿੰਘ ਨੂੰ ਯਾਦ ਕਰਕੇ ਅਤੇ ਆਪਣੇ ਸੂਰਮੇ ਪੁਰਖਿਆਂ ਦਾ ਧਿਆਨ ਕਰਕੇ ਕੈਪਟਨ ਅਮਰਜੀਤ ਸਿੰਘ ਕਾਲੇਕਾ ਨੇ ਮੈਦਾਨ ਵਿਚ ਡਟੇ ਰਹਿਣ ਦਾ ਫ਼ੈਸਲਾ ਲਿਆ, ਮੌਤ ਸਾਹਮਣੇ ਖੜ੍ਹੀ ਸੀ, ਪਰ ਉਹ ਡਰੇ ਨਹੀਂ ਮਰਨ ਤੋਂ। ਹਾਲਾਤ ਨੇ ਅਜਿਹੀ ਕਰਵਟ ਲਈ ਕਿ ਦੁਸ਼ਮਣ ਹੀ ਪਿੱਛੇ ਮੁੜ ਗਿਆ। ਕੈਪਟਨ ਕਾਲੇਕਾ ਨੂੰ ਗਲੈਂਟਰੀ ਅਵਾਰਡ ਮਿਲਿਆ। ਸਤਵੰਤ ਸਿੰਘ ਇਸ ਘਟਨਾ ਦਾ ਬਹੁਤ ਜ਼ਿਕਰ ਕਰਿਆ ਕਰਦਾ ਸੀ। ਉਸ ਦੀਆਂ ਅੱਖਾਂ ਸੱਜਲ ਹੋ ਜਾਂਦੀਆਂ ਅਤੇ ਆਪਣੇ ਵੱਡੇ ਭਾਈ ਦੀ ਸੂਰਮਤਾਈ ਉਸ ਦਾ ਆਦਰਸ਼ ਬਣ ਗਈ ਸੀ।

1982 ਵਿਚ ਸਤਵੰਤ ਦਾ ਅਮਰੀਕਾ ਵਿਚ ਵੱਸਣ ਦਾ ਦੌਰ ਸ਼ੁਰੂ ਹੋਇਆ। ਉਸ ਨੇ ਵਿਦੇਸ਼ ਵਿਚ ਆਪਣੇ ਪੈਰ ਜਮਾਉਣ ਅਤੇ ਕਾਮਯਾਬ ਹੋਣ ਲਈ ਬਹੁਤ ਸੰਘਰਸ਼ ਕੀਤਾ। ਕਈ ਸਾਲਾਂ ਤੱਕ ਉਹ ਆਪਣੀ ਪਛਾਣ ਬਣਾਉਣ ਲਈ ਜੂਝਦਾ ਰਿਹਾ। ਲਗਭਗ ਦੋ ਦਹਾਕੇ ਉਹ ਗੁਰਦੁਆਰਾ ਸਾਹਿਬ ਦੀ ਸੇਵਾ ਕਰਦਾ ਰਿਹਾ ਜਿਥੇ ਸਤਵੰਤ ਨੇ ਸ਼ਹਾਦਤ ਦਾ ਜਾਮ ਪੀਤਾ। ਇਸ ਗੁਰੂ ਘਰ ਨੂੰ ਸਥਾਪਿਤ ਕਰਨ ਵਿਚ ਸਤਵੰਤ ਨੇ ਇਕ ਸਿਰਕੱਢ ਮੋਢੀ ਦੀ ਭੂਮਿਕਾ ਨਿਭਾਈ। ਇਹ ਉਸ ਦੀ ਕਰਮਭੂਮੀ ਬਣ ਗਈ ਅਤੇ 5 ਅਗਸਤ,2012 ਨੂੰ ਇਹੀ ਕਰਮਭੂਮੀ ਉਸ ਦੀ ਰਣਭੂਮੀ ਬਣ ਗਈ। ਜਦੋਂ ਇਕ ਸਿਰ ਫਿਰੇ ਗੋਰੇ ਨਸਲਵਾਦੀ ਸਾਬਕਾ ਫੌਜੀ, ਮਾਈਕਲ ਪੇਜ, ਨੇ ਗੁਰਦੁਆਰਾ ਸਾਹਿਬ ਦੇ ਅੰਦਰ ਆ ਕੇ ਨਿਰਦੋਸ਼ ਸ਼ਰਧਾਲੂਆਂ 'ਤੇ ਗੋਲੀਬਾਰੀ ਸ਼ੁਰੂ ਕੀਤੀ ਤਾਂ ਸਤਵੰਤ ਨੂੰ ਇਹ ਫ਼ੈਸਲਾ ਕਰਨ ਵਿਚ ਦੇਰ ਨਹੀਂ ਲੱਗੀ ਕਿ ਉਸ ਨੂੰ ਕੀ ਕਰਨਾ ਚਾਹੀਦਾ ਹੈ। ਗੁਰੂਆਂ ਦੇ ਹੁਕਮ ਉਸ ਦੇ ਮਨ ਵਿਚ ਵੱਸੇ ਹੋਏ ਸਨ। ਸਿਰ ਹਥੇਲੀ ਤੇ ਰੱਖ ਕੇ ਅੱਗੇ ਵੱਧਣ ਦਾ ਪਲ ਆ ਗਿਆ ਸੀ। ਇਹ ਅਤਿ ਹੀ ਰਣ ਵਿਚ ਜੂਝ ਮਰਨ ਦਾ ਵੇਲਾ ਸੀ। ਸਿਰ ਦੀਜੈ ਕਾਣ ਨਾ ਕੀਜੈ 'ਤੇ ਅਮਲ ਕਰਨ ਦੀ ਘੜੀ ਸੀ। ਦੀਨ ਕੇ ਹੇਤ ਲੜਨ ਅਤੇ ਪੁਰਜਾ ਪੁਰਜਾ ਕਟ ਮਰਨ ਦਾ ਸਮਾਂ ਆ ਗਿਆ ਸੀ।ਕਬਹੂੰ ਨਾ ਛਾਡੈ ਖੇਤ ਦੇ ਸੰਕਲਪ ਨੂੰ ਪੂਰਾ ਕਰਨ ਦਾ ਖਿਣ। ਸਤਵੰਤ ਰਣਭੂਮੀ ਵਿਚ ਕੁਦ ਪਿਆ। ਆਪਣੇ ਸ਼ਰੀਰ ਨੂੰ ਢਾਲ ਬਣਾ ਕੇ ਨਿਰਦੋਸ਼ ਸ਼ਰਧਾਲੂਆਂ ਦੀਆਂ

ਜਾਨਾਂ ਬਚਾਈਆਂ। ਆਪਾ ਵਾਰ ਦਿੱਤਾ। ਸਿਰ ਦੇ ਦਿੱਤਾ। ਸੂਰਮਾ ਸੀ ਸਤਵੰਤ। ਉਸ ਦੀ ਸ਼ਹਾਦਤ ਦੀਆਂ ਜੱਗ ਵਿਚ ਧੁੰਮਾਂ ਪੈ ਗਈਆਂ। ਅਮਰੀਕਾ ਦਾ ਰਾਸ਼ਟਰੀ ਝੰਡਾ ਤਿੰਨ ਦਿਨਾਂ ਲਈ ਝੁਕਾਅ ਦਿੱਤਾ ਗਿਆ। ਲੱਖਾਂ ਲੋਕਾਂ ਨੇ ਉਸ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ। ਮੇਜਰ ਪ੍ਰੀਤਮ ਸਿੰਘ ਅਤੇ ਸਰਦਾਰਨੀ ਜੰਗੀਰ ਕੌਰ ਦੇ ਪੁੱਤਰ ਅਤੇ ਕੈਪਟਨ ਅਮਰਜੀਤ ਸਿੰਘ ਕਾਲੇਕਾ ਦੇ ਭਾਈ ਨੇ ਆਪਣੀ ਜਾਨ ਨਿਛਾਵਰ ਕਰ ਦਿੱਤੀ। ਕੁਰਬਾਨੀ ਦੀ ਨਵੀਂ ਮਿਸਾਲ ਪੈਦਾ ਕੀਤੀ ਅਤੇ ਰਣ ਵਿਚ ਜੂਝ ਮਰਿਆ। ਦੁਸ਼ਮਣ ਤੋਂ ਨਹੀਂ ਡਰਿਆ। ਸ਼ੁਭ ਕਰਮਨ ਤੋਂ ਨਹੀਂ ਟਲਿਆ। ਉਸ ਦੀ ਮੌਤ ਉਸ ਦੀ ਜਿੱਤ ਸੀ। ਇਹ ਸ਼ਾਨਦਾਰ ਮੌਤ ਉਸ ਦੀ ਜ਼ਿੰਦਗੀ ਦਾ ਉਤਸਵ ਸੀ। ਉਸ ਦਾ ਅੰਤ ਇਕ ਨਵੀਂ ਪਰੰਪਰਾ ਦਾ ਅਰੰਭ ਹੈ।

ਇਹ ਹੈ ਕਿਸੇ ਉਦੇਸ਼ ਲਈ ਮਰ ਕੇ ਸਦਾ ਜਿਊਂਦੇ ਰਹਿਣ ਦੀ ਰੀਤ। ਸਤਵੰਤ ਸਿੰਘ ਕਾਲੇਕਾ ਵਰਗੀ ਮੌਤ ਸਬੰਧੀ ਹੀ ਗੁਰਬਾਣੀ ਦਾ ਫੁਰਮਾਨ ਹੈ-

॥ਐਸੀ ਮਰਨੀ ਜੋ ਮਰੈ ਬਹੁਰਿ ਨ ਮਰਨਾ ਹੋਇ॥ (ਅੰਗ 555)

ਸਤਵੰਤ ਨੇ, ਕਾਲੇਕਾ ਪਰਿਵਾਰ, ਰੱਖੜਾ ਪਰਿਵਾਰ, ਦੁਗਾਲ ਪਿੰਡ, ਸਮੁੱਚੇ ਸਿੱਖ ਅਤੇ ਪੰਜਾਬੀ ਭਾਈਚਾਰੇ ਦਾ ਨਉਂ ਰੋਸ਼ਨ ਕਰ ਦਿੱਤਾ ਹੈ। ਅਠਾਰਵੀਂ ਸਦੀ ਦੇ ਸੂਰਮੇ ਸਿੱਖਾਂ ਦੀਆਂ ਰਵਾਇਤਾਂ ਨੂੰ ਸੁਰਜੀਤ ਕੀਤਾ ਹੈ। ਉਹ ਪੰਜਾਬੀਆਂ ਅਤੇ ਸਿੱਖਾਂ ਦੀ ਸਮੂਹਿਕ ਚੇਤਨਾ ਵਿਚ ਸਮਾ ਗਿਆ ਹੈ। ਸਿੱਖ ਇਤਿਹਾਸ ਵਿਚ ਸਥਾਪਿਤ ਸ਼ਹਾਦਤ ਦੀ ਪਰੰਪਰਾ ਨੂੰ ਜਿਊਂਦੇ ਰੱਖਣ ਅਤੇ ਇਸ ਨੂੰ ਪ੍ਰਫੁਲਿਤ ਕਰਨ ਦਾ ਸੇਹਰਾ ਸਤਵੰਤ ਦੇ ਸਿਰ 'ਤੇ ਸੋਸ਼ੁਭਿਤ ਹੈ।

ਜਿਥੇ ਉਸ ਦੇ ਪਰਿਵਾਰ, ਉਸ ਦੇ ਨਿਕਟਵਰਤੀ ਸਬੰਧੀਆਂ, ਸਹਿਚਾਰੀਆਂ, ਸਹਿਯੋਗੀਆਂ, ਸਹਿਕਰਮੀਆਂ ਅਤੇ ਸਾਥੀਆਂ ਨੂੰ ਉਸ 'ਤੇ ਬਹੁਤ ਹੀ ਮਾਨ ਮਹਿਸੂਸ ਹੋ ਰਿਹਾ ਹੈ ਉਥੇ ਉਸ ਦੇ ਕਾਲਜ ਦੇ ਦਿਨਾਂ ਦੇ ਇਕ ਅਧਿਆਪਕ ਨੂੰ ਵੀ ਅਪੂਰਣ ਗੌਰਵ ਦਾ ਅਨੁਭਵ ਹੋ ਰਿਹਾ ਹੈ। ਉਸ ਨੇ ਸਾਡੇ ਸਾਰਿਆਂ ਦਾ ਸਿਰ ਉੱਚਾ ਕਰ ਦਿੱਤਾ ਹੈ।

# ਗਾਥਾ ਏ ਸਿੰਘ ਸ਼ਹੀਦਾਂ
# ਭਾਈ ਸਤਵੰਤ ਸਿੰਘ ਕਾਲੇਕਾ ਦੁਗਾਲ

**ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ,**
**ਸਾਬਕਾ ਪ੍ਰਧਾਨ, ਐੱਸ.ਜੀ.ਪੀ.ਸੀ.**

ਗੁਰਮਤਿ ਵਿਚਾਰਧਾਰਾ ਦੇ ਆਗਮਨ ਤੋਂ ਪਹਿਲਾਂ ਭਾਰਤ ਅੰਦਰ ਸ਼ਹੀਦੀ ਦਾ ਕੋਈ ਸੰਕਲਪ ਨਹੀਂ ਸੀ। ਸਗੋਂ ਭਾਰਤ ਵਾਸੀ ਆਪਣੀ ਨਿੱਜੀ ਕਾਰਜ ਸਿੱਧੀ, ਮੈਦਾਨੇ ਜੰਗ ਵਿਚ ਜਿਤ ਪ੍ਰਾਪਤ ਕਰਨ ਜਾਂ ਆਪਣੇ ਦੁਸ਼ਮਣ ਦਾ ਨੁਕਸਾਨ ਕਰਨ ਹਿਤ ਦੈਵੀ ਸ਼ਕਤੀਆਂ ਨੂੰ ਖੁਸ਼ ਕਰਨ ਹਿਤ ਪਸ਼ੂਆਂ ਤਥਾ ਜਾਨਵਰਾਂ ਦੀ ਬਲੀ ਦਿੰਦੇ ਸਨ ਜਾਂ ਫਿਰ ਸਤੀ ਪ੍ਰਥਾ ਅਨੁਸਾਰ ਪਤਨੀ ਨੂੰ ਆਪਣੇ ਮ੍ਰਿਤਕ ਪਤੀ ਨਾਲ ਮਰਨ ਲਈ ਮਜਬੂਰ ਕੀਤਾ ਜਾਂਦਾ ਸੀ। ਪਰੰਤੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਪ੍ਰਥਾ ਨੂੰ ਪ੍ਰਵਾਨ ਨਾ ਕੀਤਾ ਸਗੋਂ ਮਨੁੱਖ ਨੂੰ ਆਪਣੇ ਅੰਦਰਲੇ ਵੈਰੀਆਂ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤੇ ਜਿੱਤ ਪ੍ਰਾਪਤ ਕਰਕੇ ਸ਼ਬਦ ਦੇ ਲੜ ਲਗਕੇ ਜੀਵਨ ਮੁਕਤ ਹੋਣ ਦਾ ਸੰਦੇਸ਼ ਦਿੱਤਾ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਲੋਕਾਈ ਦੇ ਮਨਾਂ ਵਿਚੋਂ ਮੌਤ ਦਾ ਭੈਅ ਖ਼ਤਮ ਕਰਨ ਲਈ ਇਕ ਨਵਾਂ ਸਿਧਾਂਤ ਪੇਸ਼ ਕੀਤਾ। ਗੁਰੂ ਸਾਹਿਬ ਦਾ ਵਿਚਾਰ ਹੈ ਕਿ ਮੌਤ ਅਤੇ ਜ਼ਿੰਦਗੀ ਦੋਵਾਂ ਨੂੰ ਵੱਖ ਨਹੀਂ ਕੀਤਾ ਜਾ ਸਕਦਾ। ਮੌਤ ਜ਼ਿੰਦਗੀ ਉਤੇ ਉਦੋਂ ਹੀ ਭਾਰੂ ਹੁੰਦੀ ਹੈ ਜਦੋਂ ਅਕਾਲ ਪੁਰਖ ਵੱਲੋਂ ਨਿਸ਼ਚਿਤ ਕੀਤਾ ਸਮਾਂ ਆ ਜਾਂਦਾ ਹੈ। ਪਰੰਤੂ ਫਿਰ ਵੀ ਮਨੁੱਖ ਜਨਮ ਤੋਂ ਹੀ ਮੌਤ ਦੇ ਭੈਅ ਵਿਚ ਵਿਚਰਦਾ ਹੈ।
ਗੁਰੂ ਫੁਰਮਾਨ ਹੈ:-

॥ਜਨਮਤ ਹੀ ਦੁਖੁ ਲਾਗੈ ਮਰਣਾ ਆਇ ਕੈ॥
॥ਜਨਮੁ ਮਰਣੁ ਪਰਵਾਣੁ ਹਰਿ ਗੁਣ ਗਾਇ ਕੈ॥ (ਅੰਗ 752)

ਤਥਾ

॥ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ॥
ਸੂਰੇ ਸੇਈ ਆਗੈ ਆਖੀਅਹਿ ਦਰਗਹ ਪਾਵਹਿ ਸਾਚੀ ਮਾਣੋ॥ (ਅੰਗ 579)

ਗੁਰਮਤਿ ਵਿਚ ਸ਼ਹੀਦੀ ਦਾ ਬਹੁਤ ਉੱਚਾ ਅਸਥਾਨ ਹੈ। ਗੁਰੂ ਸਾਹਿਬਾਨ ਤੋਂ ਬਾਅਦ ਸ਼ਹੀਦਾਂ ਨੂੰ ਸਤਿਕਾਰ ਦਿੱਤਾ ਜਾਂਦਾ ਹੈ ਅਤੇ ਰੋਜ਼ਾਨਾ ਹਰ ਗੁਰਸਿੱਖ ਅਰਦਾਸ ਸਮੇਂ ਗੁਰੂ ਸਾਹਿਬਾਨ ਨੂੰ ਯਾਦ ਕਰਨ ਉਪਰੰਤ ਸਮੂਹ ਸ਼ਹੀਦ ਸਿੰਘਾਂ, ਸਿੰਘਣੀਆਂ, ਭੁੰਜਗੀਆਂ ਨੂੰ ਯਾਦ ਕਰਕੇ ਨਤਮਸਤਕ ਹੁੰਦਾ ਹੈ। ਇਕ ਇਸਲਾਮੀ ਸ਼ਾਇਰ ਨੇ

ਸ਼ਹੀਦੀ ਬਾਰੇ ਇਉਂ ਬਿਆਨ ਕੀਤਾ ਹੈ:-

ਸ਼ਹੀਦੋਂ ਕੀ ਕਤਲਾਹ ਸੇ ਕਯਾ ਬੇਤਰ ਹੈ ਕਾਅਬਾ।
ਸ਼ਹੀਦੋਂ ਕੀ ਖਾਕ ਪੇ ਖੁਦਾ ਵੀ ਕੁਰਬਾਨ ਹੋਤਾ ਹੈ।

ਕਿਸੇ ਉਚੇ ਉਦੇਸ਼, ਨੇਕ ਕਾਰਜ, ਲੋਕ ਭਲਾਈ ਦੇ ਵਡੇਰੇ ਹਿਤ ਜਾਂ ਧਰਮ ਯੁੱਧ ਆਦਿ ਵਿਚ ਆਪਣੀ ਜਾਨ ਕੁਰਬਾਨ ਕਰ ਦੇਣ ਵਾਲੇ ਵਿਅਕਤੀ ਨੂੰ ਸ਼ਹੀਦ ਕਿਹਾ ਜਾਂਦਾ ਹੈ। ਸਾਮੀ ਧਰਮਾਂ ਵਿਚ ਵੀ ਸ਼ਹੀਦਾਂ ਦੀਆਂ ਮਿਸਾਲਾਂ ਮਿਲਦੀਆਂ ਹਨ। ਸਭ ਤੋਂ ਪਹਿਲਾਂ ਈਸਾ ਮਸੀਹ ਦੇ ਜਨਮ ਤੋਂ 339 ਸਾਲ ਪਹਿਲਾਂ ਯੂਨਾਨ ਦੇ ਸੁਕਰਾਤ ਦੀ ਸ਼ਹੀਦੀ, ਸੁਕਰਾਤ ਤੋਂ ਲਗਪਗ 372 ਸਾਲ ਬਾਅਦ ਹਰਜਤ ਈਸਾ ਨੂੰ ਸੂਲੀ ਉਪਰ ਟੰਗ ਕੇ ਸ਼ਹੀਦ ਕੀਤਾ ਗਿਆ। ਸਮੇਂ ਦੀ ਸਰਕਾਰ ਨੇ ਸਮਸ ਤਬਰੇਜ਼, ਜਿਸ ਦਾ ਪੂਰਾ ਨਾਂ ਮਖਦੂਮਸ਼ਾਹ ਸਮਸੁਦੀਨ ਸੀ, ਨੂੰ ਪੁੱਠੀ ਖੱਲ ਲਾਹ ਕੇ ਸ਼ਹੀਦ ਕਰਵਾ ਦਿੱਤਾ। ਇਸੇ ਤਰ੍ਹਾਂ ਸਮਸੁਦੀਨ ਅਹਿਮਦ ਨੂੰ ਸਮੇਂ ਦੇ ਹਾਕਮ ਅਲਾਉਦੀਨ ਮੁਹੰਮਦ ਨੇ ਪੁੱਠੀ ਖੱਲ ਲਹਾਕੇ ਸ਼ਹੀਦ ਕਰਵਾ ਦਿੱਤਾ ਸੀ ਅਤੇ ਬਾਦਸ਼ਾਹ ਦੇ ਹੁਕਮ ਨਾਲ ਮਨਸੂਰ ਨੂੰ ਵੱਟੇ ਮਾਰ-ਮਾਰ ਕੇ ਸ਼ਹੀਦ ਕੀਤਾ ਗਿਆ ਸੀ।

ਗੁਰੂ ਇਤਿਹਾਸ ਅਤੇ ਸਿੱਖ ਇਤਿਹਾਸ ਵਿਚ ਸ਼ਹੀਦਾਂ ਦੀ ਗਿਣਤੀ ਬੇਸ਼ੁਮਾਰ ਹੈ। ਉਹਨਾਂ ਦਾ ਇਕ ਲੇਖ ਵਿਚ ਵਰਣਨ ਕੀਤਾ ਜਾਣਾ ਅਸੰਭਵ ਹੈ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਕਿਸੇ ਵੀ ਸਿੱਖ ਨੇ ਆਪਣੇ ਨਿੱਜੀ ਮੁਹਾਦ ਲਈ ਕਿਸੇ ਦਾ ਕਤਲ ਨਹੀਂ ਕੀਤਾ। ਅੱਲਾ ਯਾਰ ਖਾਂ ਯੋਗੀ ਜੋ ਮੁਗਲਾਂ ਅਤੇ ਸਿੱਖਾਂ ਦਰਮਿਆਨ ਖੂਨੀ ਸੰਘਰਸ਼ ਸਮੇਂ ਦਾ ਚਸ਼ਮਦੀਦ ਗਵਾਹ ਸੀ। ਉਸ ਨੇ ਵਿਰੋਧੀ ਹੁੰਦਿਆਂ ਵੀ ਸਿੱਖ ਆਚਰਣ ਦੀ ਭਰਪੂਰ ਸ਼ਲਾਘਾ ਕੀਤੀ ਹੈ।

ਹਰ ਗੁਰਸਿੱਖ ਨੂੰ ਗੁਰੂ ਸਾਹਿਬਾਨ ਦਾ ਉਪਦੇਸ਼ ਹੀ ਇਹ ਸੀ ਕਿ ਜੇ ਉਹਨਾਂ ਨੇ ਪ੍ਰੇਮ ਦੀ ਖੇਡ ਖੇਡਣੀ ਹੈ ਤਥਾ ਰੱਬੀ ਕਾਰਜ ਲਈ ਜੂਝਣਾ ਹੈ ਜਾਂ ਸਾਕਾ ਕਰਨਾ ਹੈ ਤਾਂ ਉਹ ਆਪਣਾ ਸੀਸ ਤਲੀ ਤੇ ਧਰਕੇ ਅਤੇ ਮੌਤ ਨੂੰ ਕਬੂਲ ਕਰਕੇ ਅੱਗੇ ਆਵੇ। ਗੁਰੂ ਫ਼ੁਰਮਾਨ ਹੈ :-

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥ 1412

ਤਥਾ

ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥
ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥ 1102

ਗੁਰੂ ਸਾਹਿਬਾਨ ਅਤੇ ਸਿੰਘਾਂ, ਸਿੰਘਣੀਆਂ, ਭੁਜੰਗੀਆਂ ਨੇ ਮਨੁੱਖੀ ਬਰਾਬਰੀ, ਮਨੁੱਖੀ ਅਧਿਕਾਰ, ਹੱਕ-ਸੱਚ, ਧਰਮ ਦੀ ਰੱਖਿਆ, ਗੈਰਤ, ਗੌਰਵ ਅਤੇ ਅਣਖ ਭਰਪੂਰ ਜੀਵਨ ਜਿਉਣ ਦੇ ਸਿਧਾਂਤ ਉੱਤੇ ਚੱਲਣ ਅਤੇ ਇਨਸਾਫ਼ ਲਈ ਅਤੇ ਜਬਰ

ਜ਼ੁਲਮ ਨੂੰ ਠਲ੍ਹ ਪਾਉਣ, ਜਾਬਰ ਨੂੰ ਸਬਕ ਸਿਖਾਉਣ ਹਿਤ ਅਨੇਕਾਂ ਕੁਰਬਾਨੀਆਂ ਕੀਤੀਆਂ ਅਤੇ ਸ਼ਹੀਦੀਆਂ ਦਿੱਤੀਆਂ। ਇਤਿਹਾਸ ਗਵਾਹ ਹੈ ਕਿ ਜਦੋਂ ਵੀ ਸਿੰਘਾਂ ਦੀ ਅਣਖ ਨੂੰ ਕਿਸੇ ਨੇ ਵੰਗਾਰਿਆ, ਸਿੰਘਾਂ ਨੇ ਹਮੇਸ਼ਾਂ ਦੁਸ਼ਮਣ ਨੂੰ ਮੂੰਹ ਤੋੜਵਾ ਜਵਾਬ ਦਿੱਤਾ। ਸ਼ਹੀਦੀਆਂ ਦੀ ਇਹ ਲੜੀ ਗੁਰੂ ਅਰਜਨ ਦੇਵ ਜੀ ਤੋਂ ਸ਼ੁਰੂ ਹੋ ਕੇ ਅੱਜ ਤੱਕ ਨਿਰੰਤਰ ਜਾਰੀ ਹੈ।

ਇਸ ਲੇਖ ਵਿਚ ਬਾਕੀ ਵਿਸਤਾਰ ਨੂੰ ਛੱਡਦਿਆਂ ਹੋਇਆਂ ਕੁਝ ਸਿੰਘਾਂ ਸ਼ਹੀਦਾਂ ਦਾ ਵਰਣਨ ਕਰਨਾ ਯੋਗ ਹੋਵੇਗਾ। ਜਦੋਂ ਮੁਗਲ ਰਾਜ ਸ਼ਕਤੀ ਨੇ ਆਪਣੇ ਜ਼ੋਰ ਜਬਰ ਨਾਲ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਉਤੇ ਕਬਜ਼ਾ ਕਰ ਲਿਆ। ਦੁਨੀਆ ਦੇ ਮਹਾਨ ਧਾਰਮਿਕ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਨੂੰ ਜਰਵਾਣਿਆ ਦੇ ਕਬਜ਼ੇ ਤੋਂ ਅਜ਼ਾਦ ਕਰਵਾਉਣ ਹਿਤ ਪਹਿਲਾਂ ਬਾਬਾ ਦੀਪ ਸਿੰਘ ਜੀ ਅਤੇ ਫਿਰ ਭਾਈ ਗੁਰਬਖਸ਼ ਸਿੰਘ ਜੀ ਨੇ ਆਪਣੇ ਸਾਥੀ ਸਿੰਘਾਂ ਸਮੇਤ ਲਾ ਮਿਸਾਲ ਸ਼ਹੀਦੀਆਂ ਦਿੱਤੀਆਂ। ਦਰਬਾਰ ਸਾਹਿਬ ਅੰਦਰ ਸ਼ਰਾਬ, ਸ਼ਬਾਬ ਅਤੇ ਕਬਾਬ ਦਾ ਦੌਰ ਚਲਾਉਣ ਵਾਲੇ ਮੱਸਾ ਰੰਗੜ ਦਾ ਭਾਈ ਸੁੱਖਾ ਸਿੰਘ ਅਤੇ ਭਾਈ ਮਹਿਤਾਬ ਸਿੰਘ ਨੇ ਸਿਰ ਵੱਢਕੇ ਖਾਲਸਾ ਪੰਥ ਦੇ ਪੇਸ਼ ਕਰ ਦਿੱਤਾ ਸੀ। ਇਸੇ ਤਰ੍ਹਾਂ ਜਦੋਂ ਮੁਗਲ ਸਲਤਨਤ ਨੇ ਸਿੰਘਾਂ ਦੀ ਹੋਂਦ ਹਸਤੀ ਨੂੰ ਨਸਤੋਨਾਬੂਦ ਕਰ ਦਿੱਤੇ ਜਾਣ ਦਾ ਐਲਾਨ ਕੀਤਾ ਤਾਂ ਝੱਟਪਟ ਬਾਬਾ ਬੋਤਾ ਸਿੰਘ ਅਤੇ ਬਾਬਾ ਗਰਜਾ ਸਿੰਘ ਨੇ ਤਰਨਤਾਰਨ ਲਾਗੇ ਨੂਰਦੀਨ ਦੀ ਸਰ੍ਹਾਂ ਵਿਖੇ ਖਾਲਸਾ ਰਾਜ ਦੀ ਸਥਾਪਤੀ ਦਾ ਐਲਾਨ ਕਰ ਦਿੱਤਾ। ਇਸੇ ਹੋਏ ਯੁੱਧ ਵਿਚ ਉਹਨਾਂ ਦੋਵੇਂ ਸਿੰਘਾਂ ਨੇ ਸ਼ਹੀਦੀ ਪਾ ਕੇ ਪੰਥ ਦੀ ਗੈਰਤ, ਗੌਰਵ ਅਤੇ ਸ਼ਹੀਦੀ ਪਰੰਪਰਾ ਨੂੰ ਚਾਰ ਚੰਨ ਲਗਾ ਦਿੱਤੇ। ਜੇ ਮੁਗਲ ਰਾਜ ਸ਼ਕਤੀ ਵੱਲੋਂ ਭਾਈ ਸੁਬੇਗ ਸਿੰਘ ਨੇ ਭਾਈ ਸਾਹਬਾਜ ਸਿੰਘ ਨੂੰ ਧਰਮ ਦੀ ਤਬਦੀਲੀ ਕਰਨ ਲਈ ਵੰਗਾਰਿਆ ਤਾਂ ਉਹਨਾਂ ਧਰਮ ਨਹੀਂ ਹਾਰਿਆ ਸਗੋਂ ਸਿੱਖੀ ਸਿਦਕ ਕੇਸਾਂ ਸੁਆਸਾਂ ਸੰਗ ਨਿਭਾਉਂਦਿਆਂ ਹੋਇਆਂ ਚਰਖੜੀਆਂ ਉੱਪਰ ਚੜ੍ਹ ਕੇ ਸ਼ਹੀਦੀ ਪਾਈ। ਇਸ ਤਰ੍ਹਾਂ ਦੀਆਂ ਮਿਸਾਲਾਂ ਸਿੱਖ ਇਤਹਿਾਸ ਵਿਚ ਅਣਗਿਣਤ ਹਨ। ਅੰਗਰੇਜ਼ ਰਾਜ ਸਮੇਂ ਇਹਨਾਂ ਸ਼ਹੀਦੀਆਂ ਦਾ ਦੌਰ ਨਿਰੰਤਰ ਚਲਦਾ ਰਿਹਾ ਜੋ ਭਾਈ ਮਹਾਰਾਜ ਸਿੰਘ ਉਚੀ ਰਬੋਂ ਨੇੜੇ ਖੰਨਾ ਤੋਂ ਆਰੰਭ ਹੁੰਦਾ ਹੈ। ਸਰ ਮਾਇਕਲ ਉਡਵਾਇਰ ਨੂੰ ਕੀਤੇ ਘੋਰ ਜੁਲਮ ਦੀ ਸਜ਼ਾ ਸ. ਉਧਮ ਸਿੰਘ ਨੇ ਦਿੱਤੀ। ਅੰਗਰੇਜ਼ ਜਾਬਰ ਸਾਂਡਰਸ ਨੂੰ ਕੀਤੇ ਦੀ ਸਜ਼ਾ ਸਰਦਾਰ ਭਗਤ ਸਿੰਘ ਨੇ ਦਿੱਤੀ ਅਤੇ ਇਹਨਾਂ ਨੇ ਆਪ ਵੀ ਸ਼ਹੀਦੀਆਂ ਪਾਈਆਂ।

ਅਜੋਕੇ ਸਮੇਂ ਵਿਚ ਭਾਵੇਂ ਪਦਾਰਥਵਾਦ ਦੀ ਹਨੇਰੀ ਖੂਬ ਝੁੱਲ ਰਹੀ ਹੈ ਪਰੰਤੂ ਸਿੰਘਾਂ ਨੇ ਹਮੇਸ਼ਾਂ ਹੀ ਗੁਰੂ ਸਾਹਿਬਾਨ ਦੇ ਹੁਕਮ ਅਤੇ ਗੁਰਧਾਮਾਂ ਨੂੰ ਆਪਣੀ ਜਾਨ ਤੋਂ ਪਿਆਰਾ ਸਮਝਿਆ ਅਤੇ ਇਹਨਾਂ ਦੀ ਖਾਤਰ ਉਹ ਜੂਝੇ। ਦਸ਼ਮੇਸ਼ ਪਿਤਾ ਨੇ ਆਪਣੇ ਸਿਧਾਂਤ ਨੂੰ ਸਪਸ਼ਟ ਕਰਦਿਆਂ ਥਾਂ ਪਰ ਥਾਂ ਲੋਕਾਈ ਨੂੰ ਸੇਧ ਦਿੱਤੀ ਹੈ। ਗੁਰੂ ਸਾਹਿਬ

ਦਾ ਫ਼ੁਰਮਾਨ ਹੈ:-

ਦੇਹਿ ਸ਼ਿਵਾ ਬਰ ਮੋਹਿ ਇਹੈ ਸ਼ੁਭ ਕਰਮਨ ਤੇ ਕਬਹੂੰ ਨ ਟਰੋਂ॥
ਨ ਡਰੋਂ ਅਰਿ ਸੋ ਜਬ ਜਾਇ ਲਰੋਂ ਨਿਸਚੈ ਕਰ ਆਪਣੀ ਜੀਤ ਕਰੋਂ॥
ਅਰ ਸਿਖਹੋ ਆਪਣੇ ਹੀ ਮਨ ਕੋ ਯਹ ਲਾਲਚ ਹਉ ਗੁਨ ਤਉ ਉਚਰੋਂ॥
ਜਬ ਆਵ ਕੀ ਅਉਧ ਨਿਧਾਨ ਬਨੈ ਅਤ ਹੀ ਰਨ ਮੈ ਤਬ ਜੂਝ ਮਰੋਂ॥

ਗੁਰਮਤਿ ਦੇ ਉਚੇ ਸੁਚੇ ਤੇ ਲਾ-ਮਿਸਾਲ ਉਦੇਸ਼ ਤੇ ਉਪਦੇਸ਼ ਨੂੰ ਮੁੱਖ ਰੱਖਦਿਆਂ ਜਦੋਂ ਅਮਰੀਕਾ ਦੇ ਵਿਸਕਾਨਸਿਨ ਸਟੇਟ ਵਿਖੇ ਸਥਿਤ ਗੁਰਦੁਆਰਾ ਸਾਹਿਬ ਓਕ ਕਰੀਕ ਵਿਖੇ ਹੋਈ ਘਟਨਾ ਨੂੰ ਵੇਖਦੇ ਹਾਂ ਤਾਂ ਉਹਨਾਂ ਸਮੂਹ ਸ਼ਹੀਦ ਸਿੰਘਾਂ ਅਤੇ ਇਕ ਸਿੰਘਣੀ ਦੀ ਸ਼ਹੀਦੀ ਸਾਹਮਣੇ ਸਾਡਾ ਸਿਰ ਝੁੱਕ ਜਾਂਦਾ ਹੈ। ਇਸ ਅਣਮਨੁੱਖੀ ਹਮਲੇ ਦੌਰਾਨ ਜਿਸ ਦਲੇਰੀ, ਜ਼ੁਰਅੱਤ, ਹੌਸਲੇ, ਸਿੱਖੀ ਜਜ਼ਬੇ ਨਾਲ ਭਾਈ ਸਤਵੰਤ ਸਿੰਘ ਕਾਲੇਕਾ, ਜੋ ਉਸ ਗੁਰਦੁਆਰਾ ਸਾਹਿਬ ਦੇ ਪਿਛਲੇ 18 ਸਾਲਾਂ ਤੋਂ ਪ੍ਰਧਾਨ/ ਸੇਵਾਦਾਰ ਚਲੇ ਆ ਰਹੇ ਸਨ, ਵੱਲੋਂ ਜਰਵਾਣੇ ਅਮਰੀਕੀ ਹਮਲਾਵਰ ਨੂੰ ਘੇਰਿਆ ਅਤੇ ਕਾਬੂ ਕੀਤਾ। ਉਹ ਇਕ ਸਿੰਘਤਵ ਦੇ ਜਜ਼ਬੇ, ਸਿੱਦਕ ਤੇ ਜੋਸ਼ ਦੀ ਹੀ ਮਿਸਾਲ ਸੀ। ਭਾਵੇਂ ਸਤਵੰਤ ਸਿੰਘ ਨੂੰ ਇਸ ਦੌਰਾਨ ਸ਼ਹੀਦੀ ਹੀ ਪਾਉਣੀ ਪਈ ਪਰੰਤੂ ਉਹਨਾਂ ਨੇ ਆਪਣੇ ਸਤਿਗੁਰੂ ਵਲੋਂ ਦਰਸਾਏ ਮਾਰਗ ਦੇ ਪੱਕੇ ਪਾਂਧੀ ਹੋਣ ਦਾ ਸਬੂਤ ਦਿੱਤਾ। ਇਹ ਕਿਸ ਤਰ੍ਹਾਂ ਹੋ ਸਕਦਾ ਸੀ ਕਿ ਇਕ ਸਿਰ ਫਿਰਿਆ ਹਮਲਾਵਰ ਗੁਰਦੁਆਰਾ ਸਾਹਿਬ ਵਿਚ ਦਾਖ਼ਲ ਹੋ ਕੇ ਸੰਗਤ ਉਤੇ ਗੋਲੀਆਂ ਵਰ੍ਹਾਕੇ ਚਲਦਾ ਬਣਦਾ। ਜੇਕਰ ਇਸ ਤਰ੍ਹਾਂ ਹੋ ਜਾਂਦਾ ਤਾਂ ਸਿੱਖ ਇਤਿਹਾਸ ਅਤੇ ਸਿੱਖਤਵ ਦੇ ਜਜ਼ਬੇ ਨੂੰ ਢਾਹ ਲੱਗ ਜਾਣੀ ਸੀ। ਪਰੰਤੂ ਸਰਦਾਰ ਕਾਲੇਕਾ ਨੇ ਆਪਣੇ ਗੁਰੂ ਅਤੇ ਸਿੱਖ ਸੰਗਤ ਪ੍ਰਤੀ ਆਪਣਾ ਫਰਜ਼ ਪਹਿਚਾਣਦਿਆਂ ਉਸ ਗੋਰੇ ਨੂੰ ਅੱਗੇ ਹੋ ਕੇ ਘੇਰਿਆ। ਅਜਿਹੇ ਵਰਤਾਰੇ ਦੀ ਜਿੰਨੀ ਸ਼ਲਾਘਾ ਹੋ ਸਕੇ ਥੋੜ੍ਹੀ ਹੈ। ਇਸ ਤਰ੍ਹਾਂ ਭਾਈ ਸਤਵੰਤ ਸਿੰਘ ਕਾਲੇਕਾ ਆਪਣੀ ਉਸ ਵਿਲੱਖਣ ਸੂਰਮਗਤੀ ਸਦਕਾ ਉਨ੍ਹਾਂ ਪੁਰਾਤਨ ਮਹਾਨ ਸ਼ਹੀਦਾਂ ਵਿਚ ਸ਼ਾਮਲ ਹੋ ਗਏ ਹਨ, ਜਿਨ੍ਹਾਂ ਨੂੰ ਹਰ ਰੋਜ਼ ਅਸੀਂ ਅਰਦਾਸ ਸਮੇਂ ਯਾਦ ਕਰਦੇ ਹਾਂ ਅਤੇ ਉਹ ਸਦਾ ਲਈ ਇਤਿਹਾਸ ਦੇ ਪੰਨਿਆ ਵਿਚ ਅਮਰ ਹੋ ਗਏ ਹਨ। ਸਰਦਾਰ ਸਤਵੰਤ ਸਿੰਘ ਕਾਲੇਕਾ ਦਾ ਜਨਮ ਮੇਜਰ ਪ੍ਰੀਤਮ ਸਿੰਘ ਕਾਲੇਕਾ ਦੇ ਗ੍ਰਹਿ ਵਿਖੇ 2 ਜੂਨ,1947 ਨੂੰ ਹੋਇਆ। ਬੀ.ਏ. ਤੱਕ ਦੀ ਪੜ੍ਹਾਈ ਕਰ ਕੇ ਪਹਿਲਾਂ ਖੇਤੀਬਾੜੀ ਦਾ ਕਿੱਤਾ ਕੀਤਾ। ਫਿਰ 1982 ਵਿਚ ਅਮਰੀਕਾ ਜਾ ਵਸੇ।

ਇਥੇ ਸਖਤ ਮਿਹਨਤ ਕਰਕੇ ਆਪ ਗਿਣਵੇਂ ਭਾਰਤੀਆਂ ਦੀ ਲਿਸਟ ਵਿਚ ਸ਼ਾਮਲ ਹੋਏ। ਪਰੰਤੂ ਕਿਰਤ ਕਰਨ ਦੇ ਨਾਲ-ਨਾਲ ਆਪਣੇ ਗੁਰੂ ਪ੍ਰਤੀ ਫਰਜ਼ ਵੀ ਪੂਰੀ ਤਰ੍ਹਾਂ ਨਿਭਾਇਆ। ਸਰਦਾਰ ਸਤਵੰਤ ਸਿੰਘ ਕਾਲੇਕਾ ਦਾ ਆਨੰਦ ਕਾਰਜ ਬੀਬੀ ਸਤਪਾਲ ਕੌਰ ਨਾਲ ਹੋਇਆ ਅਤੇ ਉਨ੍ਹਾਂ ਦੇ ਗ੍ਰਹਿ ਵਿਖੇ ਕਾਕਾ ਪਰਦੀਪ ਸਿੰਘ

ਅਤੇ ਕਾਕਾ ਅਮਰਦੀਪ ਸਿੰਘ ਨੇ ਜਨਮ ਲਿਆ, ਜੋ ਕਿ ਅਮਰੀਕਾ ਵਿਚ ਹੀ ਰਹਿੰਦੇ ਹਨ। ਸ. ਸਤਵੰਤ ਸਿੰਘ ਕਾਲੇਕਾ, ਬੀਬੀ ਹਰਿੰਦਰ ਕੌਰ ਸੁਪਤਨੀ ਸ. ਸੁਰਜੀਤ ਸਿੰਘ ਰੱਖੜਾ ਕੈਬਨਿਟ ਮੰਤਰੀ ਪੰਜਾਬ ਸਰਕਾਰ ਦੇ ਵੱਡੇ ਅਤੇ ਸ. ਅਮਰਜੀਤ ਸਿੰਘ ਕਾਲੇਕਾ ਦੇ ਛੋਟੇ ਭਰਾਤਾ ਸਨ। ਇਥੇ ਗੁਰਦੁਆਰਾ ਸਾਹਿਬ ਵਿਚ ਵਾਪਰੀ ਮੰਦਭਾਗੀ ਘਟਨਾ ਦਾ ਸੰਖੇਪ ਵੇਰਵਾ ਦੇਣਾ ਪਾਠਕਾਂ ਲਈ ਉਪਯੋਗੀ ਹੋਵੇਗਾ ਜੋ ਨਿਮਨ ਅਨੁਸਾਰ ਹੈ।

5 ਅਗਸਤ 2012 ਨੂੰ ਅਮਰੀਕਾ ਦੇ ਰਾਜ ਵਿਸਕਾਨਸਿਨ ਦੇ ਸ਼ਹਿਰ ਓਕ ਕਰੀਕ ਦੇ ਗੁਰਦੁਆਰਾ ਸਾਹਿਬ ਵਿਖੇ ਹੋਏ ਹਮਲੇ ਕਾਰਨ ਦੁਨੀਆ ਭਰ ਦੇ ਸਿੱਖਾਂ ਵਿਚ ਗੁੱਸੇ ਦੀ ਲਹਿਰ ਫੈਲ ਗਈ। ਸ਼ਾਂਤਮਈ ਢੰਗ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਅਰਦਾਸ ਕਰ ਰਹੀ ਸੰਗਤ 'ਤੇ ਅੰਨ੍ਹੇਵਾਹ ਗੋਲੀਆਂ ਚਲਾਉਣਾ ਨਸਲੀ ਭੇਦ-ਭਾਵ ਦੀ ਘਿਨਾਉਣੀ ਘਟਨਾ ਸੀ। ਇਸ ਘਟਨਾ ਦੌਰਾਨ ਅਮਰੀਕਾ ਦੇ ਸਾਬਕਾ ਸੈਨਿਕ ਵੇਡ ਮਾਈਕਲ ਪੇਜ ਵੱਲੋਂ ਆਪਣੀ ਆਟੋਮੈਟਿਕ ਗੰਨ ਨਾਲ ਅੰਨ੍ਹੇਵਾਹ ਗੋਲੀਆਂ ਚਲਾ ਕੇ ਪੰਜ ਸਿੱਖਾਂ, ਸ. ਸੀਤਾ ਸਿੰਘ 41 ਸਾਲ, ਸ. ਰਣਜੀਤ ਸਿੰਘ 49 ਸਾਲ, ਸ. ਪ੍ਰਕਾਸ਼ ਸਿੰਘ 39 ਸਾਲ, ਬੀਬੀ ਪਰਮਜੀਤ ਕੌਰ 41 ਸਾਲ ਅਤੇ ਸ. ਸੁਬੇਗ ਸਿੰਘ 84 ਸਾਲ ਨੂੰ ਸ਼ਹੀਦ ਕਰ ਦਿੱਤਾ। ਇਸ ਘਟਨਾ ਵਿਚ ਤਕਰੀਬਨ ਅੱਧੀ ਦਰਜਨ ਸਿੱਖ ਸੰਗਤ ਜ਼ਖਮੀ ਹੋਈ। ਗੋਲੀਆਂ ਵਰ੍ਹਾਕੇ ਦੌੜੇ ਜਾਂਦੇ ਪੇਜ ਨੂੰ ਬੜੀ ਦਲੇਰੀ ਨਾਲ ਸ. ਸਤਵੰਤ ਸਿੰਘ ਕਾਲੇਕਾ ਨੇ ਜਫਾ ਪਾਇਆ ਪਰੰਤੂ ਉਸ ਜਾਲਮ ਨੇ ਭਾਈ ਸਤਵੰਤ ਸਿੰਘ ਉਤੇ ਫਾਇਰ ਕਰ ਕੇ ਉਨ੍ਹਾਂ ਨੂੰ ਸ਼ਹੀਦ ਕਰ ਦਿੱਤਾ। ਅਮਰੀਕਾ ਦੀ ਪੁਲਿਸ ਨੇ ਵੀ ਆਪਣਾ ਫਰਜ਼ ਨਿਭਾਉਂਦਿਆਂ ਹੋਇਆਂ ਆਪਣੀ ਜਾਨ ਦੀ ਪ੍ਰਵਾਹ ਨਾ ਕਰਦੇ ਹੋਏ ਹਮਲਾਵਰ ਨੂੰ ਕਾਬੂ ਕਰਨ ਦੀ ਕੋਸ਼ਿਸ਼ ਕੀਤੀ। ਇਸ ਕਾਰਵਾਈ ਦੌਰਾਨ ਹਮਲਾਵਰ ਮਾਰਿਆ ਗਿਆ। ਇਸ ਬਹਾਦਰ ਪੁਲਿਸ ਅਫਸਰ ਲਫਟੈਣ ਬਰਾਇਨ ਮਰਫੀ ਦੇ 9 ਗੋਲੀਆਂ ਲੱਗੀਆਂ। ਅਸਲ ਵਿਚ ਇਹ ਹਮਲਾ ਸੰਸਾਰ ਵਿਚ ਫੈਲੇ ਨਸਲਵਾਦ ਦਾ ਹੀ ਘਿਨਾਉਣਾ ਰੂਪ ਸੀ।

ਇਥੇ ਇਹ ਵੀ ਵਰਨਣਯੋਗ ਹੈ ਕਿ ਸੰਸਾਰ ਭਰ ਦੇ ਸਿੱਖਾਂ ਨੇ ਇਸ ਮੰਦਭਾਗੀ ਘਟਨਾ ਦੀ ਨਿੰਦਿਆ ਕੀਤੀ ਹੈ ਅਤੇ ਉਨ੍ਹਾਂ ਨੇ ਭਾਈ ਸਤਵੰਤ ਸਿੰਘ ਕਾਲੇਕਾ ਦੀ ਦਲੇਰੀ, ਸਿਦਕ ਦਿਲੀ, ਹੌਂਸਲੇ ਅਤੇ ਆਪਣੇ ਗੁਰੂਪ੍ਰਤੀ ਸਮਰਪਣ ਦੀ ਭਾਵਨਾ ਨੂੰ ਖੂਬ ਸਲਾਹਿਆ। ਪੰਜਾਬ ਦੇ ਮੁੱਖ ਮੰਤਰੀ ਸ.ਪ੍ਰਕਾਸ਼ ਸਿੰਘ ਬਾਦਲ ਨੇ ਅਮਰੀਕਾ ਵਿਖੇ ਸਮੂਹ ਸ਼ਹੀਦਾਂ ਦੇ ਘਰ-ਘਰ ਜਾ ਕੇ ਉਨ੍ਹਾਂ ਦੇ ਪਰਿਵਾਰਾਂ ਨਾਲ ਦੁੱਖ ਸਾਂਝਾ ਕੀਤਾ ਅਤੇ ਢਾਰਸ ਦਿੱਤੀ। ਮਿਤੀ 12 ਅਗਸਤ, 2012 ਨੂੰ ਗੁਰਦੁਆਰਾ ਸਾਹਿਬ ਓਕ ਕਰੀਕ ਵਿਖੇ ਉਨ੍ਹਾਂ ਸ਼ਹੀਦਾਂ ਦੀ ਯਾਦ ਵਿਚ ਪਾਏ ਭੋਗ ਸਮੇਂ ਸ. ਬਾਦਲ ਨੇ ਸੰਗਤ ਵਿਚ ਸ਼ਾਮਲ ਹੋ ਕੇ ਨਿੱਘੀ ਸ਼ਰਧਾਂਜਲੀ ਭੇਟ ਕੀਤੀ ਅਤੇ ਹਰ ਸ਼ਹੀਦ ਦੇ

ਪਰਿਵਾਰ ਨੂੰ ਪੰਜਾਬ ਸਰਕਾਰ ਵੱਲੋਂ ਪੰਜ-ਪੰਜ ਲੱਖ ਰੁਪਏ ਸਹਾਇਤਾ ਦੇਣ ਦਾ ਐਲਾਨ ਕੀਤਾ। ਸ. ਪ੍ਰਕਾਸ਼ ਸਿੰਘ ਬਾਦਲ ਨੇ ਭਾਰਤ ਦੇ ਪ੍ਰਧਾਨ ਮੰਤਰੀ ਅਤੇ ਵਿਦੇਸ਼ ਮੰਤਰੀ ਨਾਲ ਨਿੱਜੀ ਸੰਪਰਕ ਕਰ ਕੇ ਉਨ੍ਹਾਂ ਨੂੰ ਵਿਦੇਸ਼ਾਂ ਵਿਚ ਵੱਸਦੇ ਸਿੱਖਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਕਿਹਾ ਅਤੇ ਉਨ੍ਹਾਂ ਨੂੰ ਸਿੱਖਾਂ ਦੀਆਂ ਗਹਿਰ ਗੰਭੀਰ ਭਾਵਨਾਵਾਂ ਤੋਂ ਜਾਣੂ ਕਰਵਾਇਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਧਾਨ ਸਾਹਿਬ ਸ. ਅਵਤਾਰ ਸਿੰਘ ਮੱਕੜ ਦੀ ਅਗਵਾਈ ਵਿਚ 9 ਅਗਸਤ 2012 ਨੂੰ ਗੁਰਦੁਆਰਾ ਸਾਹਿਬ ਸ੍ਰੀ ਮੰਜੀ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਸਮੂਹ ਸ਼ਹੀਦ ਸਿੰਘਾਂ ਨੂੰ ਭਰਪੂਰ ਸ਼ਰਧਾਂਜਲੀ ਭੇਟ ਕੀਤੀ ਗਈ। ਜਿਸ ਅੰਗਰੇਜ਼ ਪੁਲਿਸ ਅਧਿਕਾਰੀ ਨੇ ਉਸ ਹਮਲਾਵਰ ਨੂੰ ਸੋਧਿਆ ਅਤੇ ਭਾਈ ਸਤਵੰਤ ਸਿੰਘ ਕਾਲੇਕਾ ਨੂੰ (ਸ਼ਹੀਦੀ ਉਪਰੰਤ) ਸੋਨ-ਤਗਮਿਆਂ ਨਾਲ ਸਨਮਾਨਿਤ ਕਰਨ ਦਾ ਐਲਾਨ ਕੀਤਾ। ਦਿੱਲੀ ਦੇ ਦੋ ਸ਼ਹੀਦ ਹੋਏ ਰਾਗੀਆਂ ਦੇ ਪਰਿਵਾਰਾਂ ਨੂੰ ਵੀ ਦੋ-ਦੋ ਲੱਖ ਰੁਪਏ ਦੇਣ ਦਾ ਐਲਾਨ ਕੀਤਾ। ਇਥੇ ਇਹ ਵਰਣਨ ਕਰਨਾ ਵੀ ਬਣਦਾ ਹੈ ਕਿ ਅਮਰੀਕਾ ਦੇ ਰਾਸ਼ਟਰਪਤੀ ਸਮੇਤ ਸਮੂੰਹ ਅਮਰੀਕਨ ਭਾਈਚਾਰੇ ਨੇ ਇਸ ਮੰਦਭਾਗੀ ਘਟਨਾ ਦੀ ਨਿਖੇਧੀ ਕੀਤੀ ਅਤੇ ਸ਼ਹੀਦਾਂ ਨੂੰ ਭਰਪੂਰ ਸ਼ਰਧਾਂਜਲੀ ਭੇਟ ਕੀਤੀ। ਇਸ ਸਮੇਂ ਅਮਰੀਕਨ ਸਰਕਾਰ ਵੱਲੋਂ ਵੀ ਉਚ ਅਧਿਕਾਰੀ ਸ਼ਾਮਲ ਹੋਏ। ਇਥੋਂ ਤੱਕ ਕਿ ਅਮਰੀਕਾ ਦਾ ਰਾਸ਼ਟਰੀ ਝੰਡਾ ਤਿੰਨ ਦਿਨ ਨੀਵਾਂ ਰੱਖ ਕੇ ਸਿੱਖ ਕੌਮ ਨਾਲ ਭਰਪੂਰ ਹਮਦਰਦੀ ਅਤੇ ਇਕਸੁਰਤਾ ਦਾ ਪ੍ਰਗਟਾਵਾ ਕੀਤਾ। ਗੁਰਦੁਆਰਾ ਸਾਹਿਬ ਓਕ ਕਰੀਕ ਦੇ ਸ਼ਰਧਾਂਜਲੀ ਸਮਾਗਮ ਸਮੇਂ ਅਮਰੀਕਾ ਦੇ ਅਟਾਰਨੀ ਜਨਰਲ ਨੇ ਖੁਦ ਸੰਗਤ ਵਿਚ ਹਾਜ਼ਰ ਹੋ ਕੇ ਅਮਰੀਕਨ ਰਾਸ਼ਟਰਪਤੀ ਬਰਾਕ ਓਬਾਮਾ ਸਮੇਤ ਸਮੂਹ ਅਮਰੀਕਨ ਭਾਈਚਾਰੇ ਵੱਲੋਂ ਸ਼ਰਧਾਂਜਲੀ ਭੇਟ ਕੀਤੀ ਅਤੇ ਇਸ ਮੰਦਭਾਗੀ ਘਟਨਾ ਉਤੇ ਡੂੰਘੇ ਦੁੱਖ ਅਤੇ ਅਫਸੋਸ ਦਾ ਪ੍ਰਗਟਾਵਾ ਕੀਤਾ। ਇਹ ਵੀ ਐਲਾਨ ਕੀਤਾ ਕਿ ਭਾਈ ਸਤਵੰਤ ਸਿੰਘ ਕਾਲੇਕਾ ਦੀ ਦਲੇਰੀ, ਸਿਦਕ ਦਿਲੀ ਅਤੇ ਮਿਸਾਲੀ ਹੌਸਲੇ ਨੂੰ ਮੁੱਖ ਰੱਖਦਿਆਂ ਸਮੂੰਹ ਸ਼ਹੀਦਾਂ ਦੀ ਦਾਸਤਾਨ ਨੂੰ ਅਮਰੀਕੀ ਸਕੂਲਾਂ ਦੇ ਪੜ੍ਹਨ ਵਾਲੇ ਬੱਚਿਆਂ ਦੇ ਸਿਲੇਬਸ ਵਿਚ ਸ਼ਾਮਲ ਕੀਤਾ ਜਾਵੇਗਾ। ਇਸ ਤੋਂ ਪਹਿਲਾਂ 3 ਸਤਬੰਰ 1897 ਨੂੰ ਫਰਾਂਸੀਸੀ ਫੌਜਾਂ ਦੀ ਕਮਾਨ ਹੇਠ ਕਬਾਇਲੀਆਂ ਵਿਰੁੱਧ ਹੋਈ 8000 ਫੁੱਟ ਦੀ ਉਚਾਈ ਉਤੇ ਸਾਰਾਗੜ੍ਹੀ ਦੀ ਲੜਾਈ ਵਿਚ 36 ਸਿੱਖ ਬਟਾਲੀਅਨ ( ਹੁਣ 4 ਸਿੱਖ ਬਟਾਲੀਅਨ) ਵੱਲੋਂ ਆਖਰੀ ਦਮ ਤੱਕ ਜੂਝਦੇ ਰਹਿਣ ਅਤੇ ਅੰਤ ਸ਼ਹੀਦੀ ਪਾਉਣ ਦੀ ਗਾਥਾ ਨੂੰ ਫਰਾਂਸ ਦੇ ਸਕੂਲਾਂ ਦੇ ਸਿਲੇਬਸ ਵਿਚ ਪੜ੍ਹਾਇਆ ਜਾਂਦਾ ਹੈ। ਸਿੱਖਾਂ ਦੀ ਬਹਾਦਰੀ ਦੀ ਗਾਥਾ ਦੀ ਚਰਚਾ ਇੰਗਲੈਂਡ ਦੀ ਪਾਰਲੀਮੈਂਟ ਵਿਚ ਸੁਣਾਈ ਗਈ ਅਤੇ ਉਹਨਾਂ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।

ਜਿਥੇ ਉਕਤ ਦਿਲ ਕੰਬਾਊ ਮੰਦਭਾਗੀ ਘਟਨਾ ਵਿਚ ਹੋਏ ਸਮੂਹ ਸ਼ਹੀਦਾਂ ਨੂੰ ਸੰਸਾਰ ਵਿਚ ਸਮੁੱਚੇ ਸਿੱਖ ਭਾਈਚਾਰੇ ਅਤੇ ਮਾਨਵਵਾਦੀ ਲੋਕਾਂ ਵੱਲੋਂ ਭਰਪੂਰ ਸ਼ਰਧਾਂਜਲੀ ਭੇਟ ਕੀਤੀ ਗਈ ਉਥੇ ਸ. ਸਤਵੰਤ ਸਿੰਘ ਕਾਲੇਕਾ ਦੀ ਬਹਾਦਰੀ ਨੂੰ ਵੀ ਭਰਪੂਰ ਸਲਾਹਿਆ ਗਿਆ। ਨਿਸਚੇ ਹੀ ਭਾਈ ਕਾਲੇਕਾ ਸ਼ਹੀਦ ਸਿੰਘਾਂ ਦੀ ਲੜੀ ਵਿਚ ਸ਼ਾਮਲ ਹੋ ਕੇ ਸਦਾ ਲਈ ਅਮਰ ਹੋ ਗਏ ਹਨ। ਅਸੀਂ ਉਨ੍ਹਾਂ ਦੀ ਸਿਦਕ ਦਿਲੀ, ਸਿੱਖੀ ਜਜ਼ਬੇ, ਦ੍ਰਿੜ੍ਹਤਾ, ਹੌਸਲੇ ਅਤੇ ਸ਼ਹੀਦੀ ਨੂੰ ਨਤਮਸਤਕ ਹੁੰਦੇ ਹਾਂ।

ਭਾਈ ਸਤਵੰਤ ਸਿੰਘ ਕਾਲੇਕਾ ਦਾ ਸਬੰਧ ਪਟਿਆਲਾ ਜ਼ਿਲ੍ਹਾ ਨਾਲ ਹੈ। ਜਿਥੇ ਦੇਸ਼ ਅਤੇ ਵਿਦੇਸ਼ਾਂ ਵਿਚ ਉਨ੍ਹਾਂ ਸਮੂਹ ਸ਼ਹੀਦਾਂ ਸਬੰਧੀ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਜ਼ਖਮੀਆਂ ਦੀ ਜਲਦ ਸਿਹਤਯਾਬੀ ਲਈ ਅਰਦਾਸ ਕੀਤੀ ਗਈ, ਉਥੇ ਪਟਿਆਲਾ ਸ਼ਹਿਰ ਦੀਆਂ ਸੰਗਤਾਂ ਵੱਲੋਂ ਭਾਈ ਰਵਿੰਦਰਪਾਲ ਸਿੰਘ ਸਵੀਟੀ ਦੀ ਅਗਵਾਈ ਵਿਚ ਪਟਿਆਲੇ ਸ਼ਹਿਰ ਦੇ ਗੁਰਦੁਆਰਾ ਸ੍ਰੀ ਗੁਰੂ ਨਵੀਨ ਸਿੰਘ ਸਿੰਘ ਸਭਾ, ਧਰਮਪੁਰਾ ਬਜ਼ਾਰ ਪਟਿਆਲਾ ਵਿਖੇ 12 ਅਗਸਤ 2012 ਨੂੰ ਪਾਠ ਦੇ ਭੋਗ ਉਪਰੰਤ ਸ਼ਹੀਦਾਂ ਨੂੰ ਸ਼ਰਧਾਂਜਲੀ ਰੂਪੀ ਅਰਦਾਸ ਕੀਤੀ ਗਈ ਅਤੇ ਸ. ਅਮਰਜੀਤ ਸਿੰਘ ਕਾਲੇਕਾ ਅਤੇ ਸ. ਸੁਰਜੀਤ ਸਿੰਘ ਰੱਖੜਾ ਦੇ ਦੋਹਾਂ ਪਰਿਵਾਰਾਂ ਵੱਲੋਂ 16 ਅਗਸਤ, 2012 ਨੂੰ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ,ਮਾਲ ਰੋਡ, ਪਟਿਆਲਾ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਵੱਖ ਵੱਖ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਸਖ਼ਸ਼ੀਅਤਾਂ ਵੱਲੋਂ ਭਾਈ ਸਤਵੰਤ ਸਿੰਘ ਕਾਲੇਕਾ ਅਤੇ ਬਾਕੀ ਸ਼ਹੀਦ ਸਿੰਘਾਂ ਨੂੰ ਭਰਪੂਰ ਸ਼ਰਧਾਂਜਲੀ ਭੇਟ ਕੀਤੀ ਗਈ ਅਤੇ ਜ਼ਖਮੀਆਂ ਦੀ ਜਲਦ ਸਿਹਤਯਾਬੀ ਲਈ ਅਰਦਾਸ ਕੀਤੀ ਗਈ। ਇਸੇ ਤਰ੍ਹਾਂ 12 ਸਤੰਬਰ,2012 ਨੂੰ ਭਾਈ ਸਤਵੰਤ ਸਿੰਘ ਕਾਲੇਕਾ ਦੇ ਜੱਦੀ ਪਿੰਡ 'ਕਾਲੇਕੀ ਦੁਗਾਲ' (ਨੇੜੇ ਪਾਤੜਾਂ) ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਜਿਸ ਵਿਚ ਹੋਰਨਾਂ ਸਖ਼ਸ਼ੀਅਤਾਂ ਤੋਂ ਇਲਾਵਾ ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਉਚੇਚੇ ਤੌਰ ਤੇ ਸੰਗਤਾਂ ਵਿਚ ਹਾਜ਼ਰ ਹੋਏ।

# ਸ਼ਹੀਦ ਸਤਵੰਤ ਸਿੰਘ ਕਾਲੇਕਾ

**ਡਾ. ਗੁਰਮੀਤ ਸਿੰਘ ਸਿੱਧੂ**
**ਮੁੱਖੀ ਧਰਮ ਅਧਿਐਨ ਵਿਭਾਗ,**
**ਪੰਜਾਬੀ ਯੂਨੀਵਰਸਿਟੀ, ਪਟਿਆਲਾ**

ਅਮਰੀਕਾ ਦੇ ਵਿਸਕਾਨਸਿਨ ਸਟੇਟ ਦੇ ਮਿਲਵਾਕੀ ਇਲਾਕੇ ਵਿਚ ਓਕ ਕਰੀਕ ਵਿਖੇ 5 ਅਗਸਤ 2012 ਨੂੰ ਐਤਵਾਰ ਵਾਲੇ ਦਿਨ ਗੁਰਦੁਆਰਾ ਸਾਹਿਬ ਵਿਚ ਹਾਜ਼ਰ ਸਿੱਖਾਂ ਨੂੰ ਇਹ ਚਿਤ ਚੇਤਾ ਵੀ ਨਹੀਂ ਸੀ ਕਿ ਕੋਈ ਸਿਰਫਿਰਿਆ ਵਿਅਕਤੀ ਉਹਨਾਂ 'ਤੇ ਅਚਾਨਕ ਹਮਲਾ ਕਰ ਦੇਵੇਗਾ। ਮਾਈਕਲ ਪੇਜ ਨਾਂ ਦੇ ਜਨੂੰਨੀ ਸਾਬਕਾ ਫੌਜੀ ਵੱਲੋਂ ਕੀਤੀ ਅੰਧਾ-ਧੁੰਦ ਫਾਇਰਿੰਗ ਨਾਲ ਛੇ ਸ਼ਰਧਾਲੂਆਂ ਨੂੰ ਮੌਤ ਦੇ ਘਾਟ ਉਤਾਰਨ ਅਤੇ ਅੱਧਾ ਦਰਜਨ ਲੋਕਾਂ ਨੂੰ ਜ਼ਖਮੀ ਕਰਨ ਦੀ ਘਿਨਾਉਣੀ ਘਟਨਾ ਦੀ ਅਮਰੀਕਾ ਵਿਚ ਵੱਡੇ ਪੱਧਰ 'ਤੇ ਨਿੰਦਾ ਹੋਈ ਹੈ। ਇਹ ਘਟਨਾ ਸਧਾਰਨ ਨਹੀਂ ਸੀ। ਇਸ ਤੋਂ ਬਹੁਤ ਕੀਮਤੀ ਸਬਕ ਗ੍ਰਹਿਣ ਕੀਤੇ ਜਾ ਸਕਦੇ ਹਨ। ਪਹਿਲਾਂ ਇਹ ਕਿ ਕਲਯੁੱਗ ਵਿਚ ਮਨੁੱਖ ਧਰਮ ਤੋਂ ਪਾਸੇ ਜਾ ਕੇ ਹਿੰਸਾ ਦੇ ਰਾਹ ਤੁਰਿਆ ਜਾ ਰਿਹਾ ਹੈ। ਮਨੁੱਖੀ ਹਿੰਸਾ ਕਿਵੇਂ ਰੋਕੀ ਜਾਵੇ ਇਸ ਸਬੰਧੀ ਦੁਨੀਆਂ ਭਰ ਦੇ ਲੋਕ ਚਿੰਤਤ ਹਨ। ਹਿੰਸਾ ਦਾ ਮੁਕਾਬਲਾ ਕਰਨ ਲਈ ਗੁਰਮਤਿ ਮਾਰਗ ਦੁਨੀਆਂ ਲਈ ਪਥ-ਪ੍ਰਦਰਸ਼ਕ ਹੋ ਸਕਦਾ ਹੈ। ਗੁਰੂ ਦੇ ਸਿੱਖ ਹਿੰਸਾ ਨਹੀਂ ਕਰਦੇ ਬਲਕਿ ਹਿੰਸਾ ਨੂੰ ਰੋਕਣ ਲਈ ਆਪਣੀਆਂ ਜਾਨਾਂ ਕੁਰਬਾਨ ਕਰ ਦਿੰਦੇ ਹਨ। ਮਨੁੱਖੀ ਹਿੰਸਾ ਤੋਂ ਇਲਾਵਾ ਜਦੋਂ ਕਿਸੇ ਗੁਰਧਾਮ 'ਤੇ ਹਮਲਾ ਹੁੰਦਾ ਹੈ ਤਾਂ ਸਿੱਖ ਹਿੱਕਾਂ ਡਾਹ ਕੇ ਖੜ੍ਹਦੇ ਹਨ।

ਅਮਰੀਕਾ ਵਿਚ ਸਿੱਖ ਸੰਗਤ 'ਤੇ ਹੋਏ ਇਸ ਅਚਨਚੇਤੀ ਹਮਲੇ ਦਾ ਸਿੱਖ ਸੰਗਤ ਨੇ ਗੁਰੂ ਦੇ ਓਟ ਆਸਰੇ ਨਾਲ ਮੁਕਾਬਲਾ ਕੀਤਾ। ਉਸ ਹਮਲਾਵਰ ਦਾ ਸਾਹਮਣਾ ਕਰਨ ਲਈ ਭਾਈ ਸਤਵੰਤ ਸਿੰਘ ਕਾਲੇਕਾ ਅੱਗੇ ਆਏ। ਉਹਨਾਂ ਨੇ ਸੰਗਤ ਨੂੰ ਸੁਰੱਖਿਅਤ ਥਾਵਾਂ ਵੱਲ ਪਹੁੰਚਾਉਣ ਵਿਚ ਮੱਦਦ ਕੀਤੀ। ਜੇਕਰ ਉਹ ਆਪ ਅੱਗੇ ਨਾ ਆਉਂਦੇ ਤਾਂ ਸਿੱਖ ਸੰਗਤ ਦਾ ਹੋਰ ਨੁਕਸਾਨ ਹੋ ਜਾਣਾ ਸੀ।

ਦੂਸਰੇ ਪਾਸੇ ਨਿਹੱਥੀ ਸਿੱਖ ਸੰਗਤ ਨੇ ਬਹਾਦਰੀ ਅਤੇ ਸਬਰ ਦਾ ਸਬੂਤ ਦਿੰਦਿਆਂ ਹਮਲਾਵਰ ਦਾ ਸਾਹਮਣਾ ਕੀਤਾ। ਭਾਈ ਸਤਵੰਤ ਸਿੰਘ ਕਾਲੇਕਾ ਨੇ ਆਪਣੀ ਜਾਨ ਦੀ ਪ੍ਰਵਾਹ ਨਾ ਕਰਦਿਆਂ ਹਮਲਾਵਰ ਨੂੰ ਰੋਕਣ ਦਾ ਯਤਨ ਕੀਤਾ ਅਤੇ ਉਸ ਨੇ ਆਪਣੀ ਜਾਨ ਦੇ ਕੇ ਕਈ ਮਨੁੱਖੀ ਜਾਨਾਂ ਨੂੰ ਬਚਾਇਆ। ਗੁਰਦੁਆਰੇ 'ਤੇ

ਇਸ ਹਮਲੇ ਤੋਂ ਇਹ ਪਤਾ ਲੱਗਦਾ ਹੈ ਕਿ ਅਮਰੀਕਾ ਵਿਚ ਅੱਜ ਵੀ ਸਿੱਖ ਪਛਾਣ ਪ੍ਰਤੀ ਲੋਕਾਂ ਦੇ ਮਨਾ ਵਿਚ ਗਲਤ ਫਹਿਮੀਆਂ ਹਨ। ਸਿੱਖ ਸਰਬਸਾਂਝਾ ਧਰਮ ਹੈ। ਸਿੱਖੀ ਦੀ ਨਿਆਰੀ ਪਛਾਣ ਹੈ। ਦੁਨੀਆਂ ਵਿਚ ਸਿੱਖਾਂ ਦੀ ਆਬਾਦੀ ਘੱਟ ਹੋਣ ਕਰਕੇ ਬਹੁਤ ਘੱਟ ਲੋਕ ਇਹਨਾਂ ਬਾਰੇ ਜਾਣਦੇ ਹਨ। ਸਿੱਖ ਬੁਧੀਜੀਵੀਆਂ ਦਾ ਫਰਜ਼ ਬਣਦਾ ਸੀ ਕਿ ਸਿੱਖ ਪਛਾਣ ਬਾਰੇ ਦੁਨੀਆਂ ਵਿਚ ਪ੍ਰਚਾਰ ਕੀਤਾ ਜਾਂਦਾ। ਸਿੱਖੀ ਦੇ ਉਚਿਤ ਪ੍ਰਚਾਰ ਦੀ ਘਾਟ ਕਰਕੇ ਵਿਦੇਸ਼ਾਂ ਵਿਚ ਰਹਿੰਦੇ ਸਿੱਖਾਂ ਨੂੰ ਅਨੇਕਾਂ ਪ੍ਰਕਾਰ ਦੀਆਂ ਚੁਣੌਤੀਆਂ ਵਿਚੋਂ ਗੁਜ਼ਰਨਾ ਪੈਂਦਾ ਹੈ। ਹਵਾਈ ਅੱਡਿਆਂ ਤੇ ਖੱਜਲ-ਖੁਆਰੀ, ਨੌਕਰੀਆਂ ਲੈਣ ਵਿਚ ਮੁਸ਼ਕਿਲ, ਕੇਸ ਅਤੇ ਦਸਤਾਰ ਸਬੰਧੀ ਹੁੰਦੇ ਅਨੇਕਾਂ ਤਰ੍ਹਾਂ ਦੇ ਪ੍ਰਸ਼ਨਾਂ ਦੇ ਉੱਤਰ ਦੇਣੇ। ਸਿੱਖਾਂ ਨੂੰ ਵਿਦੇਸ਼ੀ ਧਰਤੀ 'ਤੇ ਹੋਰ ਵੀ ਵਿਤਕਰਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਗੁਰਦੁਆਰਾ ਸਿੱਖਾਂ ਦਾ ਘਰ ਹੈ, ਜੇਕਰ ਅਮਰੀਕਾ ਵਿਚ ਵੱਸਦੇ ਸਿੱਖ ਆਪਣੇ ਗੁਰੂ ਘਰ ਵਿਚ ਹੀ ਸੁਰੱਖਿਅਤ ਨਹੀਂ ਹਨ ਤਾਂ ਬਾਹਰ ਇਹਨਾਂ ਨਾਲ ਕੀ ਬੀਤਦੀ ਹੋਵੇਗੀ? ਇਸ ਦਾ ਅੰਦਾਜਾ ਪਾਠਕ ਖੁੱਦ ਲਗਾ ਸਕਦੇ ਹਨ। ਗੁਰਦੁਆਰਾ ਸਾਹਿਬ 'ਤੇ ਹੋਏ ਇਸ ਹਮਲੇ ਨੇ ਦੁਨੀਆਂ ਭਰ ਦੇ ਸਿੱਖਾਂ ਨੂੰ ਇਕ ਵਾਰ ਫਿਰ ਸਹਿਮ ਅਤੇ ਚਿੰਤਾ ਵਿਚ ਪਾ ਦਿੱਤਾ ਹੈ। ਇਸ ਹਮਲੇ ਨਾਲ ਸਿੱਖਾਂ ਦੀ ਸੁਰੱਖਿਆ ਅਤੇ ਵਿਸ਼ਵ ਭਰ ਵਿਚ ਵੱਖ-ਵੱਖ ਧਰਮਾਂ ਖਾਸ ਕਰਕੇ ਧਾਰਮਿਕ ਘੱਟ ਗਿਣਤੀਆਂ ਦੀ ਅਜ਼ਾਦੀ ਨਾਲ ਜੁੜੇ ਅਨੇਕਾਂ ਪ੍ਰਸ਼ਨ ਮੁੜ ਖੜ੍ਹੇ ਹੋ ਗਏ ਹਨ।

ਦੁਨੀਆਂ ਦੀ ਸਭ ਤੋਂ ਵੱਡੀ ਤਾਕਤ ਸਮਝੇ ਜਾਂਦੇ ਮੁਲਕ ਅਮਰੀਕਾ ਵਿਚ ਇਕ ਛੋਟੇ ਧਰਮ ਦੀ ਪ੍ਰਮੁੱਖ ਸੰਸਥਾ ਗੁਰਦੁਆਰਾ ਸਾਹਿਬ 'ਤੇ ਹੋਏ ਇਸ ਹਮਲੇ ਤੋਂ ਇਹ ਪਤਾ ਚੱਲਦਾ ਹੈ ਕਿ ਅਜ਼ਾਦੀ ਦਾ ਦਾਅਵੇਦਾਰ ਕਹਾਉਣਾ ਕੀ ਹੈ? ਅਮਰੀਕਾ ਵਰਗੇ ਲੋਕਤੰਤਰੀ ਮੁਲਕ ਵਿਚ ਵਾਪਰੀ ਇਹ ਘਟਨਾ ਧਾਰਮਿਕ ਸਹਿ-ਹੋਂਦ ਲਈ ਵੱਡੀ ਚੁਣੌਤੀ ਹੈ। ਇਸ ਹਮਲੇ ਨੂੰ ਇਕ ਵਿਅਕਤੀ ਦੀ ਬਿਮਾਰ ਮਾਨਸਿਕਤਾ ਦਾ ਨਤੀਜਾ ਕਹਿ ਕੇ ਸਿੱਖ ਪਛਾਣ ਦੇ ਮਸਲੇ ਨੂੰ ਗੰਭੀਰਤਾਂ ਨਾਲ ਵਿਚਾਰਨ ਤੋਂ ਟਾਲਾ ਨਹੀਂ ਵਟਿਆ ਜਾ ਸਕਦਾ। ਇਹ ਗੱਲ ਤਾਂ ਮੰਨੀ ਜਾ ਸਕਦੀ ਹੈ ਕਿ ਇਹ ਕੋਈ ਅੱਤਵਾਦੀ ਹਮਲਾ ਨਹੀਂ ਸੀ ਪਰ ਇਸ ਨੂੰ ਆਮ ਜਾਂ ਸਧਾਰਨ ਵਰਤਾਰਾ ਵੀ ਨਹੀਂ ਕਿਹਾ ਜਾ ਸਕਦਾ। ਇਸ ਘਟਨਾ ਨਾਲ ਸਬੰਧਿਤ ਧਾਰਮਿਕ, ਮਾਨਸਿਕ ਅਤੇ ਰਾਜਨੀਤਕ ਕਾਰਣਾਂ ਦੀ ਤਹਿ ਤੱਕ ਜਾਣ ਦੀ ਲੋੜ ਹੈ ਤਾਂ ਕਿ ਲੋਕਾਂ ਦੇ ਭਵਿੱਖ ਨੂੰ ਸੁਰੱਖਿਅਤ ਬਣਾਇਆ ਜਾ ਸਕੇ।

ਇਸ ਘਟਨਾ ਦੇ ਦੁਨੀਆ ਭਰ ਵਿਚ ਜਮਹੂਰੀਅਤ ਦਾ ਦਾਅਵੇਦਾਰ ਕਹਾਉਣ ਵਾਲੇ ਵੱਡੇ ਮੁਲਕ ਦੀ ਅਖੌਤੀ ਕਾਨੂੰਨੀ ਜਮਹੂਰੀਅਤ ਦੇ ਚਿਹਰੇ ਪਿਛੇ ਪਨਪ ਰਹੇ ਜਨੂੰਨ ਅਤੇ ਤੁਅਸਬ ਨੂੰ ਨਾ ਕੇਵਲ ਬੇਪਰਦਾ ਕੀਤਾ ਹੈ ਬਲਕਿ ਇਸ ਘਟਨਾ ਦੇ ਵਾਪਰਨ ਤੋਂ ਪਹਿਲਾਂ ਹੀ ਅਸੁਰੱਖਿਆ ਵਿਚ ਰਹਿ ਰਹੇ ਸਿੱਖ ਭਾਈਚਾਰੇ

ਵਿਚ ਹੋਰ ਬੇਯਕੀਨੀ ਪੈਦਾ ਕੀਤੀ ਹੈ। ਅਖਬਾਰਾਂ ਦੀਆਂ ਖਬਰਾਂ ਦੱਸਦੀਆਂ ਹਨ ਕਿ ਹਮਲਾਵਰ ਨੇ ਆਪਣੇ ਸਰੀਰ ਉਤੇ 9/11 ਦਾ ਇਕ ਟੈਟੂ ਬਣਾਇਆ ਹੋਇਆ ਸੀ। ਬੇਸ਼ਕ 9/11 ਦਾ ਹਮਲਾ ਅਮਰੀਕਾ ਲਈ ਵੱਡਾ ਤੇ ਗੰਭੀਰ ਹਮਲਾ ਸੀ। ਵਰਲਡ ਟਰੇਡ ਸੈਂਟਰ 'ਤੇ ਹਮਲਾ ਹੋ ਜਾਣਾ ਅਮਰੀਕਾ ਦੇ ਵਸਨੀਕਾਂ ਦੇ ਮਨਾਂ ਵਿਚ ਖੌਫ ਤੇ ਡਰ ਪੈਦਾ ਕਰ ਰਿਹਾ ਹੈ। ਸੱਭਿਅਕ ਮੁਲਕਾਂ ਵਿਚ ਮਨੁੱਖੀ ਜੀਵਨ ਸੁਰੱਖਿਅਤ ਨਹੀਂ ਹੈ। ਕਿਸੇ ਨੂੰ ਕੋਈ ਪਤਾ ਨਹੀਂ ਕਿ ਉਸ 'ਤੇ ਕਦੋਂ ਹਮਲਾ ਹੋ ਸਕਦਾ ਹੈ। ਘਰ ਤੋਂ ਬਾਹਰ ਗਏ ਵਿਅਕਤੀ ਦਾ ਸੁਰੱਖਿਅਤ ਵਾਪਸ ਘਰ ਪਰਤ ਆਉਣਾ ਜੇਕਰ ਯਕੀਨੀ ਨਹੀਂ ਬਣ ਸਕਿਆ ਤਾਂ ਇਸ ਤੋਂ ਅੰਦਾਜਾ ਲੱਗ ਸਕਦਾ ਹੈ ਕਿ ਵਿਸ਼ਵ ਸੱਭਿਅਤਾ ਨੇ ਕਿਸ ਤਰ੍ਹਾਂ ਦੀ ਤਰੱਕੀ ਕੀਤੀ ਹੈ। ਅੱਜ ਦੇ ਮਨੁੱਖ ਕੋਲ ਅਨੇਕਾਂ ਸੁੱਖ-ਸਹੂਲਤਾਂ ਹਨ ਪਰੰਤੂ ਜੀਵਨ ਵਿਚ ਸ਼ਾਂਤੀ ਨਹੀਂ ਹੈ। ਜਿਸ ਤਰ੍ਹਾਂ ਨਾਲ ਇਕ ਅਸ਼ਾਂਤ ਅਮਰੀਕੀ ਨੇ ਗੁਰਦੁਆਰੇ 'ਤੇ ਹਮਲਾ ਕੀਤਾ ਉਸ ਤੋਂ ਇਹ ਅੰਦਾਜਾ ਲੱਗਦਾ ਹੈ ਕਿ ਕਿਸੇ ਸੋਚੀ ਸਮਝੀ ਸਾਜ਼ਿਸ਼ ਅਧੀਨ ਨਹੀਂ ਕੀਤਾ ਗਿਆ ਹੈ ਪਰੰਤੂ ਗੁਰਦੁਆਰੇ ਉਤੇ ਕੀਤੇ ਇਸ ਹਮਲੇ ਦੀਆਂ ਤੰਦਾਂ ਨੂੰ 9/11 ਦੀ ਘਟਨਾ ਨਾਲ ਜੋੜ ਕੇ ਵੇਖਿਆ ਤਾਂ ਸਾਡੀ ਖਾਸ ਕਰਕੇ ਸਿੱਖਾਂ ਦੀ ਚਿੰਤਾ ਹੋਰ ਵੀ ਵੱਧ ਜਾਂਦੀ ਹੈ। 9/11 ਦਾ ਹਮਲਾ ਬਹੁਤ ਮੰਦਭਾਗਾ ਸੀ ਪਰ ਇਸ ਦਾ ਬਦਲਾ ਲੈਣ ਲਈ ਨਿਰਦੋਸ਼ ਲੋਕਾਂ ਨੂੰ ਨਿਸ਼ਾਨਾ ਬਣਾਉਣਾ ਉਸ ਨਾਲੋਂ ਵੀ ਮੰਦਭਾਗਾ ਹੈ। 9/11 ਘਟਨਾ ਤੋਂ ਪਿਛੋਂ ਅਮਰੀਕਾ ਵਿਚ ਰਹਿੰਦੇ ਸਿੱਖਾਂ ਨੂੰ ਉਥੋਂ ਦੀ ਬਹੁ-ਗਿਣਤੀ ਅਬਾਦੀ ਦੇ ਲੋਕ ਨਫਰਤ ਭਰੀਆਂ ਨਜ਼ਰਾਂ ਨਾਲ ਵੇਖਣ ਲੱਗੇ ਹਨ। ਸਿੱਖਾਂ ਪ੍ਰਤੀ ਗੋਰਿਆਂ ਦੀ ਨਫਰਤ ਦੇ ਦੋ ਵੱਡੇ ਕਾਰਣ ਹਨ। ਪਹਿਲਾਂ ਇਹ ਕਿ ਅਮਰੀਕਾ ਆਪਣੀ ਜਮਹੂਰੀਅਤ ਦਾ ਕੇਵਲ ਪ੍ਰਚਾਰ ਹੀ ਕਰ ਰਿਹਾ ਹੈ ਜਦੋਂ ਕਿ ਉਥੋਂ ਦੇ ਲੋਕਾਂ ਵਿਚ ਸਹਿਣਸ਼ੀਲਤਾ ਅਤੇ ਧਾਰਮਿਕ ਸਹਿ-ਹੋਂਦ ਦੀ ਘਾਟ ਹੈ। ਇਸ ਮੁਲਕ ਦੇ ਲੋਕਾਂ ਵਿਚ ਆਪਣੀ ਤਾਕਤ ਦਾ ਹੰਕਾਰ ਹੋਣ ਕਰਕੇ ਇਹ 9/11 ਦੇ ਹਮਲੇ ਦੇ ਸਦਮੇ ਵਿਚੋਂ ਬਾਹਰ ਨਹੀਂ ਨਿਕਲ ਸਕੇ। ਇਸੇ ਕਰਕੇ ਇਹਨਾਂ ਨੂੰ ਹਰ ਪਗੜੀਧਾਰੀ ਹਮਲਾਵਰ ਹੀ ਨਜ਼ਰ ਆਉਂਦਾ ਹੈ। ਸਿੱਖਾਂ ਪ੍ਰਤੀ ਗੋਰਿਆਂ ਦੀ ਨਫਰਤ ਦਾ ਇਕ ਕਾਰਣ ਇਹ ਵੀ ਬਣ ਜਾਂਦਾ ਹੈ ਕਿ ਇਹ ਸਿੱਖਾਂ ਦੇ ਧਰਮ ਅਤੇ ਇਸ ਦੀ ਵਿਲੱਖਣ ਪਛਾਣ ਤੋਂ ਅਨਜਾਣ ਹਨ। 9/11 ਦੀ ਮੰਦਭਾਗੀ ਘਟਨਾ ਤੋਂ ਤੁਰੰਤ ਪਿਛੋਂ ਬਲਵੀਰ ਸਿੰਘ ਸੋਢੀ ਨੂੰ ਅਰਬੀ ਸਮਝ ਕੇ ਇਕ ਗੋਰੇ ਨੇ ਗੋਲੀ ਚਲਾ ਕੇ ਮਾਰ ਦਿੱਤਾ ਸੀ। ਇਸ ਤੋਂ ਇਕ ਸਾਲ ਪਿਛੋਂ ਉਸ ਦੇ ਦੂਸਰੇ ਭਰਾ ਸੁਖਪਾਲ ਨੂੰ 4 ਅਗਸਤ 2002 ਨੂੰ ਸ਼ਰ੍ਹੇਆਮ ਮਾਰ ਦਿੱਤਾ ਗਿਆ ਸੀ ਅਤੇ ਮਾਰਨ ਵਾਲਾ ਅੱਜ ਤੱਕ ਪਕੜਿਆ ਨਹੀਂ ਗਿਆ। ਇਸ ਤਰ੍ਹਾਂ ਦੇ ਹਮਲਿਆਂ ਤੋਂ ਇਹ ਪਤਾ ਚੱਲਦਾ ਹੈ ਕਿ ਹਮਲਾਵਰ ਮਾਨਸਿਕ ਰੋਗੀ ਹੀ ਨਹੀਂ ਬਲਕਿ ਉਹ ਆਪਣੇ ਨਸਲੀ ਤੁਅਸਬ ਕਰਕੇ ਨਿਰਦੋਸ਼ ਸਿੱਖਾਂ 'ਤੇ ਹਮਲੇ ਕਰਦੇ ਹਨ।

ਅਮਰੀਕਾ ਵਿਚ ਸਿੱਖਾਂ 'ਤੇ ਹਮਲੇ ਕਰਨ ਵਾਲੇ ਅਤੇ ਇਹਨਾਂ ਨੂੰ ਈਰਖਾ ਭਰੀਆਂ ਨਜ਼ਰਾਂ ਨਾਲ ਵੇਖਣ ਵਾਲੇ ਲੋਕਾਂ ਦੀ ਮਾਨਸਿਕਤਾ ਤੋਂ ਇਹ ਅੰਦਾਜਾ ਲੱਗਦਾ ਹੈ ਕਿ ਵਿਦੇਸ਼ਾਂ ਖਾਸ ਕਰਕੇ ਅਮਰੀਕਾ ਵਿਚ ਰਹਿੰਦੇ ਸਿੱਖ ਸੁਰੱਖਿਅਤ ਨਹੀਂ ਹਨ। ਸਿੱਖਾਂ ਨੂੰ ਆਪਣੀ ਰੱਖਿਆ ਕਰਨ ਲਈ ਦੁਨੀਆਂ ਨੂੰ ਇਹ ਦੱਸਣਾ ਪਵੇਗਾ ਕਿ ਸਿੱਖ ਕੌਣ ਹਨ। ਸਿੱਖ ਅਬਾਦੀ ਅਤੇ ਰਾਜਨੀਤਕ ਤਾਕਤ ਪੱਖੋਂ ਛੋਟੇ ਹੋਣ ਕਰਕੇ ਵਿਸ਼ਵ ਦੇ ਨਕਸ਼ੇ 'ਤੇ ਘੱਟ ਨਜ਼ਰ ਆਉਂਦੇ ਹਨ। ਇਸ ਤੋਂ ਇਲਾਵਾ ਇਹਨਾਂ ਦੇ ਸਿਧਾਂਤ ਅਤੇ ਗੌਰਵਮਈ ਇਤਿਹਾਸ ਬਾਰੇ ਦੁਨੀਆਂ ਦੇ ਬਹੁਤ ਘੱਟ ਲੋਕ ਜਾਣਦੇ ਹਨ। ਬਲਵੀਰ ਸਿੰਘ ਸੋਢੀ ਦੇ ਕਤਲ ਤੋਂ ਪਿਛੋਂ ਅਮਰੀਕਾ ਦੇ ਵਸਨੀਕ ਸਿੱਖਾਂ ਨੇ ਵੱਡੇ ਪੱਧਰ 'ਤੇ ਪ੍ਰਚਾਰ ਕੀਤਾ ਸੀ ਕਿ ਸਿੱਖਾਂ ਦੀ ਆਪਣੀ ਵਿਲੱਖਣ ਪਛਾਣ ਹੈ। ਇਹ ਪ੍ਰਚਾਰ 9/11 ਦੀ ਘਟਨਾ ਦੇ ਵਾਪਰਨ ਉਪਰੰਤ ਕੀਤਾ ਗਿਆ ਸੀ। ਇਸ ਪ੍ਰਚਾਰ ਦਾ ਇਹ ਲਾਭ ਹੋਇਆ ਕਿ ਓਕ ਕਰੀਰ ਗੁਰਦੁਆਰੇ ਦੇ ਹਮਲੇ ਤੋਂ ਪਿੱਛੋਂ ਅਮਰੀਕਾ ਦੀ ਸਰਕਾਰ ਨੇ ਸੋਗ ਮਨਾਇਆ ਅਤੇ ਝੰਡੇ ਨੂੰ ਨੀਵਾਂ ਕੀਤਾ। ਅਮਰੀਕਾ ਦੀ ਸਰਕਾਰ ਤੱਕ ਸਿੱਖਾਂ ਦੀ ਗੱਲ ਪਹੁੰਚ ਗਈ, ਸਿੱਖਾਂ ਦਾ ਵਫਦ ਅਮਰੀਕਾ ਦੇ ਰਾਸ਼ਟਰਪਤੀ ਨੂੰ ਮਿਲਿਆ, ਇਹ ਸਿੱਖਾਂ ਦੀ ਅਹਿਮ ਪ੍ਰਾਪਤੀ ਹੈ। ਜਿਵੇਂ ਕਹਿੰਦੇ ਹਨ ਕਿ ਸੱਟ ਲੱਗਣ ਤੇ ਹੀ ਪੱਟੀ ਬੰਨ੍ਹੀ ਜਾਂਦੀ ਹੈ। ਜਦੋਂ ਇਹ ਘਟਨਾ ਵਾਪਰੀ ਉਸ ਸਮੇਂ ਤੋਂ ਪਿੱਛੋਂ ਵਿਸ਼ੇਸ਼ ਕਰਕੇ ਸ. ਸਤਵੰਤ ਸਿੰਘ ਕਾਲੇਕਾ ਦੇ ਭੋਗ ਸਮਾਗਮ ਤੱਕ ਸਿੱਖਾਂ ਨੂੰ ਆਪਣੀ ਪਛਾਣ ਦੀ ਚਿੰਤਾ ਰਹੀ ਫਿਰ ਕੁਲ ਸਮੇਂ ਵਿਚ ਗੱਲ ਉਥੇ ਹੀ ਰੁੱਕ ਗਈ। ਇਸ ਤੋਂ ਪਿਛੋਂ ਸਿੱਖ ਇਸ ਪ੍ਰਚਾਰ ਨੂੰ ਜਾਰੀ ਨਹੀਂ ਰੱਖ ਸਕੇ, ਜਦੋਂ ਕਿ ਅਜਿਹੇ ਪ੍ਰਚਾਰ ਨੂੰ ਅਗਾਂਹ ਤੋਰਨ ਦੀ ਜ਼ਰੂਰਤ ਹੈ।

ਸਿੱਖਾਂ ਦੀ ਨਿਆਰੀ ਪਛਾਣ ਬਾਰੇ ਦੁਨੀਆਂ ਨੂੰ ਇਹ ਦੱਸਣ ਦੀ ਲੋੜ ਹੈ। ਪ੍ਰੰਤੂ ਸਿੱਖਾਂ ਅਤੇ ਇਹਨਾਂ ਦੀ ਲੀਡਰਸ਼ਿਪ ਨੂੰ ਇਸ ਮਸਲੇ ਦੀ ਅਹਿਮੀਅਤ ਘੱਟ ਨਜ਼ਰ ਆ ਰਹੀ ਹੈ। ਸਿੱਖਾਂ ਬਾਰੇ ਇਹ ਤੱਥ ਮਸ਼ਹੂਰ ਹੈ ਕਿ ਦੁਨੀਆ ਦੇ ਜਿਸ ਕੋਨੇ ਵਿਚ ਜਿਥੇ ਵੀ ਇਹ ਜਾਂਦੇ ਹਨ ਸਭ ਤੋਂ ਪਹਿਲਾਂ ਉਥੇ ਗੁਰਦੁਆਰਾ ਉਸਾਰਦੇ ਹਨ। ਸਿੱਖ ਬਹੁਤ ਸੋਹਣੇ ਅਤੇ ਸ਼ਾਨਦਾਰ ਗੁਰਦੁਆਰੇ ਬਣਾਉਣ ਲੱਗੇ ਹਨ ਅਤੇ ਇਹਨਾਂ ਦਾ ਪ੍ਰਬੰਧ ਵੀ ਬਹੁਤ ਚੰਗਾ ਕਰ ਲੈਂਦੇ ਹਨ। ਗੁਰਦੁਆਰਿਆਂ ਦੀ ਉਸਾਰੀ ਅਤੇ ਇਹਨਾਂ ਦੇ ਪ੍ਰਬੰਧ ਨੂੰ ਚਲਾਉਣਾ ਬਹੁਤ ਵੱਡਾ ਅਤੇ ਚੰਗਾ ਕਾਰਜ ਹੈ ਪਰ ਇਸ ਦੇ ਨਾਲ ਸਿੱਖਾਂ ਨੂੰ ਇਕੱਠੇ ਹੋਣ ਅਤੇ ਆਪਣੀਆਂ ਧਾਰਮਿਕ ਕਿਰਿਆਵਾਂ ਖਾਸ ਕਰਕੇ ਸੇਵਾ ਕਰਨ ਦਾ ਮੌਕਾ ਮਿਲ ਜਾਂਦਾ ਹੈ। ਗੁਰਦੁਆਰਾ ਸੰਸਥਾ (ਜਿਸ ਦੀ ਨੀਂਹ ਗੁਰੂ ਨਾਨਕ ਸਾਹਿਬ ਨੇ ਰੱਖੀ ਸੀ) ਕਰਕੇ ਸਿੱਖ ਦੁਨੀਆਂ ਭਰ ਵਿਚ ਚੜ੍ਹਦੀ ਕਲਾ ਵਿਚ ਰਹਿ ਰਹੇ ਹਨ। ਗੁਰਦੁਆਰੇ ਵਿਚ ਸਿੱਖ, ਸਿੱਖਾਂ ਲਈ ਪ੍ਰਚਾਰ ਕਰਦੇ ਹਨ। ਸਿੱਖ ਪ੍ਰਚਾਰ ਨੂੰ ਹੋਰ ਵਿਸ਼ਾਲ ਰੂਪ ਦੇਣਾ ਚਾਹੀਦਾ ਹੈ।

ਅੱਜ ਸਿੱਖ ਦੁਨੀਆਂ ਦੇ ਹਰ ਕੋਨੇ ਵਿਚ ਰਹਿ ਰਹੇ ਹਨ। ਸੁਭਾਵਿਕ ਹੀ ਹੈ ਕਿ ਜਿਥੇ ਇਹ ਜਾਂਦੇ ਹਨ ਉਥੋਂ ਦੇ ਲੋਕ ਇਹਨਾਂ ਬਾਰੇ ਜਾਣਨ ਲਈ ਉਤਸੁਕ ਹੁੰਦੇ ਹਨ। ਇਸ ਕਰਕੇ ਇਹਨਾਂ ਨੂੰ ਆਪਣੀ ਪਛਾਣ ਬਾਰੇ ਦੂਸਰੇ ਧਰਮਾਂ ਦੇ ਲੋਕਾਂ ਨੂੰ ਦੱਸਣਾ ਚਾਹੀਦਾ ਹੈ। ਸਾਨੂੰ ਇਹ ਤੱਥ ਸਵੀਕਾਰ ਕਰਨ ਵਿਚ ਕੋਈ ਝਿਜਕ ਨਹੀਂ ਹੈ ਕਿ ਖ਼ੁੱਦ ਸਿੱਖ ਵੀ ਆਪਣੀ ਪਛਾਣ ਤੇ ਵਿਲੱਖਣ ਗੁਣਾਂ ਤੋਂ ਅਨਜਾਣ ਅਤੇ ਅਵੇਸਲੇ ਹਨ। ਦੁਨੀਆਂ ਦੀਆਂ ਧਾਰਮਿਕ ਪਰੰਪਰਾਵਾਂ ਵਿਚ ਸਿੱਖਾਂ ਦਾ ਸਥਾਨ ਨਿਰਧਾਰਤ ਕਰਨ ਲਈ ਸਿੱਖ ਵਿਦਵਾਨਾਂ ਵਿਸ਼ੇਸ਼ ਕਰਕੇ ਇਤਿਹਾਸਕਾਰਾਂ ਨੇ ਕਿੰਤੂ-ਪ੍ਰੰਤੂ ਵਧੇਰੇ ਕੀਤੇ ਹਨ। ਸਿੱਖ ਪਰੰਪਰਾ ਦੀ ਲੋੜ ਮੁਤਾਬਿਕ ਇਹਨਾਂ ਨੇ ਬਹੁਤ ਘੱਟ ਕੰਮ ਕੀਤਾ ਹੈ। ਇਸ ਤਰ੍ਹਾਂ ਅੰਤਰ ਧਰਮ ਸੰਵਾਦ ਦੇ ਖੇਤਰ ਵਿਚ ਵੀ ਸਿੱਖ ਅਕਾਦਮਿਕ ਪੱਖੋਂ ਪਛੜੇ ਹੋਏ ਹਨ। ਸਿੱਖ ਅੰਤਰ-ਧਰਮ ਸੰਵਾਦ (inter faith dialogue) ਰਾਹੀਂ ਆਪਣੀ ਗੱਲ ਵਿਸ਼ਵ ਭਰ ਤੱਕ ਪਹੁੰਚਾ ਸਕਦੇ ਹਨ। ਸੰਵਾਦ ਲਈ ਇਹ ਜ਼ਰੂਰੀ ਸ਼ਰਤ ਹੁੰਦੀ ਹੈ ਕਿ ਜਿਹਨਾਂ ਨਾਲ ਸੰਵਾਦ ਰਚਾਉਣਾ ਹੈ ਉਹਨਾਂ ਦੀਆਂ ਟਰਮਾਂ ਵਿਚ ਗੱਲ ਕੀਤੀ ਜਾਵੇ। ਬੇਸ਼ੱਕ ਗੁਰੂ ਨਾਨਕ ਦੇਵ ਜੀ ਨੇ ਉਸ ਸਮੇਂ ਦੇ ਪ੍ਰਮੁੱਖ ਧਰਮਾਂ ਦੇ ਲੋਕਾਂ ਨਾਲ ਸੰਵਾਦ ਰਚਾਇਆ ਸੀ। ਇਸ ਉਦੇਸ਼ ਲਈ ਉਹਨਾਂ ਨੇ ਉਦਾਸੀਆਂ ਕੀਤੀਆਂ। ਉਹ ਜਿਥੇ ਵੀ ਗਏ ਉਥੋਂ ਦੀ ਪਰੰਪਰਾ ਨੂੰ ਸਮਝਿਆ ਅਤੇ ਉਹਨਾਂ ਲੋਕਾਂ ਦੀ ਭਾਸ਼ਾ ਵਿਚ ਗੱਲ ਕੀਤੀ। ਸੰਵਾਦ ਰਚਾਉਂਦਿਆਂ ਉਹਨਾਂ ਨੇ ਕਿਸੇ ਦਾ ਦਿਲ ਨਹੀਂ ਦੁਖਾਇਆ ਪਰੰਤੂ ਉਹਨਾਂ ਦੀ ਗੱਲ ਐਨੀ ਪ੍ਰਭਾਵਸ਼ਾਲੀ ਹੁੰਦੀ ਸੀ ਕਿ ਸੁਣਨ ਵਾਲਾ ਉਹਨਾਂ ਦੇ ਦੈਵੀ ਪ੍ਰਭਾਵ ਵਿਚ ਕੀਲਿਆ ਜਾਂਦਾ ਸੀ। ਅਜੋਕੇ ਸਮੇਂ ਸਿੱਖਾਂ ਨੂੰ ਗੁਰਬਾਣੀ ਤੋਂ ਸਬਕ ਗ੍ਰਹਿਣ ਕਰਕੇ ਆਪਣੇ ਆਪ ਬਾਰੇ ਹੋਰਨਾਂ ਲੋਕਾਂ ਨੂੰ ਜਾਣਕਾਰੀ ਦੇਣੀ ਚਾਹੀਦੀ ਹੈ। ਕਿਸੇ ਹੋਰ ਨੂੰ ਦੋਸ਼ ਦੇਣ ਤੋਂ ਪਹਿਲਾਂ ਸਾਨੂੰ ਆਪਣੀ ਸਥਿਤੀ ਸਮਝ ਲੈਣੀ ਚਾਹੀਦੀ ਹੈ। ਸਿੱਖਾਂ ਨੇ ਵਪਾਰ, ਕਾਰੋਬਾਰ, ਖੇਤੀ ਅਤੇ ਹੋਰਨਾਂ ਖੇਤਰਾਂ ਵਿਚ ਬਹੁਤ ਮੱਲਾਂ ਮਾਰੀਆਂ ਹਨ ਪਰੰਤੂ ਅਕਾਦਮਿਕ ਖੇਤਰ ਵਿਚ ਇਹ ਜ਼ਿਕਰਯੋਗ ਪ੍ਰਾਪਤੀ ਨਹੀਂ ਕਰ ਸਕੇ। ਇਸ ਦੀ ਸਭ ਤੋਂ ਵੱਡੀ ਵਜ੍ਹਾ ਇਹ ਹੈ ਕਿ ਸਿੱਖਾਂ ਨੇ ਸਿੱਖ ਅਧਿਐਨ ਦੇ ਖੇਤਰ ਵਿਚ ਲੋੜੀਂਦੀ ਗੰਭੀਰਤਾ ਨਹੀਂ ਵਿਖਾਈ। ਸਿੱਖ ਧਰਮ ਬਾਰੇ ਜਾਣਕਾਰੀ ਖਾਸ ਕਰਕੇ ਸਿੱਖ ਪਛਾਣ ਬਾਰੇ ਦੁਨੀਆਂ ਨੂੰ ਜਾਣੂ ਕਰਵਾਉਣ ਲਈ ਵਿਸ਼ਵ ਪੱਧਰ ਦੇ ਵਿਦਵਾਨਾਂ ਦੀ ਘਾਟ ਸਾਫ ਨਜ਼ਰ ਆ ਰਹੀ ਹੈ। ਇਸ ਦਾ ਵੱਡਾ ਕਾਰਨ ਇਹ ਹੈ ਕਿ ਸਿੱਖ ਭਾਈਚਾਰੇ ਵਿਚ ਹੁਣ ਵਿਦਵਾਨ ਅਤੇ ਗਿਆਨੀ ਲੋਕਾਂ ਪ੍ਰਤੀ ਸਤਿਕਾਰ ਘੱਟਦਾ ਜਾ ਰਿਹਾ ਹੈ। ਵਿਸ਼ਵ ਪੱਧਰ ’ਤੇ ਸਿੱਖ ਸਿਧਾਂਤਾ ਦਾ ਪ੍ਰਚਾਰ ਅਤੇ ਪ੍ਰਸਾਰ ਕਰਨ ਦੇ ਸਮਰੱਥ ਵਿਦਵਾਨਾਂ ਦੀ ਵੀ ਘਾਟ ਹੈ। ਇਸ ਘਾਟ ਦਾ ਮੁੱਖ ਕਾਰਣ ਇਹ ਹੈ ਕਿ ਸਿੱਖ ਸਿੱਖਿਆ ਵੱਲ ਘੱਟ ਧਿਆਨ ਦਿੰਦੇ ਹਨ। ਸਿੰਘ ਸਭਾ ਲਹਿਰ ਨੇ ਸਿੱਖ ਸੰਸਥਾਵਾਂ ਖੋਲ੍ਹੀਆਂ ਅਤੇ ਸਿੱਖੀ ਪ੍ਰਚਾਰ ਨੂੰ ਅਹਿਮੀਅਤ ਦਿੱਤੀ। ਅੱਜ-ਕੱਲ੍ਹ ਸਿੱਖ ਸੰਸਥਾਵਾਂ

ਹੋਰਨਾਂ ਅਦਾਰਿਆਂ ਦੀ ਤਰ੍ਹਾਂ ਸਿੱਖਿਆ ਦੇ ਵਪਾਰੀਕਰਨ ਦੀ ਭੇਟ ਚੜ੍ਹ ਗਈਆਂ ਹਨ। ਆਮ ਗਰੀਬ ਅਤੇ ਲੋੜਵੰਦ ਸਿੱਖਾਂ ਨੂੰ ਸਿੱਖਿਆ ਨਾਲ ਜੋੜਨ ਲਈ ਉਪਰਾਲੇ ਨਹੀਂ ਹੋ ਰਹੇ। ਸਿੱਖਿਆ ਦੇ ਪਤਨ ਦਾ ਪ੍ਰਭਾਵ ਸਿੱਖਾਂ ਵਿਚੋਂ ਸਿੱਖ ਕਦਰਾਂ-ਕੀਮਤਾਂ ਦੇ ਪਤਨ ਵਿਚ ਹੋ ਰਿਹਾ ਹੈ।

ਗੁਰਮਤਿ ਸਿਧਾਂਤਾਂ ਨੂੰ ਅਜੋਕੇ ਵਿਸ਼ਵ ਸਾਹਮਣੇ ਪੇਸ਼ ਕਰਨਾ ਸਿੱਖਾਂ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਹੈ। ਵਿਸ਼ਵੀਕਰਨ ਦੀ ਪ੍ਰਕ੍ਰਿਆ ਦੇ ਨਾਲ ਸਿੱਖਾਂ ਦਾ ਦੁਨੀਆਂ ਭਰ ਵਿਚ ਫੈਲਾਓ ਸਿੱਖਾਂ ਨੂੰ ਆਪਣੀ ਧਾਰਮਿਕ ਪਛਾਣ ਦੇ ਮੂਲ ਸ੍ਰੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਦੇਸ਼ ਨੂੰ ਅਜੋਕੇ ਪ੍ਰਸੰਗ ਵਿਚ ਸਮਝਣ ਲਈ ਚੇਸ਼ਟਾ ਪੈਦਾ ਕਰ ਰਿਹਾ ਹੈ। ਇਸ ਤੋਂ ਇਲਾਵਾ ਸਿੱਖ ਡਾਇਸਪੋਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਦੇਸ਼ ਨੂੰ ਸਮਝਣ ਲਈ ਨਵੀਆਂ ਦ੍ਰਿਸ਼ਟੀਆਂ ਵੀ ਪੇਸ਼ ਕਰ ਰਿਹਾ ਹੈ। ਸਿੱਖਾਂ ਦੇ ਜੀਵਨ ਅਤੇ ਇਤਿਹਾਸ ਵਿਚ ਇਹ ਵੱਡਾ ਮੌਕਾ ਮੇਲ ਹੈ ਜਦੋਂ ਸਿੱਖ ਭਾਈਚਾਰਾ ਬਹੁਤ ਛੋਟੇ ਸਮੇਂ ਵਿਚ ਹੀ ਦੁਨੀਆਂ ਦੇ ਸਨਮੁੱਖ ਪੇਸ਼ ਹੋ ਰਿਹਾ ਹੈ। ਇਕੋ ਸਮੇਂ ਸਿੱਖਾਂ ਦੀ ਜਨਮ ਭੂਮੀ ਪੰਜਾਬ ਅਤੇ ਵਿਸ਼ਵ ਭਰ ਵਿਚ ਵਾਪਰ ਰਹੇ ਵਿਭਿੰਨ ਪ੍ਰਕਾਰ ਦੇ ਮਸਲੇ ਸਿੱਖ ਲੀਡਰਸ਼ਿਪ ਅਤੇ ਸਿੱਖ ਬੁਧੀਜੀਵੀਆਂ ਲਈ ਨਵੇਂ ਸਵਾਲ ਖੜ੍ਹੇ ਕਰ ਰਹੇ ਹਨ। ਸਿੱਖਾਂ ਦੇ ਪੈਦਾ ਹੋ ਰਹੇ ਨਵੇਂ ਮਸਲਿਆਂ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤਾਂ ਦੀ ਰੌਸ਼ਨੀ ਵਿਚ ਬਦਲ ਲੱਭਣਾ ਹੈ। ਅਜੋਕੇ ਮਸਲਿਆਂ ਦਾ ਬਦਲ ਲੱਭਣ ਲਈ ਇਹ ਵੀ ਧਿਆਨ ਵਿਚ ਰੱਖਣਾ ਪੈਣਾ ਹੈ ਕਿ ਸਿੱਖਾਂ ਦੇ ਮਸਲੇ ਕਿਸੇ ਨਾ ਕਿਸੇ ਰੂਪ ਵਿਚ ਅਜੋਕੇ ਵਿਸ਼ਵ ਦੇ ਵੀ ਮਸਲੇ ਹਨ। ਸੋ ਇਸ ਕਰਕੇ ਸਿੱਖਾਂ ਨੂੰ ਆਪਣੇ ਮਸਲੇ ਵਿਸ਼ਵ ਸਮੱਸਿਆਵਾਂ ਅਤੇ ਚੁਣੌਤੀਆਂ ਦੀ ਲੜੀ ਵਿਚ ਸਮਝ ਕੇ ਹੱਲ ਕਰਨੇ ਪੈਣਗੇ। ਸਿੱਖਾਂ ਦੀਆਂ ਅਜਿਹੀਆਂ ਕੋਸ਼ਿਸ਼ਾਂ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਵਿਸ਼ਵ ਦ੍ਰਿਸ਼ਟੀਕੋਣ ਹੋਰ ਸਪੱਸ਼ਟ ਰੂਪ ਵਿਚ ਦੁਨੀਆਂ ਸਾਹਮਣੇ ਪੇਸ਼ ਹੋਵੇਗਾ।

ਅੱਜ ਅਸੀਂ ਵਿਸ਼ਵੀਕਰਨ ਦੇ ਦੌਰ ਵਿਚੋਂ ਗੁਜ਼ਰ ਰਹੇ ਹਾਂ ਜਿਸਨੇ ਦੁਨੀਆਂ ਭਰ ਵਿਚ ਵੱਖ-ਵੱਖ ਸਮਾਜਾਂ, ਕੌਮਾਂ ਅਤੇ ਧਾਰਮਿਕ ਭਾਈਚਾਰਿਆਂ ਦੇ ਪੁਰਾਣੇ ਚਿੰਤਨ ਨੂੰ ਗਲੋਬਲੀ ਪਰਿਪੇਖ ਵਿਚ ਸਮਝਣ ਲਈ ਨਵੀਆਂ ਅੰਤਰ ਦ੍ਰਿਸ਼ਟੀਆਂ ਦਿੱਤੀਆਂ ਹਨ। ਅੱਜ ਹਰ ਵਿਚਾਰ ਅਤੇ ਮਸਲੇ ਨੂੰ ਵਿਸ਼ਵ ਦੇ ਸੰਦਰਭ ਵਿਚ ਵਿਚਾਰਿਆ ਜਾਂਦਾ ਹੈ। ਇਸ ਨਵੇਂ ਚਿੰਤਨ ਨੇ ਛੋਟੇ ਭਾਈਚਾਰਿਆਂ ਨੂੰ ਵੀ ਅਜਿਹੇ ਮੌਕੇ ਦੇ ਦਿੱਤੇ ਹਨ ਕਿ ਉਹ ਆਪਣੇ ਸਿਧਾਂਤਾਂ ਦੀ ਵਿਸ਼ਾਲ ਪਰਿਪੇਖ ਵਿਚ ਵਿਆਖਿਆ ਕਰ ਸਕਦੇ ਹਨ। ਸਿੱਖ ਭਾਵੇਂ ਅਬਾਦੀ ਦੇ ਅਕਾਰ ਨਾਲ ਦੁਨੀਆ ਦਾ ਇਕ ਛੋਟਾ ਭਾਈਚਾਰਾ ਹੈ ਪ੍ਰੰਤੂ ਇਹਨਾਂ ਦਾ ਚਿੰਤਨ ਮਨੁੱਖੀ ਜੀਵਨ ਅਤੇ ਸੰਸਾਰ ਨੂੰ ਵਿਸ਼ਾਲ ਪ੍ਰਸੰਗ ਵਿਚ ਸਮਝਣ ਲਈ ਦ੍ਰਿਸ਼ਟੀਆਂ ਦਿੰਦਾ ਹੈ ਜਿਹਨਾਂ ਦਾ ਅਜੋਕੇ ਵਿਸ਼ਵ ਦੇ ਚਿੰਤਨ ਵਿਚ ਵਿਲੱਖਣ ਯੋਗਦਾਨ ਹੋ ਸਕਦਾ ਹੈ। ਧਰਮ ਚਿੰਤਨ ਦੇ ਨਜ਼ਰੀਏ ਤੋਂ

ਵੇਖਿਆ ਜਾਵੇ ਤਾਂ ਸਿੱਖ ਅਜਿਹੀ ਅਧਿਆਤਮਿਕ ਵਿਰਾਸਤ ਦੇ ਮਾਲਕ ਹਨ ਜਿਸਦੇ ਗਿਆਨ ਦੀ ਅਜੋਕੇ ਯੁੱਗ ਨੂੰ ਲੋੜ ਮਹਿਸੂਸ ਹੋ ਰਹੀ ਹੈ। ਇਸ ਸੰਦਰਭ ਵਿਚ ਗੁਰਮਤਿ ਵਿਆਖਿਆ ਅਤੇ ਸਿੱਖ ਚੇਤਨਾ ਲਹਿਰ ਨੂੰ ਹੋਰ ਵਿਸ਼ਾਲ ਬਣਾਉਣਾ ਚਾਹੀਦਾ ਹੈ। ਵਿਸ਼ਵ ਭਰ ਵਿਚ ਗੁਰਮਤਿ ਵਿਚਾਰਧਾਰਾ ਦਾ ਪਸਾਰ ਤੇ ਪ੍ਰਚਾਰ ਕਰਨਾ ਸ਼ਹੀਦ ਸਤਵੰਤ ਸਿੰਘ ਕਾਲੇਕਾ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ। ਸ਼ਹੀਦ ਸਤਵੰਤ ਸਿੰਘ ਗੁਰੂ ਘਰ ਨਾਲ ਜੁੜੀ ਹੋਈ ਆਤਮਾ ਸਨ ਅਤੇ ਆਪਣਾ ਜੀਵਨ ਗੁਰੂ ਘਰ ਦੇ ਲੇਖੇ ਲਾ ਕੇ ਉਹ ਗੁਰੂ ਪਿਆਰੇ ਹੋ ਗਏ ਹਨ।

# ਇੱਕ ਸ਼ਰਧਾਂਜਲੀ ਸ. ਸਤਵੰਤ ਸਿੰਘ ਕਾਲੇਕਾ ਨੂੰ

**ਪ੍ਰੋ.(ਡਾ) ਅੰਮ੍ਰਿਤਪਾਲ ਸਿੰਘ ਕਾਲੇਕਾ,**
**ਪੰਜਾਬੀ ਯੂਨੀਵਰਸਿਟੀ, ਪਟਿਆਲਾ**

**"ਡੁੱਲਦਾ ਜਦ ਖ਼ੂਨ ਸ਼ਹੀਦਾਂ ਦਾ ਤਕਦੀਰ ਬਦਲਦੀ ਕੌਮਾਂ ਦੀ"**

ਉਪਰੋਕਤ ਕਥਨ ਦੀ ਸਚਾਈ ਨੂੰ ਪ੍ਰਤੱਖ ਰੂਪ ਵਿਚ ਰੁ-ਬ-ਰੂ ਕਰਵਾਉਣ ਦਾ ਸਿਹਰਾ, ਸਿੱਖ ਕੌਮ ਦੇ ਉਸ ਲਾਸਾਨੀ ਸ਼ਹੀਦ ਦੇ ਸਿਰ ਜਾਂਦਾ ਹੈ, ਜਿਸ ਨੇ ਵਿਦੇਸ਼ ਵਿਚ ਵੱਸਦੇ ਸਿੱਖ ਭਾਈਚਾਰੇ ਦੀ ਪਛਾਣ ਸਮੁੱਚੇ ਵਿਸ਼ਵ ਵਿੱਚ ਹਰ ਇੱਕ ਉਸ ਇਨਸਾਨ ਨੂੰ ਕਰਵਾਈ ਜੋ ਕਦੇ ਸਿੱਖੀ ਸਰੂਪ ਨੂੰ ਨਫ਼ਰਤ ਅਤੇ ਹੇਠੀ ਦੀ ਨਿਗ੍ਹਾ ਨਾਲ ਵੇਖਦੇ ਸਨ। ਅੱਜ ਦਾ ਕਲਯੁੱਗੀ ਸਮਾਂ ਜਿਥੇ ਕਹਿ ਲਈਏ ਕਿ ਆਪਣੇ ਤੋਂ ਇਲਾਵਾ ਇਨਸਾਨ ਨੂੰ ਕਿਸੇ ਹੋਰ ਦੀ ਪ੍ਰਵਾਹ ਨਹੀਂ, ਇੱਥੋਂ ਤੱਕ ਕਿ ਗਵਾਂਢੀ ਗਵਾਂਢੀ ਨੂੰ ਨਹੀਂ ਜਾਣਦੇ।

ਅਜਿਹੇ ਸਮੇਂ ਵਿਚ ਵੀ ਇਕ ਸਤਯੁੱਗੀ ਇਨਸਾਨ ਜਿਸ ਨੇ ਆਪਣੀ ਜਾਨ ਵਾਰ ਕੇ ਕਈ ਜਾਨਾਂ ਬਚਾਈਆਂ, ਸਚਮੁੱਚ ਹੀ ਸ਼ਰਧਾ ਦੇ ਫੁੱਲ ਗ੍ਰਹਿਣ ਕਰਨ ਦਾ ਹੱਕਦਾਰ ਹੈ। ਇਹ ਮਹਾਨ ਸਪੂਤ, ਪੰਜਾਬ ਦੀ ਧਰਤੀ ਦੇ ਮਾਲਵਾ ਖੇਤਰ ਦੇ ਇਕ ਨਿੱਕੇ ਜਿਹੇ ਪਿੰਡ ਦੁਗਾਲ ਦਾ ਵਸਨੀਕ, ਜਿਸ ਨੇ ਪੰਜਾਬ ਵਿਚ ਰਹਿੰਦਿਆਂ ਵੀ ਅਤੇ ਵਿਦੇਸ਼ ਵਿਚ ਜਾ ਕੇ ਵੀ ਆਪਣੀ ਵਿਰਾਸਤ ਨੂੰ ਸਾਂਭਿਆ, ਧਰਮ ਪ੍ਰਚਾਰ ਅਤੇ ਗੁਰੂ ਸੇਵਾ ਲਈ ਵਡਮੁੱਲਾ ਯੋਗਦਾਨ ਪਾਇਆ, ਅੱਜ ਸਿੱਖ ਕੌਮ ਦਾ ਧਰੁਵ ਤਾਰਾ ਬਣ ਗਿਆ ਹੈ- ਉਹ ਹੈ ਸ. ਸਤਵੰਤ ਸਿੰਘ ਕਾਲੇਕਾ।

ਜੇਕਰ ਪਿੰਡ ਦੁਗਾਲ ਦੇ ਪਿਛੋਕੜ 'ਤੇ ਝਾਤ ਮਾਰੀਏ ਤਾਂ ਰਾਜਨੀਤਕ ਤੌਰ 'ਤੇ ਇਹ ਇਲਾਕਾ ਕਾਫ਼ੀ ਸਰਗਰਮ ਰਿਹਾ ਹੈ। ਪਟਿਆਲਾ ਰਿਆਸਤ ਦੇ ਬਾਨੀ ਬਾਬਾ ਆਲਾ ਸਿੰਘ ਜੀ, ਕਾਲੇਕਾ ਪਰਿਵਾਰ ਵਿਚ ਮਾਈ ਫੱਤੋ ਨਾਲ ਵਿਆਹੇ ਹੋਏ ਸਨ। ਪਟਿਆਲਾ ਰਿਆਸਤ ਦੀ ਸਥਾਪਨਾ ਸਮੇਂ ਕਾਲੇਕਾ ਪਰਿਵਾਰ ਅਤੇ ਮਾਈ ਫੱਤੋ ਦਾ ਵਿਸ਼ੇਸ਼ ਯੋਗਦਾਨ ਰਿਹਾ। ਪਟਿਆਲੇ ਦੀ ਹੋਂਦ ਤੋਂ ਬਾਅਦ ਕਾਲੇਕਾ ਪਰਿਵਾਰ ਦੁਗਾਲ ਅਤੇ ਲਾਗਲੇ ਪਿੰਡਾਂ ਵਿਚ ਆਣ ਵੱਸੇ। ਕਾਲੇਕਾ ਪਰਿਵਾਰ ਦਾ ਅਸਲ ਗੋਤ ਸਰਾਉ ਹੈ। ਕਾਲੇਕਾ ਨਾਮ ਪਿੰਡ ਕਾਲੇਕਿਆਂ ਤੋਂ ਆਉਣ ਕਰਕੇ ਹੈ। ਕਈ ਲੋਕ ਪਿੰਡ ਦੁਗਾਲ ਨੂੰ ਕਾਲੇਕੀ ਦੁਗਾਲ ਵੀ ਕਹਿੰਦੇ ਹਨ। ਬਾਬਾ ਆਲਾ ਸਿੰਘ ਤੋਂ ਬਾਅਦ ਪਟਿਆਲਾ ਰਿਆਸਤ ਦੇ ਮਹਾਰਾਜਾ ਕਰਮ ਸਿੰਘ ਦਾ ਵਿਆਹ ਵੀ ਦੁਗਾਲ ਵਿਖੇ ਕਾਲੇਕਾ ਪਰਿਵਾਰ ਵਿਚ ਹੀ ਹੋਇਆ ਸੀ।

ਜ਼ਿਲ੍ਹਾ ਪਟਿਆਲਾ ਦੀ ਸਬ ਡਵੀਜ਼ਨ ਪਾਤੜਾਂ ਤੋਂ ਤਿੰਨ ਕੁ ਕਿਲੋਮੀਟਰ ਦੀ ਦੂਰੀ ਤੇ ਵਸੇ ਇਸ ਪਿੰਡ ਦੁਗਾਲ ਦਾ ਦੁਨੀਆ ਦੇ ਨਕਸ਼ੇ 'ਤੇ ਰੁਤਬਾ ਵਧਾਇਆ, ਇਸ ਪਿੰਡ ਦੇ ਜੰਮਪਲ ਇਕ ਹੋਣਹਾਰ ਅਤੇ ਸੱਚੇ-ਸੁੱਚੇ ਸਿੱਖ ਇਨਸਾਨ ਨੇ ਜਿਹਨਾਂ ਦਾ ਨਾਂ ਅੱਜ ਸਾਰੀ ਦੁਨੀਆ ਵਿਚ ਮਾਣ ਨਾਲ ਲਿਆ ਜਾਂਦਾ ਹੈ ਅਤੇ ਉਹਨਾਂ ਦਾ ਨਾਂ ਲੈਂਦੇ ਹੀ ਆਪ ਮੁਹਾਰੇ ਹੀ ਸਿਰ ਸ਼ਰਧਾ ਨਾਲ ਝੁੱਕ ਜਾਂਦਾ ਹੈ। ਇਹ ਹਨ ਮੇਜਰ ਸ. ਪ੍ਰੀਤਮ ਸਿੰਘ ਕਾਲੇਕਾ ਅਤੇ ਮਾਤਾ ਜਗੀਰ ਕੌਰ ਦੇ ਲਾਡਲੇ ਸਪੁੱਤਰ ਸ. ਸਤਵੰਤ ਸਿੰਘ ਕਾਲੇਕਾ। ਇਹਨਾਂ ਦਾ ਜਨਮ 1947 ਵਿਚ ਹੋਇਆ ਅਤੇ ਇਹ ਨੌ ਭੈਣ ਭਰਾਵਾਂ ਵਿਚੋਂ ਸੱਤਵੇਂ ਨੰਬਰ 'ਤੇ ਸਨ। 1947 ਵਿਚ ਮੇਜਰ ਸਾਹਿਬ ਚੌਥੀ ਪਟਿਆਲਾ ਇਨਫੈਨਟਰੀ ਦੇ ਸੈਕਿੰਡ ਇੰਨ ਕਮਾਂਡ ਸਨ। ਮਾਪਿਆਂ ਤੋਂ ਮਿਲੀ ਗੁੜ੍ਹਤੀ ਅਤੇ ਸੁਚੱਜੀ ਸੇਧ ਅਤੇ ਹਰ ਵਕਤ ਵਾਹਿਗੁਰੂ ਦਾ ਓਟ ਆਸਰਾ ਤੱਕਦਿਆਂ ਮੇਜਰ ਸਾਹਿਬ ਦੇ ਇਸ ਪਰਿਵਾਰ ਨੇ ਸਿਰਫ ਦੇਸ਼ ਵਿਚ ਅਤੇ ਕੰਮਾਂ ਕਾਰਾਂ ਵਿਚ ਹੀ ਨਹੀਂ ਬਲਕਿ ਵਿਦੇਸ਼ਾਂ ਵਿਚ ਵੀ ਅਤੇ ਸਮਾਜ ਸੇਵਾ ਵਿਚ ਵੀ ਆਪਣਾ ਵਿਸ਼ੇਸ਼ ਸਥਾਨ ਬਣਾਇਆ ਅਤੇ ਨਾਮਣਾ ਖਟਿਆ। ਵਾਹਿਗੁਰੂ ਦੀ ਮਿਹਰ ਸਦਕਾ ਹੀ ਅੱਜ ਸਾਰੇ ਭੈਣ-ਭਰਾ ਸਮਾਜ ਵਿਚ ਸਤਿਕਾਰਤ ਸਥਾਨਾਂ 'ਤੇ ਹਨ।

5 ਅਗਸਤ 2012 ਨੂੰ ਅਮਰੀਕਾ ਵਿਚ ਮਿਲਵਾਕੀ ਦੇ ਓਕ ਕਰੀਕ ਗੁਰਦੁਆਰੇ ਵਿਚ ਵੇਡ ਮਾਈਕਲ ਪੇਜ ਵੱਲੋਂ ਕੀਤੇ ਹਮਲੇ ਦਾ ਟਾਕਰਾ ਕਰਦਿਆਂ ਸ. ਸਤਵੰਤ ਸਿੰਘ ਸ਼ਹੀਦੀ ਪਾ ਗਏ। ਭਾਵੇਂ ਉਹਨਾਂ ਦਾ ਸਸਕਾਰ ਅਤੇ ਅੰਤਿਮ ਰਸਮਾਂ ਅਮਰੀਕਾ ਵਿਖੇ ਹੀ ਪਰਿਵਾਰਕ ਮੈਂਬਰਾਂ ਦੀ ਹਾਜ਼ਰੀ ਵਿਚ ਪੂਰੀਆਂ ਕੀਤੀਆਂ ਗਈਆਂ, ਪ੍ਰੰਤੂ ਸ. ਸਤਵੰਤ ਸਿੰਘ ਕਾਲੇਕਾ ਦੇ ਵੱਡੇ ਵੀਰ, ਸ. ਅਮਰਜੀਤ ਸਿੰਘ ਕਾਲੇਕਾ, ਸਮੂਹ ਕਾਲੇਕਾ ਅਤੇ ਰੱਖੜਾ ਪਰਿਵਾਰਾਂ ਵੱਲੋਂ 16 ਅਗਸਤ 2012 ਨੂੰ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਮਾਲ ਰੋਡ, ਪਟਿਆਲਾ ਵਿਖੇ ਅੰਤਿਮ ਅਰਦਾਸ ਅਤੇ ਸ਼ਰਧਾਂਜਲੀ ਸਮਾਰੋਹ ਕਰਵਾਇਆ ਗਿਆ। ਇਸ ਸਮਾਗਮ ਵਿਚ ਭਾਈ ਸਾਹਿਬ ਭਾਈ ਜਸਕਰਨ ਸਿੰਘ ਨੇ ਕੀਰਤਨ ਪ੍ਰਵਾਹ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਸਮਾਜ ਦੇ ਵੱਖ ਵੱਖ ਵਰਗਾਂ ਦੇ ਲਗਭਗ 10,000 ਲੋਕਾਂ ਤੋਂ ਇਲਾਵਾ ਸਾਰੀਆਂ ਰਾਜਨੀਤਕ ਪਾਰਟੀਆਂ ਅਤੇ ਸਮਾਜਿਕ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਇਸ ਸਮਾਗਮ ਵਿਚ ਸ਼ਮੂਲੀਅਤ ਕੀਤੀ। ਵੱਡੀ ਗਿਣਤੀ ਵਿਚ ਪਟਿਆਲੇ ਦੇ ਸਾਰੇ ਮਹਿਕਮਿਆਂ ਦੇ ਅਫ਼ਸਰਾਂ ਅਤੇ ਕਰਮਚਾਰੀਆਂ ਨੇ ਹਾਜ਼ਰੀਆਂ ਭਰੀਆਂ।

ਡਾ.ਰਣਬੀਰ ਸਿੰਘ ਸਰਾਓ, ਸਾਬਕਾ ਰਜਿਸਟਰਾਰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਸਟੇਜ਼ ਦਾ ਸੰਚਾਲਨ ਕੀਤਾ। ਡਾ. ਸਰਾਓ ਨੇ 1970 ਦਾ ਉਹ ਸਮਾਂ ਯਾਦ ਕੀਤਾ ਜਦੋਂ ਉਹ ਰਣਬੀਰ ਸਿੰਘ ਕਾਲਜ, ਸੰਗਰੂਰ ਵਿਖੇ ਸਤਵੰਤ ਸਿੰਘ ਨੂੰ ਅੰਗਰੇਜ਼ੀ ਪੜ੍ਹਾਉਂਦੇ ਸੀ। ਉਹਨਾਂ ਨੇ ਕਾਲੇਕਾ ਪਰਿਵਾਰ ਦੇ ਪਿਛੋਕੜ ਅਤੇ

ਪਿੱਠ ਭੂਮੀ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਿਵੇਂ ਮੇਜਰ ਸ. ਪ੍ਰੀਤਮ ਸਿੰਘ ਨੇ 1947 ਵਿਚ ਲੱਖਾਂ ਮੁਸਲਮਾਨਾਂ ਦੀ ਜਾਨ ਬਚਾਈ ਅਤੇ ਪਟਿਆਲਾ ਦੇ ਮਹਾਰਾਜਾ ਯਾਦਵਿੰਦਰ ਸਿੰਘ ਦੀ ਰਹਿਨੁਮਾਈ ਹੇਠ ਕੰਮ ਕਰਦਿਆਂ, ਮੁਸਲਮਾਨਾਂ ਨੂੰ ਲਾਹੌਰ ਪਹੁੰਚਾਇਆ। ਸਰਾਓ ਨੇ ਸਤਵੰਤ ਸਿੰਘ ਦੇ ਵੱਡੇ ਭਰਾ, ਕੈਪਟਨ ਅਮਰਜੀਤ ਸਿੰਘ ਕਾਲੇਕਾ ਨੂੰ 1965 ਦੀ ਜੰਗ ਵਿਚ ਗਲੈਂਟਰੀ ਸਨਮਾਨ ਦਾ ਵੀ ਜ਼ਿਕਰ ਕੀਤਾ। ਉਹਨਾਂ ਨੇ ਸਤਵੰਤ ਸਿੰਘ ਬਾਰੇ ਉਹ ਗੱਲਾਂ ਵੀ ਸਾਂਝੀਆਂ ਕੀਤੀਆਂ ਕਿ ਕਿਵੇਂ ਉਸ ਨੂੰ ਸਿੱਖ ਧਰਮ ਨੂੰ ਜਾਨਣ ਦਾ, ਲੋਕਾਈ ਨਾਲ ਸਨੇਹ ਵਧਾਉਣ ਦਾ ਅਤੇ ਨਿਡਰਤਾ ਨਾਲ ਸਮਾਜ ਵਿਚ ਵਿਚਰਨ ਦਾ ਸ਼ੌਕ ਸੀ।

ਇਸ ਮੌਕੇ ਪਹੁੰਚੀਆਂ ਪ੍ਰਮੁੱਖ ਸਖ਼ਸ਼ੀਅਤਾਂ ਵਿਚੋਂ ਕਾਲੇਕਾ ਪਰਿਵਾਰ ਨੇ ਸਮੇਂ ਦੀਆਂ ਪਾਬੰਦੀਆਂ ਦਾ ਖਿਆਲ ਰੱਖਦਿਆਂ, ਕੁਝ ਇੱਕ ਨੂੰ ਹੀ ਸਟੇਜ਼ ਤੋਂ ਸ਼ਰਧਾਂਜਲੀ ਭੇਟ ਕਰਨ ਲਈ ਆਖਿਆ। ਜਿਸ ਦੀ ਸ਼ੁਰੂਆਤ ਸ. ਵਿਜੈਇੰਦਰ ਸਿੰਗਲਾ, ਮੈਂਬਰ ਪਾਰਲੀਮੈਂਟ, ਸੰਗਰੂਰ ਨੇ ਕੀਤੀ। ਉਹਨਾਂ ਨੇ ਕਾਲੇਕਾ ਪਰਿਵਾਰ ਦੀ ਇਮਾਨਦਾਰੀ ਸੱਚਾਈ ਅਤੇ ਬਹਾਦਰੀ ਦੀ ਪਰੰਪਰਾ ਦਾ ਜ਼ਿਕਰ ਕਰਦਿਆਂ ਆਖਿਆ ਕਿ ਜ਼ਿੰਦਗੀ ਉਹ ਜੀਉ ਜਿਸ ਨੂੰ ਮੌਤ ਵੀ ਨਾ ਮਾਰ ਸਕੇ। ਉਹਨਾਂ ਕਿਹਾ ਕਿ ਭਾਵੇਂ ਸਤਵੰਤ ਸਿੰਘ ਕਾਲੇਕਾ ਜੀ ਸਰੀਰਕ ਰੂਪ ਵਿਚ ਅੱਜ ਸਾਡੇ ਵਿਚ ਨਹੀਂ ਹਨ, ਪ੍ਰੰਤੂ ਉਹਨਾਂ ਦੀ ਖੁਸ਼ਬੂ ਅੱਜ ਵੀ ਕਾਇਮ ਹੈ, ਦੇਸ਼ਾਂ ਵਿਦੇਸ਼ਾਂ ਵਿਚ ਹੋਏ ਸਮਾਗਮਾਂ ਅਤੇ ਅੱਜ ਦਾ ਇਹ ਵਿਸ਼ਾਲ ਇਕੱਠ ਇਸ ਗੱਲ ਦਾ ਪ੍ਰਤੀਕ ਹੈ। ਵਿਦੇਸ਼ ਰਾਜ ਮੰਤਰੀ ਮਹਾਰਾਣੀ ਪਰਨੀਤ ਕੌਰ ਨੇ ਕਾਂਗਰਸ ਪ੍ਰਧਾਨ ਸ੍ਰੀਮਤੀ ਸੋਨੀਆਂ ਗਾਂਧੀ ਦਾ ਵਿਸ਼ੇਸ਼ ਸੰਦੇਸ਼ ਜੋ ਕਿ ਭਰਾ ਅਮਰਜੀਤ ਸਿੰਘ ਕਾਲੇਕਾ ਦੇ ਨਾਮ ਸੀ, ਲੈ ਕੇ ਇਸ ਸਮਾਰੋਹ ਵਿਚ ਸ਼ਮੂਲੀਅਤ ਕੀਤੀ। ਉਹਨਾਂ ਨੇ ਮਿਲਵਾਕੀ ਵਿਖੇ ਹੋਏ ਘਟਨਾਕ੍ਰਮ ਦਾ ਜ਼ਿਕਰ ਕਰਦਿਆਂ ਆਖਿਆ ਕਿ ਅੱਜ ਦੁੱਖ ਭਰੇ ਹਿਰਦਿਆਂ ਨਾਲ ਸਾਰੀ ਸੰਗਤ, ਦੇਸ਼ ਅਤੇ ਵਿਦੇਸ਼ ਵਿਚ ਵਸਦੇ ਸਿੱਖਾਂ ਅਤੇ ਸਹੀ ਸੋਚ ਵਾਲੇ ਪਰਿਵਾਰਾਂ ਦੇ ਮਨਾਂ ਨੂੰ ਬਹੁਤ ਦੁੱਖ ਹੋਇਆ ਹੈ। ਮਹਾਰਾਣੀ ਸਾਹਿਬ ਨੇ ਆਖਿਆ ਕਿ ਮੈਂ ਸਿਰ ਝੁਕਾ ਕੇ ਸਤਵੰਤ ਸਿੰਘ ਕਾਲੇਕਾ ਨੂੰ ਸ਼ਰਧਾਂਜਲੀ ਭੇਟ ਕਰਦੀ ਹਾਂ ਕਿ ਕਿਵੇਂ ਸਤਵੰਤ ਸਿੰਘ ਨੇ ਲਗਾਤਾਰ 18 ਸਾਲ ਗੁਰੂ ਘਰ ਦੀ ਸੇਵਾ ਕਰਕੇ ਸਾਡਾ ਸਿਰ ਉੱਚਾ ਕੀਤਾ। ਸ੍ਰੀਮਤੀ ਸੋਨੀਆਂ ਗਾਂਧੀ ਨੇ ਆਪਣੇ ਸੰਦੇਸ਼ ਵਿਚ ਸਿੱਖਾਂ ਦੀ ਦੇਸ਼ ਅਤੇ ਵਿਦੇਸ਼ਾਂ ਵਿਚ ਇਕ ਵਿਸ਼ੇਸ਼ਾਂ ਸਥਾਨ ਦੀ ਗੱਲ ਵੀ ਆਖੀ। ਉਹਨਾਂ ਨੇ ਕਿਸੇ ਵੀ ਧਾਰਮਿਕ ਸਥਾਨ ’ਤੇ ਹਮਲੇ ਨੂੰ ਮਾਨਵਤਾ ’ਤੇ ਕਲੰਕ ਦੱਸਿਆ। ਮਹਾਰਾਣੀ ਸਾਹਿਬਾ, ਕੈਪਟਨ ਅਮਰਿੰਦਰ ਸਿੰਘ ਦਾ ਸੰਦੇਸ਼ ਵੀ ਲੈ ਕੇ ਆਏ। ਇਹ ਦੋਵੇਂ ਸੰਦੇਸ਼ ਉਹਨਾਂ ਨੇ ਸਤਵੰਤ ਸਿੰਘ ਦੇ ਵੱਡੇ ਭਰਾ ਸ. ਅਮਰਜੀਤ ਸਿੰਘ ਕਾਲੇਕਾ ਨੂੰ ਦਿੱਤੇ। ਕੈਬਨਿਟ ਮੰਤਰੀ ਪੰਜਾਬ, ਸ. ਅਜੀਤ ਸਿੰਘ ਕੋਹਾੜ ਨੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਅਤੇ ਉਪ ਮੁੱਖ

ਮੰਤਰੀ ਸ. ਸੁਖਬੀਰ ਸਿੰਘ ਬਾਦਲ ਵੱਲੋਂ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਸਤਵੰਤ ਸਿੰਘ ਕਾਲੇਕਾ ਵੱਲੋਂ ਅਮਰੀਕਾ ਵਿਚ ਕੀਤੀ ਗੁਰੂ ਘਰ ਦੀ ਸੇਵਾ ਨੂੰ ਭੁਲਾਇਆ ਨਹੀਂ ਜਾ ਸਕਦਾ ਅਤੇ ਇਸ ਗੱਲ ਦਾ ਵੀ ਜ਼ਿਕਰ ਕੀਤਾ ਕਿ ਕਿਵੇਂ ਸਤਵੰਤ ਸਿੰਘ, ਲੋਕਾਈ ਨੂੰ ਗੁਰੂ ਘਰ ਨਾਲ ਜੋੜਦੇ ਸਨ। ਉਹਨਾਂ ਨੇ ਅੱਜ ਦੇ ਇਕੱਠ ਨੂੰ ਕਾਲੇਕਾ ਅਤੇ ਰੱਖੜਾ ਪਰਿਵਾਰ ਦੀ ਭਾਈਚਾਰਕ ਸਾਂਝ ਅਤੇ ਸਾਂਝੀਵਾਲਤਾ ਦਾ ਪ੍ਰਤੀਕ ਦੱਸਿਆ।

ਬਾਬਾ ਬਲਬੀਰ ਸਿੰਘ, ਮੁੱਖੀ ਬੁੱਢਾ ਦਲ ਨੇ ਸਮੁੱਚੀਆਂ ਨਿਹੰਗ ਸਿੰਘ ਜੱਥੇਬੰਦੀਆਂ ਵੱਲੋਂ ਸ਼ਰਧਾਂਜਲੀ ਭੇਟ ਕਰਦਿਆਂ ਵਿਖਿਆਨ ਕੀਤਾ ਕਿ ਕਿਵੇਂ ਸਤਵੰਤ ਸਿੰਘ ਕਾਲੇਕਾ ਆਪਣੀ ਸ਼ਹਾਦਤ ਨਾਲ ਵਿਦੇਸ਼ਾਂ ਵਿਚ ਵੀ ਸਿੱਖਾਂ ਦੀ ਵੱਖਰੀ ਹੋਂਦ ਦਾ ਅਹਿਸਾਸ ਕਰਵਾ ਗਏ।

ਸਿੱਖਾਂ ਦੀ ਸਰਵਉੱਚ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਅਵਤਾਰ ਸਿੰਘ ਮੱਕੜ ਨੇ ਸੰਬੋਧਨ ਕਰਦਿਆਂ ਆਖਿਆ ਕਿ ਸਿੱਖੀ ਕਮਾਉਣੀ ਬੜੀ ਔਖੀ ਹੈ, ਸਿੱਖੀ ਨੂੰ ਸੂਈ ਦੇ ਨੱਕੇ ਵਿਚੋਂ ਨਿਕਲਣਾ ਪੈਂਦਾ ਹੈ। ਉਹਨਾਂ ਨੇ ਅਮਰੀਕੀ ਪ੍ਰਸ਼ਾਸਨ ਨੂੰ ਇਸ ਸਾਕੇ ਮਗਰੋਂ ਹਾਲਾਤਾਂ ਨੂੰ ਸਾਂਭਣ ਅਤੇ ਸਿੱਖਾਂ ਦੀ ਪਛਾਣ ਲਈ ਕੀਤੇ ਜਾ ਰਹੇ ਉਪਰਾਲਿਆਂ ਲਈ ਸਰਾਹਿਆ। ਉਹਨਾਂ ਆਖਿਆ ਕਿ ਭਾਵੇਂ ਅੱਜ ਅਸੀਂ ਸਮਾਜਿਕ ਤੌਰ 'ਤੇ ਸਦਮੇ ਵਿਚ ਹਾਂ, ਪ੍ਰੰਤੂ ਧਾਰਮਿਕ ਤੌਰ ਤੇ ਅਸੀਂ ਮਾਣ ਮਹਿਸੂਸ ਕਰਦੇ ਹਾਂ ਕਿ ਕਿਵੇਂ ਸਤਵੰਤ ਸਿੰਘ ਕਾਲੇਕਾ ਨੇ ਆਪਣੀ ਜਾਨ ਵਾਰ ਕੇ ਆਪਣੀ ਕੌਮ ਦੇ ਅਨੇਕਾਂ ਪਰਿਵਾਰਾਂ ਨੂੰ ਬਚਾਇਆ। ਉਹਨਾਂ ਸ਼੍ਰੋਮਣੀ ਕਮੇਟੀ ਵੱਲੋਂ ਅਮਰੀਕੀ ਅਧਿਕਾਰੀਆਂ ਨੂੰ ਅਤੇ ਭਾਰਤ ਦੇ ਵਿਦੇਸ਼ ਮੰਤਰੀ ਸ੍ਰੀ ਐਸ.ਐਸ ਕ੍ਰਿਸ਼ਨਾ ਨੂੰ ਮਿਲ ਕੇ ਸਿੱਖਾਂ ਦੀਆਂ ਭਾਵਨਾਵਾਂ ਨੂੰ ਉਹਨਾਂ ਤੱਕ ਪਹੁੰਚਾਉਣ ਦਾ ਜ਼ਿਕਰ ਵੀ ਕੀਤਾ। ਸ਼੍ਰੋਮਣੀ ਕਮੇਟੀ ਪਹਿਲਾਂ ਹੀ ਮੰਜੀ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ 10 ਅਗਸਤ ਨੂੰ ਪਾਠ ਦੇ ਭੋਗ ਪਾ ਕੇ ਇਹਨਾਂ ਸ਼ਹੀਦਾਂ ਨੂੰ ਸ਼ਰਧਾ ਸਤਿਕਾਰ ਦੇ ਭੇਟ ਕਰ ਚੁੱਕੀ ਹੈ। ਸ. ਮੱਕੜ ਨੇ ਦੱਸਿਆ ਕਿ ਸਤਵੰਤ ਸਿੰਘ ਕਾਲੇਕਾ ਦੀ ਇਸ ਵਿਲੱਖਣ ਸ਼ਹੀਦੀ ਲਈ ਅਤੇ ਇਸ ਹਮਲੇ ਵਿਚ ਜ਼ਖਮੀ ਹੋਏ ਅਮਰੀਕੀ ਅਧਿਕਾਰੀ ਲਫਟੈਣ ਬਰਾਇਨ ਮਰਫੀ ਨੂੰ ਬਹਾਦਰੀ ਪੁਰਸਕਾਰ ਦੇਣ ਦਾ ਐਲਾਨ ਕਰ ਚੁੱਕੀ ਹੈ। ਬਾਕੀ ਸ਼ਹੀਦਾਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਦੋ-ਦੋ ਲੱਖ ਰੁਪਏ ਮੁਆਵਜ਼ਾ ਦੇਣ ਦਾ ਵੀ ਐਲਾਨ ਕੀਤਾ ਗਿਆ ਹੈ। ਸਮਾਗਮ ਵਿਚ ਪੰਜਾਬ ਸਰਕਾਰ ਦੇ ਮੰਤਰੀ ਸਾਹਿਬਾਨ ਅਤੇ ਕੇਂਦਰ ਸਰਕਾਰ ਦੇ ਵਿਦੇਸ਼ ਰਾਜ ਮੰਤਰੀ ਦੀ ਹਾਜ਼ਰੀ ਵਿਚ ਉਹਨਾਂ ਇਸ ਗੱਲ ਤੇ ਵੀ ਜ਼ੋਰ ਦਿੱਤਾ ਕਿ ਸਤਵੰਤ ਸਿੰਘ ਕਾਲੇਕਾ ਨੂੰ ਪੰਜਾਬ ਅਤੇ ਕੇਂਦਰ ਸਰਕਾਰ ਵੱਲੋਂ ਵੀ ਬਹਾਦਰੀ ਪੁਰਸਕਾਰ ਦੇਣਾ ਬਣਦਾ ਹੈ।

ਕੈਬਨਿਟ ਮੰਤਰੀ ਸ. ਸੁਰਜੀਤ ਸਿੰਘ ਰੱਖੜਾ, ਜਿਹਨਾਂ ਨਾਲ ਸਤਵੰਤ ਸਿੰਘ

ਕਾਲੇਕਾ ਦੀ ਛੋਟੀ ਭੈਣ ਸ੍ਰੀਮਤੀ ਹਰਿੰਦਰ ਕੌਰ ਵਿਆਹੇ ਹਨ, ਨੇ ਇਸ ਸਮਾਗਮ ਵਿਚ ਪਹੁੰਚੀਆਂ ਸਖ਼ਸ਼ੀਅਤਾਂ ਅਤੇ ਆਈ ਸੰਗਤ ਦਾ ਧੰਨਵਾਦ ਕੀਤਾ। ਉਹਨਾਂ ਨੇ ਇਸ 'ਤੇ ਚਾਨਣਾ ਪਾਇਆ ਕਿ ਕਿਵੇਂ ਸਤਵੰਤ ਸਿੰਘ ਕਾਲੇਕਾ ਨੇ ਆਪਣੀ ਜ਼ਿੰਦਗੀ ਲੋਕਾਂ ਦੀ ਸੇਵਾ ਲਈ ਲਾਈ। ਰੱਖੜਾ ਸਾਹਿਬ ਨੇ ਦੱਸਿਆ ਕਿ ਇਹ ਸਤਵੰਤ ਸਿੰਘ ਕਾਲੇਕਾ ਦਾ ਗੁਰੂ ਘਰ ਲਈ ਅਟੁੱਟ ਲਗਾਉ ਅਤੇ ਸਿਦਕ ਹੀ ਸੀ ਕਿ ਉਸ ਨਿਡਰ ਯੋਧੇ ਨੇ ਛੋਟੇ ਜਿਹੇ ਚਾਕੂ ਨਾਲ ਹੀ 6 ਫੁੱਟੇ ਅਤੇ ਲਗਭਗ 350 ਪੌਂਡ ਦੇ ਹਮਲਾਵਰ ਨਾਲ ਟਾਕਰਾ ਕੀਤਾ। ਸ੍ਰੀ ਰੱਖੜਾ ਨੇ ਅਮਰੀਕੀ ਪ੍ਰਸ਼ਾਸਨ ਵੱਲੋਂ ਢੁੱਕਵੀਂ ਤੇ ਫੌਰੀ ਮਦਦ ਦੀ ਸਰਾਹਨਾ ਕੀਤੀ। ਉਹਨਾਂ ਅੱਗੇ ਦੱਸਿਆ ਕਿ ਕਿਵੇਂ ਮੁੱਖ ਮੰਤਰੀ ਪੰਜਾਬ ਸ. ਪ੍ਰਕਾਸ਼ ਸਿੰਘ ਬਾਦਲ 18 ਘੰਟਿਆਂ ਦੇ ਸਫਰ ਤੋਂ ਬਾਅਦ ਜਦੋਂ ਸ਼ਿਕਾਗੋ ਪਹੁੰਚੇ, ਤਾਂ ਉਹਨਾਂ ਨੇ ਸਭ ਤੋਂ ਪਹਿਲਾਂ ਇਹਨਾਂ ਸ਼ਹੀਦਾਂ ਦੇ ਘਰ ਜ਼ਿਆਰਤ ਕਰਨ ਦੀ ਇੱਛਾ ਪ੍ਰਗਟ ਕੀਤੀ।

ਇਸ ਮੋਹ ਭਰੇ ਅਤੇ ਨਿੱਘੇ ਸ਼ਰਧਾਂਜਲੀ ਸਮਾਰੋਹ ਵਿਚ ਪੰਜਾਬ ਦੇ ਕਈ ਮੰਤਰੀ ਸਾਹਿਬਾਨ, ਐੱਮ.ਐੱਲ.ਏਜ਼. ਪ੍ਰਸ਼ਾਸਨਿਕ ਅਧਿਕਾਰੀਆਂ ਅਤੇ ਹੋਰ ਰਾਜਸੀ ਪਾਰਟੀਆਂ ਅਤੇ ਸਮਾਜਿਕ ਜੱਥੇਬੰਦੀਆਂ ਦੇ ਨੁਮਾਇੰਦਿਆਂ ਨੇ ਵੱਧ ਚੜ੍ਹ ਕੇ ਹਾਜ਼ਰੀ ਲਵਾਈ।

ਦਸਬੰਰ 2012 ਵਿਚ ਅਕਾਲ ਤਖ਼ਤ ਅੰਮ੍ਰਿਤਸਰ ਵਿਖੇ ਸ਼ਹੀਦ ਦੀ ਪਤਨੀ ਸਰਦਾਰਨੀ ਸਤਪਾਲ ਕੌਰ ਨੂੰ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ ਗਿਆ। ਜਿਸ ਵਿਚ ਪਿੰਡ ਦੇ ਕਈ ਪਤਵੰਤੇ ਸਬੰਧੀ ਸ਼ਾਮਲ ਹੋਏ:

- ਸ. ਗੁਰਬਖਸ਼ ਸਿੰਘ
- ਸ. ਹਰਬੰਸ ਸਿੰਘ
- ਡਾ. ਅੰਮ੍ਰਿਤਪਾਲ ਸਿੰਘ
- ਕੈਪਟਨ ਏ.ਐੱਸ. ਕਾਲੇਕਾ

# ਮੇਜਰ ਸ਼ੇਰਗਿਲ

ਮੇਜਰ ਬਲਬੀਰ ਸਿੰਘ ਸ਼ੇਰਗਿਲ ਗਵਾਲੀਅਰ ਵਾਲੇ ਦੀ ਕਹਾਣੀ:- ਮੇਜਰ ਬਲਬੀਰ ਸਿੰਘ ਸ਼ੇਰਗਿਲ ਅੰਮ੍ਰਿਤਸਰ ਦੇ ਵਾਸੀ ਸਨ। ਉਨ੍ਹਾਂ ਦੀ ਕੁਝ ਦੇਰ ਗਵਾਲੀਅਰ ਪੋਸਟਿੰਗ ਰਹੀ। ਗਵਾਲੀਅਰ ਜ਼ਮੀਨਾਂ ਬਹੁਤ ਸਸਤੀਆਂ ਸਨ। ਉਨ੍ਹਾਂ ਨੇ ਆਪਣੀ ਅੰਮ੍ਰਿਤਸਰ ਵਾਲੀ 7 ਏਕੜ ਜ਼ਮੀਨ ਜੋ ਮਜੀਠਾ ਦੇ ਨੇੜੇ ਸੀ, ਨੂੰ ਵੇਚ ਕੇ ਤਕਰੀਬਨ 26 ਏਕੜ ਜ਼ਮੀਨ ਗਵਾਲੀਅਰ ਦੇ ਨਜ਼ਦੀਕ ਪਿੰਡ ਵਿਚ ਖਰੀਦ ਲਈ। ਇਸ ਪਿੰਡ ਦਾ ਨਾਂ ਸ਼ੇਰਗੜ੍ਹ ਹੈ। ਮੇਜਰ ਸਾਹਿਬ ਨੇ ਮਿਹਨਤ ਅਤੇ ਯੋਜਨਾਬੰਦੀ ਨਾਲ ਆਪਣੀ 26 ਏਕੜ ਜ਼ਮੀਨ ਆਬਾਦ ਕੀਤੀ ਅਤੇ ਇਕ ਦਰਮਿਆਨਾ ਜਿਹਾ ਮਕਾਨ ਬਣਾ ਲਿਆ। ਫੌਜੀ ਲੋਕ ਜਦੋਂ ਵੀ ਕੋਈ ਚੀਜ਼ ਬਣਾਉਂਦੇ ਹਨ ਉਹ ਸੁਰੱਖਿਆ ਦੇ ਹਿਸਾਬ ਨਾਲ ਬਣਾਉਂਦੇ ਹਨ।ਉਸ ਨੇ ਆਪਣਾ ਮਕਾਨ ਖੇਤ ਦੇ ਬਿਲਕੁਲ ਵਿਚਾਲੇ ਬਣਾ ਲਿਆ, ਜੋ ਕਿ ਮੇਨ ਸੜਕ ਤੋਂ ਆਪਣੀ ਬਣਾਈ ਹੋਈ ਸੜਕ ਨਾਲ ਮਿਲਦਾ ਸੀ। ਮਕਾਨ ਦੇ ਹੇਠਲੇ ਹਿੱਸੇ ਵਿਚ ਟਰੈਕਟਰ, ਟਰਾਲੀ, ਪਸ਼ੂ, ਕਣਕ ਆਦਿ ਰੱਖੇ ਹੋਏ ਸਨ। ਛੋਟੀਆਂ ਪੌੜੀਆਂ ਰਾਹੀਂ ਉਪਰਲੀ ਮੰਜ਼ਿਲ ਦਾ ਰਸਤਾ ਸੀ। ਮੇਜਰ ਸਾਹਿਬ ਦੀ ਪਤਨੀ ਪਹਿਲਾਂ ਹੀ ਸੁਰਗਵਾਸ ਹੋ ਚੁੱਕੀ ਸੀ। ਉਨ੍ਹਾਂ ਦਾ ਪੁੱਤਰ ਸਾਬਕਾ ਆਰਮੀ ਕਪਤਾਨ ਮਨਜੀਤ ਸਿੰਘ ਸ਼ੇਰਗਿਲ ਪਟਿਆਲੇ ਸ਼ਹਿਰ ਵਿਖੇ ਸੈਨਿਕ ਭਲਾਈ ਅਫਸਰ ਲੱਗਾ ਹੋਇਆ ਸੀ। ਉਨ੍ਹਾਂ ਦੀ ਇਕਲੌਤੀ ਲੜਕੀ ਕਾਨਪੁਰ ਵਿਆਹੀ ਹੋਈ ਸੀ। ਇੰਨੇ ਵਿਚ 1984 ਦਾ ਸਮਾਂ ਆ ਗਿਆ। ਉਸ ਵੇਲੇ ਮੇਜਰ ਸਾਹਿਬ ਇਕੱਲੇ ਹੀ ਗਵਲੀਅਰ ਪਾਸ ਆਪਣੇ ਫਾਰਮ ’ਤੇ ਰਹਿੰਦੇ ਸਨ। ਇੰਦਰਾ ਗਾਂਧੀ ਦੇ ਮਰਨ ਤੋਂ ਬਾਅਦ ਸਾਰੇ ਦੇਸ਼ ਵਿਚ ਹੀ ਸਿੱਖ ਵਿਰੋਧੀ ਦੰਗੇ ਭੜਕ ਗਏ। ਇਥੋਂ ਤੱਕ ਕਿ ਰੇਲ ਰਾਹੀਂ ਸਫਰ ਕਰ ਰਹੇ ਸਿੱਖ ਫੌਜੀ ਅਫਸਰ ਅਤੇ ਕਰਮਚਾਰੀਆਂ ਨੂੰ ਵੀ ਮਾਰ ਦਿੱਤਾ ਗਿਆ।

ਪਿੰਡ ਸ਼ੇਰਗੜ੍ਹ ਦੇ 25-30 ਮੁੰਡੇ ਇਕੱਠੇ ਹੋ ਕੇ ਮੇਜਰ ਸਾਹਿਬ ਦੇ ਘਰ ਆ ਗਏ। ਮੇਜਰ ਸਾਹਿਬ ਨੇ ਉਪਰੋਂ ਕਿਹਾ ਕਿ ਜੇ ਤਾਂ ਤੁਹਾਨੂੰ ਕਣਕ ਦੀ ਲੋੜ ਹੈ ਤਾਂ ਹੇਠਾਂ ਹੀ ਪਈ ਹੈ ਤੁਸੀਂ ਲਿਜਾ ਸਕਦੇ ਹੋ। ਜੇਕਰ ਟਰੈਕਟਰ, ਟਰਾਲੀ ਜਾਂ ਪਸ਼ੂ ਚਾਹੀਦਾ ਤਾਂ ਉਸ ਨਾਲ ਤੁਹਾਡੇ ਸਾਰਿਆਂ ਦਾ ਕੁਝ ਨਹੀਂ ਬਣਨਾ। ਫੌਜ ਦੀ ਨੌਕਰੀ ਚੰਗੀ ਤਰ੍ਹਾਂ ਕਰਨ ਕਰਕੇ ਉਨ੍ਹਾਂ ਵਿਚ ਸਾਹਸ ਬਹੁਤ ਸੀ। ਉਨ੍ਹਾਂ ਨੇ ਕਿਹਾ ਕਿ ਜੇ ਮੈਂ ਛੋਟੀ ਉਮਰ

ਦਾ ਹੁੰਦਾ ਤਾਂ ਮੈਂ 10-20 ਬੰਦਿਆਂ ਨੂੰ ਮਾਰ ਸਕਦਾ ਸੀ। ਪਰ ਹੁਣ ਮੈਂ ਫੈਸਲਾ ਕੀਤਾ ਹੈ ਕਿ ਮੈਂ ਤਿੰਨ ਬੰਦੇ ਮਾਰ ਕੇ ਮਰਨ ਨੂੰ ਤਿਆਰ ਹਾਂ। ਜੇ ਮੈਂ ਗੋਲੀ ਚਲਾਈ ਤਾਂ ਤਿੰਨ ਤੋਂ ਵੱਧ ਮਰਨਗੇ। ਇਹ ਹੁਣ ਤੁਸੀਂ ਆਪ ਫੈਸਲਾ ਕਰ ਲਓ, ਜਿਨ੍ਹਾਂ ਤਿੰਨ ਬੰਦਿਆਂ ਨੇ ਮਰਨਾ ਹੈ। ਤੁਹਾਨੂੰ ਪਤਾ ਹੀ ਹੈ ਕਿ ਮੇਰੇ ਕੋਲ ਰਾਈਫਲ, 12 ਬੋਰ ਦੀ ਬੰਦੂਕ ਅਤੇ ਪਿਸਤੌਲ ਵੀ ਹੈ। ਪਰ ਹਾਲ ਦੀ ਘੜੀ ਮੇਰਾ ਵਿਚਾਰ ਸਿਰਫ ਤਿੰਨ ਬੰਦੇ ਮਾਰਨ ਦਾ ਹੈ। ਮੈਂ ਵਾਅਦਾ ਕਰਦਾ ਹਾਂ ਕਿ ਮੈਂ ਚੌਥਾ ਬੰਦਾ ਨਹੀਂ ਮਾਰਾਂਗਾ।

ਭੀੜ ਵਿਚ ਆਏ ਸਾਰੇ ਮੁੰਡੇ ਆਪਸ ਵਿਚ ਵਿਚਾਰਾਂ ਕਰਨ ਲੱਗ ਪਏ। ਚੋਰ, ਡਾਕੂ ਅਤੇ ਗੁੰਡੇ ਲੁੱਟਣ ਆਉਂਦੇ ਹਨ। ਕੋਈ ਵੀ ਲੜਣਾ ਨਹੀਂ ਚਾਹੁੰਦਾ। ਸਾਰੇ ਮੁੰਡੇ ਆਪਸ ਵਿਚ ਗੱਲਾਂ ਕਰਦੇ ਆਪੋ-ਆਪਣੇ ਘਰੀਂ ਚਲੇ ਗਏ। ਉਹ ਕਣਕ, ਟਰੈਕਟਰ, ਟਰਾਲੀ ਜਾਂ ਪਸ਼ੂ ਆਦਿ ਕੁਝ ਵੀ ਨਾ ਲੈ ਕੇ ਗਏ ਅਤੇ ਨਾ ਹੀ ਮੇਜਰ ਸਾਹਿਬ ਨੂੰ ਮਾਰਨ ਬਾਰੇ ਸੋਚਿਆ।

**ਸਬਕ:-** ਇਸ ਘਟਨਾ ਤੋਂ ਇਹ ਸਬਕ ਮਿਲਦਾ ਹੈ ਕਿ ਕਈ ਵਾਰ ਲੜਾਈ ਤੋਂ ਬਿਨਾਂ ਹੀ ਗੱਲ ਦਾ ਇੰਨਾ ਅਸਰ ਹੁੰਦਾ ਹੈ ਕਿ ਮਾਰਨ ਵਾਲਾ ਖੁਦ ਹੀ ਪਿੱਛੇ ਹੱਟ ਜਾਂਦਾ ਹੈ।

ਇਕ ਦੋ ਵਾਰ ਮੇਰੇ ਵੱਡੇ ਪੁੱਤਰ, ਗੁਰਮੀਤ (ਅਮਰੀਕਾ ਨਿਵਾਸੀ) ਨੂੰ ਵੀ ਕਿਸੇ ਨੇ ਕਿਹਾ, "ਤੁਸੀਂ ਕਿਉਂ ਨਹੀਂ ਅਮਰੀਕਾ ਛੱਡ ਕੇ ਚੱਲੇ ਜਾਂਦੇ।" ਮੇਰੇ ਪੁੱਤਰ ਗੁਰਮੀਤ ਨੇ ਬੜੇ ਪਿਆਰ ਅਤੇ ਠਰ੍ਹੰਮੇ ਨਾਲ ਕਿਹਾ ਕਿ ਅਸੀਂ ਇਸ ਬਾਰੇ ਪਹਿਲਾਂ ਹੀ ਸੋਚ ਰਹੇ ਹਾਂ। ਇਸ ਨਾਲ ਦੂਜਾ ਬੰਦਾ ਸ਼ਾਂਤ ਹੋ ਗਿਆ। ਇਹੋ ਜਿਹੇ ਹਾਲਾਤ ਵਿਚ ਸਾਨੂੰ ਸ਼ਾਂਤੀ ਨਾਲ ਕੰਮ ਲੈਣਾ ਚਾਹੀਦਾ ਹੈ। ਕੋਈ ਅਜਿਹੀ ਗੱਲ ਨਹੀਂ ਕਰਨੀ ਚਾਹੀਦੀ ਜਿਸ ਨਾਲ ਗੱਲ ਵਿਗੜ ਜਾਵੇ।

# ਪ੍ਰਧਾਨਗੀ ਦਾ ਧਰਮ

ਜਿਵੇਂ ਭਗਤ ਦਾ ਧਰਮ ਰੱਬ ਦੀ ਭਗਤੀ ਹੈ ਅਤੇ ਸਿਪਾਹੀ ਦਾ ਧਰਮ ਦੇਸ਼ ਲਈ ਮਰ ਮਿੱਟਣ ਦਾ ਹੁੰਦਾ ਹੈ, ਉਸੇ ਤਰ੍ਹਾਂ ਹਰ ਇਕ ਜ਼ਿੰਮੇਵਾਰੀ ਦਾ ਆਪਣਾ ਧਰਮ ਹੁੰਦਾ ਹੈ। ਸਾਰੀ ਦੁਨੀਆ ਵਿਚ ਤਕਰੀਬਨ 15 ਕੁ ਹਜ਼ਾਰ ਗੁਰਦੁਆਰੇ ਹਨ। ਅਮਰੀਕਾ ਦੇ ਸ਼ਿਕਾਗੋ ਇਲਾਕੇ ਵਿਚ ਬਣੇ 6-7 ਗੁਰਦੁਆਰਿਆਂ ਵਿਚ ਕਾਲੇਕਾ ਪਰਿਵਾਰ ਦਾ ਵਿਸ਼ੇਸ਼ ਹੱਥ ਰਿਹਾ ਹੈ। ਸਤਵੰਤ ਨੂੰ ਬਚਪਨ ਤੋਂ ਹੀ ਗੁਰੂ ਘਰ ਦੀ ਸੇਵਾ ਨਾਲ ਪਿਆਰ ਸੀ। ਸਾਡੇ ਪਿੰਡ ਦੁਗਾਲ ਵਿਚ ਜਦੋਂ ਗੁਰੂ ਘਰ ਵਿਚ ਕੋਈ ਪ੍ਰੋਗਰਾਮ ਹੁੰਦਾ ਤਾਂ ਸਤਵੰਤ ਪਿੰਡ ਦੇ ਗੁਰਦੁਆਰੇ ਵਿਚ ਦਿਲਚਸਪੀ ਨਾਲ ਸੇਵਾ ਕਰਦਾ ਹੁੰਦਾ ਸੀ। ਜਦੋਂ ਗੁਰਦੁਆਰੇ ਅਖੰਡ ਪਾਠ ਹੁੰਦਾ ਸੀ ਤਾਂ ਇਕ ਬੱਚਾ ਨੇੜੇ ਹੀ ਬੈਠ ਕੇ ਜਪੁ ਜੀ ਸਾਹਿਬ ਦਾ ਪਾਠ ਕਰਦਾ ਸੀ ਅਤੇ ਧੂਫ-ਅਗਰਬੱਤੀ ਆਦਿ ਦਾ ਧਿਆਨ ਰੱਖਦਾ ਸੀ। ਧੂਫ ਕਰਨ ਵਾਲੇ ਸੇਵਾਦਾਰ ਨੂੰ ਧੂਫੀਆ ਕਿਹਾ ਜਾਂਦਾ ਸੀ। ਸਤਵੰਤ ਅਕਸਰ ਧੂਫੀਏ ਦੀ ਸੇਵਾ ਕਰਦਾ ਸੀ। ਮੇਰੇ ਪਿਤਾ ਜੀ ਰਿਟਾਇਰਮੈਂਟ ਤੋਂ ਬਾਅਦ 1953 ਈ. ਵਿਚ ਪਿੰਡ ਜਾ ਕੇ ਵੱਸ ਗਏ ਅਤੇ 1982 ਤੱਕ ਪਿੰਡ ਵਿਚ ਹੀ ਰਹੇ। ਸਵੇਰੇ-ਸਵੇਰੇ ਉਠ ਕੇ ਤਕਰੀਬਨ 4 ਵਜੇ ਗੁਰਦੁਆਰਾ ਸਾਹਿਬ ਜਾ ਕੇ ਭਾਈ ਸੁਰਜਨ ਸਿੰਘ ਜੀ ਦੀ ਆਸਾ ਦੀ ਵਾਰ ਦਾ ਰਿਕਾਰਡ ਲਗਾ ਦਿੰਦੇ ਸਨ। ਉਨਾਂ ਦਿਨਾਂ ਵਿਚ ਟੇਪ ਰਿਕਾਰਡ ਨਹੀਂ ਸੀ ਆਇਆ। ਹੌਲੀ-ਹੌਲੀ ਸਤਵੰਤ ਵੀ ਗੁਰੂ ਜੀ ਦੀ ਪਿਆਰੀ ਸੰਗਤ ਦਾ ਹਿੱਸਾ ਬਣ ਗਿਆ।

1982 ਵਿਚ ਅਮਰੀਕਾ ਜਾ ਕੇ, ਪਹਿਲੀ ਵਾਰ ਸਤਵੰਤ ਨੂੰ ਪ੍ਰਧਾਨਗੀ ਦਾ ਮੌਕਾ 1995-96 ਵਿਚ ਮਿਲਿਆ, ਜਦੋਂ ਮਿਲਵਾਕੀ ਇੱਕ ਹੀ ਗੁਰਦੁਆਰਾ ਹੁੰਦਾ ਸੀ। ਇਹ ਗੁਰਦੁਆਰਾ ਸਾਹਿਬ ਫੰਡੂਲਾਕ ਰੋਡ 'ਤੇ ਸਥਿਤ ਸੀ। ਉਹ ਸਾਂਝੇ ਗੁਰਦੁਆਰੇ ਦੀ ਸਿਆਸਤ ਨੇ ਕੁਝ ਇਸ ਤਰ੍ਹਾਂ ਪਲਟਾ ਲਿਆ ਕਿ ਨਵੰਬਰ 1996 ਵਿਚ ਸਾਡੀ ਭੈਣ ਦੇ ਸਹੁਰੇ ਦੇ ਮਰਨ ਉਪਰੰਤ ਸਤਵੰਤ ਪਟਿਆਲੇ ਆਇਆ। ਜਦੋਂ ਤੱਕ ਉਹ ਵਾਪਸ ਪਹੁੰਚਿਆ ਉਦੋਂ ਤੱਕ ਸਤਵੰਤ ਦੇ ਵਿਰੋਧੀਆਂ ਨੇ ਨਵੀਂ ਕਮੇਟੀ ਦਾ ਨਵਾਂ ਪ੍ਰਧਾਨ ਬਣਾ ਕੇ ਪੁਰਾਣੇ ਗੁਰਦੁਆਰੇ ਦੀ ਬਿਲਡਿੰਗ ਵੇਚ ਕੇ ਨਵਾਂ ਗੁਰਦੁਆਰਾ ਲੈਣ ਦੀ ਯੋਜਨਾ ਬਣਾ ਲਈ ਸੀ। ਉਸ ਗੁਰਦੁਆਰੇ ਦੀ ਬਿਲਡਿੰਗ ਤੋਂ ਇਲਾਵਾ ਗੁਰਦੁਆਰੇ ਕੋਲ ਲਗਪਗ ਡੇਢ ਲੱਖ ਡਾਲਰ ਨਕਦ ਵੀ ਸੀ। ਸਤਵੰਤ ਨੂੰ ਇਹ ਸਾਰਾ

ਕੁਝ ਚੰਗਾ ਨਾ ਲੱਗਿਆ ਅਤੇ ਉਸ ਨੇ ਆਪਣੇ ਘਰ ਹੀ ਅਲੱਗ ਗੁਰਦੁਆਰਾ ਲਗਾਉਣਾ ਸ਼ੁਰੂ ਕਰ ਦਿੱਤਾ। ਉਹ ਆਪਣੀ ਬੇਸਮੈਂਟ ਵਿਚ ਨਵਾਂ ਗੁਰੂ ਘਰ ਸਜਾਉਂਦਾ ਸੀ ਤੇ ਉਸ ਦੀ ਪਤਨੀ ਸਤਪਾਲ, ਸੰਗਤ ਲਈ ਲੰਗਰ ਬਣਾਉਂਦੀ ਸੀ। ਕੁਝ ਦੇਰ ਕਿਰਾਏ ਦੇ ਪਾਰਕ ਉਤੇ ਇਹ ਗੁਰਦੁਆਰਾ ਲਗਾਉਂਦੇ ਰਹੇ। ਦੋ ਕੁ ਸਾਲਾਂ ਬਾਅਦ ਇਹ ਡਾਊਨ ਟਾਊਨ ਮਿਲਵਾਕੀ ਵਿਚ ਚਲੇ ਗਏ, ਜਿੱਥੇ ਇਕ ਪੁਰਾਣੀ ਬਿਲਡਿੰਗ ਲੈ ਕੇ ਕੁਝ ਸਾਲ ਕੰਮ ਚਲਾਇਆ। 2005-06 ਵਿਚ 13 ਕਿੱਲੇ ਥਾਂ ਲੈ ਕੇ ਓਕ ਕਰੀਕ ਵਿਖੇ ਹੁਣ ਵਾਲਾ ਗੁਰਦੁਆਰਾ ਬਣਾਇਆ। ਸੰਗਤ ਦੇ ਸਹਿਯੋਗ ਨਾਲ ਬਹੁਤ ਵੱਡੀ ਬਿਲਡਿੰਗ ਬਣਾਈ। ਇਸ ਦੀ ਇੱਕ-ਇੱਕ ਇੱਟ ਸਤਵੰਤ ਨੇ ਆਪ ਖੜ੍ਹ ਕੇ ਲਗਵਾਈ। 2007 ਵਿੱਚ ਇਹ ਗੁਰਦੁਆਰਾ ਬਣ ਕੇ ਮੁਕੰਮਲ ਹੋ ਗਿਆ ਜੋ ਸ਼ਿਕਾਗੋ ਇਲਾਕੇ ਦਾ ਸਭ ਤੋਂ ਵੱਡਾ ਅਤੇ ਹਰਮਨ ਪਿਆਰਾ ਸਥਾਨ ਬਣ ਗਿਆ। ਸਤਵੰਤ ਦੇ ਲੋਕਾਂ ਨਾਲ ਸਮਾਜਿਕ ਸਬੰਧ ਬਹੁਤ ਚੰਗੇ ਸਨ। ਉਹ ਇੰਡੀਆਨਾ ਅਤੇ ਇਲੀਨਾਇ ਆਦਿ ਸਟੇਟਾਂ ਤੋਂ ਕਾਫੀ ਸੰਗਤ ਬੁਲਾ ਲੈਂਦਾ ਸੀ। ਗੁਰਦੁਆਰਾ ਹਰ ਹਫ਼ਤੇ ਅਖੰਡ ਪਾਠ ਲਈ ਬੁੱਕ ਰਹਿਣ ਲੱਗਾ। ਸਤਵੰਤ ਸ਼ੁਕਰਵਾਰ ਨੂੰ ਜਾ ਕੇ ਅਖੰਡ ਪਾਠ ਸਾਹਿਬ ਸ਼ੁਰੂ ਕਰਵਾਉਂਦਾ ਸੀ। ਉਹ ਸ਼ਨਿਚਰਵਾਰ ਵਾਲੇ ਦਿਨ ਵੀ ਗੁਰਦੁਆਰਾ ਸਾਹਿਬ ਜਾ ਕੇ ਬੰਦੋਬਸਤ ਅਤੇ ਲੰਗਰ ਦਾ ਪ੍ਰਬੰਧ ਦੇਖਦਾ। ਸਤਵੰਤ ਨੇ ਸਾਰੀ ਪੇਟਿੰਗ ਅਤੇ ਟਾਈਲਾਂ ਦਾ ਕੰਮ ਆਪ ਅੱਗੇ ਲੱਗ ਕੇ ਮਜ਼ਦੂਰਾਂ ਵਾਂਗ ਕੀਤਾ। ਉਹ ਇਕੱਲਾ ਸੇਵਾਦਾਰ ਹੀ ਨਹੀਂ ਸੀ ਸਗੋਂ ਬਹੁਤ ਚੰਗਾ ਪ੍ਰਬੰਧਕ ਵੀ ਸੀ। ਸਤਵੰਤ ਹਰ ਸਾਲ ਵਿਸਾਖੀ ਤੋਂ ਪਹਿਲਾਂ ਸੰਗਤ ਨੂੰ ਹੱਥ ਜੋੜ ਦਿੰਦਾ ਸੀ ਕਿ ਕੋਈ ਨਵਾਂ ਪ੍ਰਧਾਨ ਉਸ ਦੀ ਜਗ੍ਹਾ ਸਰਬਸੰਮਤੀ ਨਾਲ ਚੁਣ ਲੈਣ ਅਤੇ ਉਹਨਾਂ ਤੋਂ ਵਿਸਾਖੀ ਵਾਲੇ ਦਿਨ ਗੁਰਦੁਆਰੇ ਦੀਆਂ ਚਾਬੀਆਂ ਲੈ ਲੈਣ, ਪਰ ਅਜਿਹਾ ਨਾ ਹੋ ਸਕਿਆ। ਆਖ਼ਰੀ ਦਮ ਤੱਕ ਸਤਵੰਤ ਇਸ ਗੁਰਦੁਆਰੇ ਦਾ ਪ੍ਰਧਾਨ ਰਿਹਾ।

ਜਿਵੇਂ ਹਰ ਅਹੁਦੇ ਨਾਲ ਜ਼ਿੰਮੇਵਾਰੀ ਬੰਨ੍ਹੀ ਹੁੰਦੀ ਹੈ। ਜਿਵੇਂ ਹਰ ਇਕ ਫੌਜ ਦਾ ਜਨਰਲ ਪਹਿਲਾਂ ਸਿਪਾਹੀ ਹੈ ਫਿਰ ਬਾਅਦ ਵਿਚ ਜਨਰਲ। ਫਰਕ ਸਿਰਫ ਇਹੀ ਹੈ ਕਿ ਸਿਪਾਹੀ ਨੇ ਇਕੱਲਾ ਜਾਨ ਲੜਾ ਕੇ ਮਰਨਾ ਹੈ ਅਤੇ ਜਨਰਲ ਨੇ ਆਪਣੀ ਰੱਖਿਆ ਤੋਂ ਇਲਾਵਾ ਆਪਣੀ ਸੰਸਥਾ ਦਾ ਅਨੁਸ਼ਾਸਨ ਵੀ ਕਰਨਾ ਹੈ। ਨਾਮ ਵੀ ਬਣਾਉਣਾ ਹੈ ਅਤੇ ਜੇ ਲੋੜ ਪੈਂਦੀ ਹੈ ਤਾਂ ਆਪਣੇ ਆਪ ਨੂੰ ਖ਼ਤਰੇ ਵਿਚ ਪਾ ਕੇ ਅੱਗੇ ਵੱਧਣਾ ਹੈ। ਉਸੇ ਤਰ੍ਹਾਂ ਹੀ ਸਤਵੰਤ ਕੇਵਲ ਇਕ ਅੱਛੀ ਸੰਗਤ ਹੀ ਨਹੀਂ ਸੀ ਬਲਕਿ ਇੱਕ ਚੰਗਾ ਪ੍ਰਧਾਨ ਵੀ ਸੀ। ਕਿਸੇ ਵੀ ਕੀਰਤਨੀਏ ਜਾਂ ਗ੍ਰੰਥੀ ਸਿੰਘ ਨੂੰ ਉਹ ਆਪਣੇ ਘਰ ਮਹੀਨੇ ਬੱਧੀ ਰੱਖ ਕੇ ਸੇਵਾ ਕਰਦਾ ਸੀ। ਉਹ ਆਪਣੇ ਕੰਮ ਛੱਡ ਕੇ ਕੀਰਤਨੀ ਸਿੰਘਾਂ ਅਤੇ ਭਾਈ ਜੀ ਨੂੰ ਲੈਣ ਲਈ ਅਕਸਰ ਸ਼ਿਕਾਗੋ ਚਲਾ ਜਾਂਦਾ ਸੀ। ਸਤਵੰਤ ਹਰ ਵੇਲੇ ਕੀਰਤਨੀ ਸਿੰਘਾਂ ਅਤੇ ਭਾਈ ਜੀ ਦੀਆਂ ਲੋੜਾਂ ਦੀ ਦੇਖਭਾਲ ਕਰਦਾ ਸੀ।

ਉਹਨਾਂ ਦੇ ਬੱਚਿਆਂ ਦੇ ਦਾਖਲੇ ਕਰਵਾਉਂਦਾ ਸੀ। ਉਹਨਾਂ ਨੂੰ ਪੱਕੇ ਹੋਣ ਲਈ ਕਾਗਜ਼ ਆਦਿ ਬਣਾਉਣ ਲਈ ਵਕੀਲ ਕਰਕੇ ਦਿੰਦਾ ਸੀ। ਜੇ ਲੋੜ ਹੁੰਦੀ ਸੀ ਤਾਂ ਆਪ ਉਹਨਾਂ ਨਾਲ ਕਚਹਿਰੀ ਵੀ ਚਲਾ ਜਾਂਦਾ ਸੀ। ਲੰਗਰ ਦਾ ਕੰਮ ਹਰ ਸ਼ੁਕਰਵਾਰ ਨੂੰ ਸ਼ੁਰੂ ਹੋ ਜਾਂਦਾ ਸੀ। ਜਦੋਂ ਅਖੰਡ ਪਾਠ ਸ਼ੁਰੂ ਹੁੰਦਾ, ਉਸ ਦੀ ਪਤਨੀ ਲੰਗਰ ਦੇ ਨਾਲ ਸਬੰਧਤ ਬੀਬੀਆਂ ਨੂੰ ਟੈਲੀਫੋਨ ਕਰਕੇ ਬੁਲਾਉਂਦੀ ਸੀ। ਇਹ ਸਿਲਸਿਲਾ ਕਾਫੀ ਸਾਲਾਂ ਤੱਕ ਇਸੇ ਤਰ੍ਹਾਂ ਚਲਦਾ ਰਿਹਾ। ਹਰ ਐਤਵਾਰ ਨੂੰ ਅਰਦਾਸ ਤੋਂ ਬਾਅਦ ਸਤਵੰਤ ਇਕੱਲੇ ਇਕੱਲੇ ਸੰਗਤ ਦੇ ਮੈਂਬਰਾਂ ਨੂੰ ਮਿਲਦਾ ਅਤੇ ਉਹਨਾਂ ਦੇ ਘਰ, ਕਾਰੋਬਾਰ ਦਾ ਹਾਲ ਪੁੱਛਦਾ।

ਪੰਜ ਅਗਸਤ, ਉਸ ਨੇ ਨੋਰਥ ਮਿਲਵਾਕੀ ਵਾਲੇ ਗੁਰਦੁਆਰੇ, ਨਜ਼ਦੀਕ ਦੇ ਰਿਸ਼ਤੇਦਾਰ ਸ. ਬਚਨ ਸਿੰਘ ਗਿਲ ਦੇ ਮਾਤਾ ਜੀ ਦੀ ਬਰਸੀ ਹੋਣ ਕਰਕੇ ਜਾਣਾ ਸੀ। ਇਸ ਲਈ ਉਹ ਪਹਿਲਾਂ ਹੀ 9 ਕੁ ਵਜੇ ਇਸ ਗੁਰਦੁਆਰੇ ਆ ਗਿਆ। ਤਕਰੀਬਨ ਸਾਢੇ ਨੌਂ ਵਜੇ ਉਸ ਨੇ ਪਾਰਕਿੰਗ ਲਾਟ ਵਿਚ ਗੋਲੀ ਚੱਲਣ ਦੀ ਆਵਾਜ਼ ਸੁਣੀ। ਕੁਝ ਬੱਚੇ ਭੱਜ ਕੇ ਗੁਰਦੁਆਰੇ ਦੇ ਅੰਦਰ ਆ ਗਏ ਅਤੇ ਕਹਿਣ ਲੱਗੇ ਕਿ ਇਕ ਗੋਰਾ ਸੰਗਤ ਨੂੰ ਮਾਰ ਰਿਹਾ ਹੈ। ਸਤਵੰਤ ਨੇ 911 ਨੰਬਰ ਤੇ ਫੋਨ ਕਰਕੇ ਪੁਲਿਸ ਨੂੰ ਬੁਲਾਇਆ ਅਤੇ ਸਾਰਾ ਹਾਲ ਦੱਸਿਆ। ਇਹ ਓਪਰੇਸ਼ਨ ਅੱਧੇ ਕੁ ਘੰਟੇ ਦਾ ਸੀ। ਸਤਵੰਤ ਗੁਰੂ ਕੇ ਲੰਗਰ ਵਿਚ ਗਿਆ ਜਿੱਥੇ ਔਰਤਾਂ ਐਤਵਾਰ ਦੇ ਪ੍ਰੋਗਰਾਮ ਲਈ ਲੰਗਰ ਬਣਾ ਰਹੀਆਂ ਸਨ। ਉਹਨਾਂ ਨੂੰ ਪੈਂਟਰੀ ਵਿਚ ਲੁਕਾਇਆ ਤੇ ਕੁਝ ਬੱਚੇ ਜੋ ਖੇਡ ਰਹੇ ਸਨ, ਉਹਨਾਂ ਨੂੰ ਬੇਸਮੈਂਟ ਵਿਚ ਹੀ ਬੰਦ ਕਰ ਦਿੱਤਾ। ਸਤਵੰਤ ਕਹਿੰਦਾ ਰਿਹਾ ਦਰਬਾਰ ਸਾਹਿਬ ਦੇ ਕਮਰੇ ਵਿਚ ਜਾਓ ਤੇ ਸ਼ਸ਼ਤਰਧਾਰੀ ਹੋ ਜਾਓ। ਸਤਵੰਤ ਲੰਗਰ ਤੇ ਬੇਸਮੈਂਟ ਤੋਂ ਸਿੱਧਾ ਪ੍ਰਕਾਸ਼ ਸਿੰਘ ਦੇ ਕੁਆਰਟਰ ਵਿਚ ਗਿਆ। ਸਤਵੰਤ ਬਹੁਤ ਆਰਾਮ ਨਾਲ ਆਪਣੀ ਜਾਨ ਬਚਾ ਸਕਦਾ ਸੀ ਪਰ ਉਸ ਨੇ ਅਜਿਹਾ ਨਹੀਂ ਕੀਤਾ। ਉਹ ਕਿਉਂਕਿ ਪ੍ਰਧਾਨ ਸੀ ਤੇ ਪ੍ਰਧਾਨ ਦਾ ਧਰਮ ਸੀ ਸਾਰੀ ਸੰਗਤ ਨੂੰ ਬਚਾਉਣਾ ਅਤੇ ਗੁਰੂ ਘਰ ਦੀ ਆਨਸ਼ਾਨ ਲਈ ਮਰ ਮਿੱਟਣਾ।

ਉਹ ਆਪਣੇ ਸਟਾਫ ਕੁਆਰਟਰਾਂ ਵਿਚ ਗਿਆ ਅਤੇ ਉਹਨਾਂ ਨੂੰ ਸਾਵਧਾਨ ਕੀਤਾ। ਮਾਈਕਲ ਪੇਜ ਨੇ ਪਾਰਕਿੰਗ ਲਾਟ ਵਿਚ ਹੀ ਦੋ ਭਰਾ ਸ. ਸੀਤਾ ਸਿੰਘ ਅਤੇ ਭਾਈ ਰਣਜੀਤ ਸਿੰਘ ਨੂੰ ਮਾਰ ਦਿੱਤਾ। ਫਿਰ ਸਿੱਧਾ ਦਰਬਾਰ ਹਾਲ ਵਿਚ ਗਿਆ, ਉਥੇ ਪਰਮਜੀਤ ਕੌਰ ਨੂੰ ਮਾਰਿਆ। ਉਹ ਗੁਰੂ ਕੇ ਲੰਗਰ ਵੱਲ ਵੀ ਗਿਆ ਤੇ ਕੁਝ ਗੋਲੀਆਂ ਚਲਾਈਆਂ। ਮਾਈਕਲ ਪੇਜ ਨੇ ਪਹਿਲਾਂ ਦਫਤਰੋਂ ਬਾਹਰ ਆਏ ਸ. ਖੱਟੜਾ ਨੂੰ ਮਾਰਿਆ ਤੇ ਫਿਰ ਸਟਾਫ਼ ਕੁਆਰਟਰਾਂ ਵਿਚ ਵੜ ਕੇ ਭਾਈ ਪ੍ਰਕਾਸ਼ ਸਿੰਘ ਨੂੰ ਮਾਰਿਆ। ਉਸ ਵੇਲੇ ਸਤਵੰਤ ਸਿੰਘ, ਪ੍ਰਕਾਸ਼ ਸਿੰਘ ਦੇ ਕਮਰੇ ਵਿਚ ਆਇਆ ਹੀ ਸੀ ਕਿ ਮਾਈਕਲ ਪੇਜ, ਪ੍ਰਕਾਸ਼ ਸਿੰਘ ਦੇ ਕਮਰੇ ਵਿਚ ਆ ਗਿਆ ਤੇ ਉਸ ਨੂੰ

ਗੋਲੀਆਂ ਮਾਰਨੀਆਂ ਸ਼ੁਰੂ ਕਰ ਦਿੱਤੀਆ। ਇੰਨੇ ਵਿਚ ਉਸ ਦੇ ਪਿਸਤੌਲ ਦੇ ਮੈਗਜ਼ੀਨ ਵਿਚ ਗੋਲੀਆਂ ਖ਼ਤਮ ਹੋ ਗਈਆਂ। ਪ੍ਰਕਾਸ਼ ਸਿੰਘ ਫਰਸ਼ 'ਤੇ ਡਿੱਗ ਪਿਆ। ਇੰਨੇ ਵਿਚ ਸਤਵੰਤ ਨੇ ਮੇਜ਼ ਤੇ ਪਈ ਕਰਦ (Fruit Knife) ਨਾਲ ਮਾਈਕਲ ਪੇਜ 'ਤੇ ਤਿੰਨ ਵਾਰ ਕੀਤੇ। ਦੋ ਚਾਕੂ ਮਾਈਕਲ ਦੀ ਗਰਦਨ 'ਤੇ ਮਾਰੇ ਤੇ ਇਕ ਉਸ ਦੀ ਛਾਤੀ ਵਿਚ। ਇੰਨੇ ਵਿਚ ਮਾਈਕਲ ਪੇਜ ਨੇ ਪਿਸਤੌਲ ਵਿਚ ਦੂਜਾ ਮੈਗਜ਼ੀਨ ਭਰ ਲਿਆ। ਸਤਵੰਤ ਨੇ ਛੁਰੀ ਛੱਡ ਕੇ ਮਾਈਕਲ ਪੇਜ ਨੂੰ ਪਿਛੋਂ ਜਫ਼ਾ ਪਾ ਲਿਆ। ਮਾਈਕਲ ਪੇਜ ਨੇ ਸਤਵੰਤ ਦੇ ਸਾਈਡ ਤੋਂ ਹੀ ਗੋਲੀਆਂ ਦੀ ਬੁਛਾੜ ਕਰ ਦਿੱਤੀ। ਪੰਜ ਗੋਲੀਆਂ ਲੱਗਣ ਨਾਲ ਸਤਵੰਤ ਡਿੱਗ ਪਿਆ ਤੇ ਮਾਈਕਲ ਪੇਜ ਬਾਹਰ ਆ ਗਿਆ। ਜਦੋਂ ਮਾਈਕਲ ਪੇਜ ਪਾਰਕਿੰਗ ਲਾਟ ਵਿਚ ਆਇਆ ਤਾਂ ਲਫਟੈਣ ਬ੍ਰਾਇਨ ਮਰਫੀ ਨੇ ਮਾਈਕਲ ਪੇਜ ਦੇ ਗੋਲੀ ਮਾਰੀ। ਮਾਈਕਲ ਪੇਜ ਨੇ ਕਈ ਗੋਲੀਆਂ ਮਾਰ ਕੇ ਮਰਫੀ ਨੂੰ ਜ਼ਖ਼ਮੀ ਕਰ ਦਿੱਤਾ। ਇੰਨੇ ਵਿਚ ਹੀ ਸੈਮ ਲਿੰਡਾ ਨਾਂ ਦੇ ਇਕ ਪੁਲਿਸ ਅਫ਼ਸਰ ਨੇ ਰਾਈਫਲ ਨਾਲ ਮਾਈਕਲ ਪੇਜ ਨੂੰ ਮਾਰ ਦਿੱਤਾ।

ਇੱਧਰ ਪ੍ਰਕਾਸ਼ ਸਿੰਘ ਜੋ ਬਹੁਤ ਜ਼ਖਮੀ ਸੀ, ਹਾਏ-ਹਾਏ ਕਰ ਰਿਹਾ ਸੀ। ਮਾਈਕਲ ਪੇਜ ਮਰ ਚੁਕਿਆ ਸੀ, ਕੁਝ ਬੱਚੇ ਬੇਸਮੈਂਟ ਤੋਂ ਬਾਹਰ ਆਏ ਅਤੇ ਉਹਨਾਂ ਨੇ ਸਤਵੰਤ ਅਤੇ ਪ੍ਰਕਾਸ਼ ਸਿੰਘ ਨੂੰ ਜ਼ਖਮੀ ਹਾਲਤ ਵਿਚ ਦੇਖਿਆ। ਪ੍ਰਕਾਸ਼ ਸਿੰਘ ਹਾਏ-ਹਾਏ ਕਹਿ ਰਿਹਾ ਸੀ ਆਖਰੀ ਸਾਹਾਂ ਤੇ ਸੀ। ਸਤਵੰਤ ਸ. ਪ੍ਰਕਾਸ਼ ਸਿੰਘ ਨੂੰ ਕਹਿ ਰਿਹਾ ਸੀ ਕਿ ਵਾਹਿਗੁਰੂ ਬੋਲ। ਸਤਵੰਤ ਨੇ ਆਪ ਦੋ ਤਿੰਨ ਵਾਰ ਵਾਹਿਗੁਰੂ ਬੋਲਿਆ ਤੇ ਦੁਨੀਆ ਤੋਂ ਕੂਚ ਕਰ ਗਿਆ।

ਇਹ ਸਾਰੀ ਕਹਾਣੀ ਤੋਂ ਇਹ ਸਿੱਧ ਹੁੰਦਾ ਹੈ ਕਿ ਸਤਵੰਤ ਨੇ ਆਪਣੇ ਪ੍ਰਧਾਨ ਹੋਣ ਦਾ ਧਰਮ ਬਾਖੂਬੀ ਨਾਲ ਨਿਭਾਇਆ। ਭਾਰਤੀ ਨੇਵੀ ਵਿਚ ਇਕ ਪ੍ਰਥਾ ਹੁੰਦੀ ਹੈ ਕਿ ਜਦੋਂ ਜਹਾਜ਼ ਡੁੱਬਣ ਲੱਗਦਾ ਹੈ ਤਾਂ ਜਹਾਜ਼ ਦਾ ਕੈਪਟਨ ਜਹਾਜ਼ ਨੂੰ ਛੱਡ ਕੇ ਨਹੀਂ ਜਾਂਦਾ। ਉਹ ਆਪਣੇ ਬਾਕੀ ਦੇ ਸਟਾਫ ਨੂੰ ਛੋਟੀਆਂ ਕਿਸ਼ਤੀਆਂ ਰਾਹੀਂ ਜਹਾਜ਼ ਤੋਂ ਬਾਹਰ ਕੱਢ ਦਿੰਦਾ ਹੈ ਪਰੰਤੂ ਆਪ ਉਹ ਜਹਾਜ਼ ਵਿਚ ਹੀ ਰਹਿੰਦਾ ਹੈ ਅਤੇ ਜਹਾਜ਼ ਨਾਲ ਹੀ ਡੁੱਬਦਾ ਹੈ। ਸਤਵੰਤ ਨੇ ਆਪਣਾ ਫਰਜ਼ ਉਸ ਜਹਾਜ਼ ਦੇ ਕੈਪਟਨ ਵਾਂਗ ਹੀ ਪੂਰਾ ਕੀਤਾ ਪਰ ਫਰਕ ਸਿਰਫ਼ ਇਹ ਸੀ ਕਿ ਧਰਮ ਵਿਚ ਸ਼ਹੀਦ ਡੁੱਬਦੇ ਹਨ ਅਤੇ ਸ਼ਹਾਦਤ ਤਰਦੀ ਹੈ ਅਤੇ ਧਰਮ ਹੋਰ ਤਰੱਕੀ ਕਰਦਾ ਹੈ।

ਦੇਸ਼ ਵਿਚ ਤਾਂ ਲੱਖਾਂ ਸਿੱਖ ਸ਼ਹੀਦ ਹੋਏ ਹਨ ਤੇ ਲੜਾਈਆਂ ਵਿਚ ਵੀ ਸਿੱਖ ਬਹਾਦਰਾਂ ਦੀ ਗਿਣਤੀ ਹਜ਼ਾਰਾ ਵਿਚ ਹੀ ਹੈ। ਪਰ ਜਦੋਂ ਵੀ ਕਿਸੇ ਵਿਦੇਸ਼ੀ ਧਰਤੀ ਦੀ ਸ਼ਹਾਦਤ ਦੀ ਗੱਲ ਚਲੇਗੀ ਤਾਂ ਸਤਵੰਤ ਦਾ ਨਾਮ ਉਹਨਾਂ ਸਿਤਾਰਿਆਂ ਵਾਂਗ ਰਹੇਗਾ, ਜੋ ਸਦਾ ਚਮਕਦੇ ਹਨ। ਸਤਵੰਤ ਨੇ ਆਪਣੀ ਮਾਤਾ ਜਗੀਰ ਕੌਰ ਦਾ ਬਹਾਦਰ ਸਪੂਤ ਹੋਣ ਦਾ ਫਰਜ਼ ਨਿਭਾਇਆ ਹੈ। ਉਸ ਨੇ ਆਪਣੀ ਬਹਾਦਰ ਮਾਂ ਦੇ ਦੁੱਧ ਦੀ ਲਾਜ

ਰੱਖੀ। ਉਸ ਨੇ ਸ. ਸ਼ਮਸ਼ੇਰ ਸਿੰਘ ਭੈਣੀ ਫੱਤੇ ਵਾਲੇ ਜੋ ਉਸ ਦੇ ਨਾਨਾ ਜੀ ਲੱਗਦੇ ਸਨ, ਦੇ ਕਦਮਾਂ ਤੇ ਚੱਲ ਕੇ ਸ਼ਹੀਦੀ ਪ੍ਰਾਪਤ ਕੀਤੀ। ਉਸ ਨੇ ਆਪਣੇ ਪਿਤਾ ਮੇਜਰ ਪ੍ਰੀਤਮ ਸਿੰਘ ਨੂੰ ਵੀ ਅਮਰ ਕਰ ਦਿੱਤਾ ਹੈ ਕਿਉਂਕਿ ਜਿਥੇ ਵੀ ਸ਼ਹੀਦ ਦਾ ਨਾਮ ਆਵੇਗਾ ਉਥੇ ਮਾਤਾ ਪਿਤਾ ਦਾ ਨਾਮ ਆਉਣਾ ਸੁਭਾਵਿਕ ਹੀ ਹੈ। ਉਸ ਨੇ ਆਪਣੇ ਵੱਡੇ ਭਰਾ ਅਮਰਜੀਤ ਸਿੰਘ ਕਾਲੇਕਾ ਦੀ 1965 ਦੇ ਯੁੱਧ ਦੀ ਯਾਦ ਆਪਣੇ ਵਿਚ ਸਮੋਈ ਹੋਈ ਸੀ, ਜਿਸ ਵਿਚ ਤੱਤ ਇਹ ਨਿਕਲਦਾ ਸੀ ਕਿ

॥ ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥ (1105)

6 ਅਗਸਤ 2012 ਤੋਂ ਬਾਅਦ ਪਟਿਆਲੇ ਦੇ ਘੱਟੋ ਘੱਟ ਪੰਜ ਹਜ਼ਾਰ ਵਿਅਕਤੀ ਜਿਹਨਾਂ ਵਿਚ ਅਫ਼ਸਰ ਵੀ ਸ਼ਾਮਲ ਸਨ, ਮੇਰੇ ਘਰ ਅਫ਼ਸੋਸ ਕਰਨ ਆਏ। ਮੈਂ ਕਿਸੇ ਨੂੰ ਵੀ ਰੋਣ ਨਹੀਂ ਦਿੱਤਾ। ਸਗੋਂ ਕਿਹਾ ਕਿ ਉਹ ਸ਼ਹੀਦ ਹੈ, ਆਪਾਂ ਸ਼ਹਾਦਤ ਮਨਾਉਣੀ ਹੈ। 16 ਅਗਸਤ 2012 ਨੂੰ ਪਟਿਆਲਾ ਸ਼ਹਿਰ ਵਿਚ ਗੁਰਦੁਆਰਾ ਸਿੰਘ ਸਭਾ ਮਾਲ ਰੋਡ, ਪਟਿਆਲਾ ਵਿਖੇ ਸ਼ਹੀਦ ਦੀ ਯਾਦ ਵਿਚ ਸਮਾਗਮ ਹੋਇਆ, ਜਿਸ ਵਿਚ ਦੱਸ ਹਜ਼ਾਰ ਤੋਂ ਵੱਧ ਸੰਗਤਾਂ ਨੇ ਹਿੱਸਾ ਲਿਆ। ਭਾਈ ਜਸਕਰਨ ਸਿੰਘ ਰਾਗੀ ਨੇ ਸੰਗਤਾ ਨੂੰ ਰਸਮਈ ਕੀਰਤਨ ਨਾਲ ਨਿਹਾਲ ਕੀਤਾ। ਕੀਰਤਨ ਸ਼ੁਰੂ ਕਰਨ ਤੋਂ ਪਹਿਲਾਂ ਮੈਂ ਭਾਈ ਸਾਹਿਬ ਨੂੰ ਬੇਨਤੀ ਕੀਤੀ ਕਿ ਚੜ੍ਹਦੀਕਲਾ ਵਾਲਾ ਕੀਰਤਨ ਕਰਨਾ ਹੈ।

12 ਸਤੰਬਰ ਨੂੰ ਸਾਡੇ ਜੱਦੀ ਪਿੰਡ ਦੁਗਾਲ ਵਿਚ ਸਾਡੇ ਸ਼ਰੀਕੇ ਕਬੀਲੇ ਨੇ ਚਾਰ ਕੁ ਹਜ਼ਾਰ ਬੰਦਿਆਂ ਦਾ ਇਕੱਠ ਕੀਤਾ। ਜਿਸ ਵਿਚ ਸਾਡੇ ਰਿਸ਼ਤੇਦਾਰ ਸ. ਸੁਰਜੀਤ ਸਿੰਘ ਰੱਖੜਾ ਤੋਂ ਇਲਾਵਾ ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਵੀ ਆਏ ਸਨ। ਉਸ ਵਿਚ ਪੰਥ ਦੇ ਉੱਘੇ ਹਜ਼ੂਰੀ ਰਾਗੀ ਭਾਈ ਮਨਜੀਤ ਸਿੰਘ ਵੀ ਆਏ ਸਨ। ਉਹਨਾਂ ਨੂੰ ਵੀ ਮੈਂ ਇਹੀ ਬੇਨਤੀ ਕੀਤੀ ਸੀ ਕਿ ਆਪਾਂ ਸ਼ਹੀਦ ਦੀ ਯਾਦ ਵਿਚ ਚੜ੍ਹਦੀਕਲਾ ਵਾਲੇ ਸ਼ਬਦ ਪੜ੍ਹਨੇ ਹਨ।

# ਸਤਵੰਤ ਸਿੰਘ ਕਾਲੇਕਾ ਦੀਆਂ ਅਸਥੀਆਂ ਕੀਰਤਪੁਰ ਸਾਹਿਬ ਵਿਖੇ ਜਲ ਪ੍ਰਵਾਹ 24-12-2012

ਗੁਰਦੁਆਰਾ ਓਕ ਕਰੀਕ (ਮਿਲਵਾਕੀ) ਵਿਸਕਾਨਸਿਨ (ਅਮਰੀਕਾ) ਵਿਚ 5 ਅਗਸਤ 2012 ਨੂੰ ਗੋਲੀਆਂ ਚਲਾਉਣ ਵਾਲੇ ਇਕ ਹਮਲਾਵਰ ਦਾ ਮੁਕਾਬਲਾ ਕਰਦਿਆਂ ਸ਼ਹੀਦ ਹੋਏ ਸਤਵੰਤ ਸਿੰਘ ਕਾਲੇਕਾ ਦੀਆਂ ਅਸਥੀਆਂ 24-12-2012 ਪਤਾਲਪੁਰੀ ਵਿਖੇ ਜਲ ਪ੍ਰਵਾਹ ਕਰ ਦਿੱਤੀਆਂ ਗਈਆਂ। ਪੰਜਾਬ ਦੇ ਪੇਂਡੂ ਤੇ ਪੰਚਾਇਤ ਵਿਕਾਸ ਮੰਤਰੀ ਸੁਰਜੀਤ ਸਿੰਘ ਰੱਖੜਾ, ਰਣਧੀਰ ਸਿੰਘ ਰੱਖੜਾ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਵੱਲੋਂ ਗੁਰਦੁਆਰਾ ਪਤਾਲਪੁਰੀ, ਕੀਰਤਪੁਰ ਸਾਹਿਬ ਵਿਖੇ ਅਸਥੀਆਂ ਲਿਆਂਦੀਆਂ ਗਈਆਂ। ਅਰਦਾਸ ਉਪਰੰਤ ਅਸਥੀਆਂ ਨੂੰ ਸਤਲੁਜ਼ ਦਰਿਆ ਵਿਚ ਜਲ ਪ੍ਰਵਾਹ ਕਰ ਦਿੱਤਾ ਗਿਆ। ਇਸ ਮੌਕੇ ਮਰਹੂਮ ਕਾਲੇਕਾ ਦੀ ਪਤਨੀ ਸਤਪਾਲ ਕੌਰ, ਭੈਣ ਹਰਿੰਦਰ ਕੌਰ, ਜੀਜਾ ਸੁਰਜੀਤ ਸਿੰਘ ਰੱਖੜਾ, ਬੇਟੇ ਪ੍ਰਦੀਪ ਸਿੰਘ ਅਤੇ ਅਮਰਦੀਪ ਸਿੰਘ ਕਾਲੇਕਾ ਅਤੇ ਵੱਡਾ ਭਰਾ ਅਮਰਜੀਤ ਸਿੰਘ ਹਾਜ਼ਰ ਸਨ।

ਪਰਿਵਾਰਕ ਮੈਂਬਰਾਂ ਨੇ ਗੁਰਦੁਆਰਾ ਸਾਹਿਬ ਵਿਖੇ ਮੱਥਾ ਟੇਕਿਆ ਤੇ ਕੀਰਤਨ ਸੁਣਿਆ। ਸ੍ਰੀ ਰੱਖੜਾ ਨੇ ਦੱਸਿਆ ਕਿ ਜਿਸ ਦਿਨ ਇਹ ਘਟਨਾ ਵਾਪਰੀ ਉਸ ਦਿਨ ਉਹ ਵੀ ਆਪਣੇ ਭਤੀਜੇ ਦੇ ਵਿਆਹ ਵਿਚ ਸ਼ਾਮਲ ਹੋਣ ਲਈ ਅਮਰੀਕਾ ਗਏ ਹੋਏ ਸਨ। ਇਸ ਘਟਨਾ ਸਮੇਂ ਸਤਵੰਤ ਸਿੰਘ ਕਾਲੇਕਾ ਨੇ ਆਪਣੀ ਜਾਨ ਦੀ ਪ੍ਰਵਾਹ ਨਾ ਕਰਦਿਆਂ ਸੰਗਤਾਂ 'ਤੇ ਗੋਲੀਆਂ ਚਲਾਉਣ ਵਾਲੇ ਅਮਰੀਕੀ ਨੂੰ ਜੱਫੀ ਪਾ ਕੇ ਕਾਬੂ ਕੀਤਾ, ਜੇਕਰ ਉਹ ਅਜਿਹਾ ਨਾ ਕਰਦੇ ਤਾਂ ਹੋਰ ਵੀ ਕਈ ਜਾਨਾਂ ਜਾਣੀਆਂ ਸਨ। ਉਨ੍ਹਾਂ ਦੱਸਿਆ ਕਿ ਅਮਰੀਕਾ ਦੇ ਰਾਸ਼ਟਪਤੀ ਬਰਾਕ ਓਬਾਮਾ ਨੇ ਇਸ ਘਟਨਾ ਦੀ ਅਮਰੀਕਾ ਦੀ ਖੁਫੀਆ ਏਜੰਸੀ ਕੋਲੋਂ ਜਾਂਚ ਕਰਾਈ ਹੈ।

ਉਨ੍ਹਾਂ ਦੱਸਿਆ ਕਿ ਇਸ ਘਟਨਾ ਦੇ ਸੋਗ ਵਿਚ 10 ਅਗਸਤ 2012 ਤੱਕ ਅਮਰੀਕਾ ਦਾ ਝੰਡਾ ਤਿੰਨ ਦਿਨਾਂ ਲਈ ਝੁਕਾਇਆ ਗਿਆ ਸੀ। ਪਰਿਵਾਰਕ ਮੈਂਬਰਾਂ ਦੀ ਇੱਛਾ ਸੀ ਕਿ ਸਤਵੰਤ ਸਿੰਘ ਕਾਲੇਕਾ ਦੀਆਂ ਅਸਥੀਆਂ ਕੀਰਤਪੁਰ ਸਾਹਿਬ ਦੇ ਗੁਰਦੁਆਰਾ ਪਤਾਲਪੁਰੀ ਵਿਖੇ ਜਲ ਪ੍ਰਵਾਹ ਕੀਤੀਆਂ ਜਾਣ ਜਿਸ ਕਰਕੇ ਉਨ੍ਹਾਂ ਦੀਆਂ ਅਸਥੀਆਂ ਅਮਰੀਕਾ ਤੋਂ ਇਥੇ ਲਿਆਂਦੀਆਂ ਗਈਆਂ ਹਨ।

# ਮਿਲਵਾਕੀ ਘਟਨਾ ਦਾ ਸਬਕ

5 ਅਗਸਤ 2012 ਨੂੰ ਅਮਰੀਕਾ ਦੀ ਵਿਸਕਾਨਸਿਨ ਸਟੇਟ ਦੇ ਸ਼ਹਿਰ ਮਿਲਵਾਕੀ ਸਥਿਤ ਓਕ ਕਰੀਕ ਗੁਰਦੁਆਰੇ ਵਿਚ ਇੱਕ ਅਮਰੀਕੀ ਨਾਗਰਿਕ ਵੱਲੋਂ ਦਿਨ ਦਿਹਾੜੇ 6 ਸਿੱਖ ਸ਼ਰਧਾਲੂਆਂ ਨੂੰ ਗੋਲੀਆਂ ਨਾਲ ਮਾਰ ਦਿੱਤਾ ਗਿਆ। ਇਸ ਦੁੱਖਦਾਈ ਘਟਨਾ ਬਾਰੇ ਸਾਰੀ ਦੁਨੀਆ ਵਿਚ ਚਰਚਾ ਹੋਈ। ਹਰ ਵਿਅਕਤੀ ਨੇ ਇਸ ਘਟਨਾ ਦੀ ਪੁਰਜ਼ੋਰ ਨਿੰਦਾ ਕੀਤੀ। ਅਮਰੀਕਾ ਦੇ ਰਾਸ਼ਟਪਤੀ ਬਰਾਕ ਓਬਾਮਾ ਨੇ ਆਪ ਸਿੱਖਾਂ ਪ੍ਰਤੀ ਹਮਦਰਦੀ ਪ੍ਰਗਟ ਕੀਤੀ। ਉਹਨਾਂ ਬੜੇ ਸਖ਼ਤ ਸ਼ਬਦਾਂ ਵਿਚ ਸਰਕਾਰ ਵੱਲੋਂ ਵੀ ਇਸ ਘਟਨਾ ਦੀ ਨਿੰਦਾ ਕੀਤੀ। ਸ਼ਾਇਦ ਇਹ ਪਹਿਲੀ ਵਾਰ ਹੋਇਆ ਕਿ ਅਮਰੀਕੀ ਸਰਕਾਰ ਨੇ ਕਿਸੇ ਘਟਨਾ ਦੇ ਸ਼ੋਕ ਵਜੋਂ ਦੇਸ਼ ਦੇ ਕੌਮੀ ਝੰਡੇ ਤਿੰਨ ਦਿਨਾਂ ਲਈ (8 ਅਗਸਤ ਤੋਂ 10 ਅਗਸਤ 2012) ਝੁਕਾਅ ਦੇਣ ਦੇ ਹੁਕਮ ਜਾਰੀ ਕੀਤੇ। ਇਹੋ ਜਿਹਾ ਪ੍ਰਗਟਾਵਾ ਪਹਿਲਾਂ ਸਾਇਦ ਕਿਧਰੇ ਨਹੀਂ ਹੋਇਆ। ਭਾਰਤ ਵਿਚ ਸੰਨ 1984 ਦੇ ਸਿੱਖ ਵਿਰੋਧੀ ਦੰਗਿਆਂ ਵਿਚ ਹਜ਼ਾਰਾਂ ਬੇਗੁਨਾਹ ਸਿੱਖ ਮਾਰ ਦਿੱਤੇ ਗਏ ਸਨ ਪਰ ਉਸ ਸਮੇਂ ਸਰਕਾਰ ਤਾਂ ਜਿਵੇਂ ਸੌਂ ਹੀ ਗਈ ਸੀ। ਅੱਜ ਤੱਕ ਇਹਨਾਂ ਦੰਗਿਆਂ ਲਈ ਜ਼ਿੰਮੇਵਾਰ ਵਿਅਕਤੀਆਂ ਨੂੰ ਸਜ਼ਾ ਨਹੀਂ ਹੋਈ। ਅਮਰੀਕਨ ਰਾਸ਼ਟਰਪਤੀ ਦੀ ਪਤਨੀ ਸ੍ਰੀਮਤੀ ਓਬਾਮਾ ਆਪ ਸਿੱਖਾਂ ਨਾਲ ਹਮਦਰਦੀ ਪ੍ਰਗਟ ਕਰਨ ਲਈ ਮਿਲਵਾਕੀ ਜਾ ਚੁੱਕੀ ਹੈ। ਸਾਰੇ ਵਿਸ਼ਵ ਵਿਚ ਸਿੱਖਾਂ ਵੱਲੋਂ ਇਸ ਘਟਨਾ ਕਰਕੇ ਦੀਵਾਨ ਸਜਾਏ ਗਏ। ਦਿੱਲੀ ਵਿਚ ਕਈ ਸਿੱਖ ਸੰਸਥਾਵਾਂ ਵੱਲੋਂ ਅਮਰੀਕਾ ਵਿਰੁੱਧ ਰੋਸ ਮੁਜ਼ਾਹਰੇ ਕੀਤੇ ਪਰ ਉਹ ਇਹ ਗੱਲ ਭੁੱਲ ਗਏ ਕਿ ਇਹ ਕਾਰਾ ਇਕ ਸਿਰਫਿਰੇ ਅਮਰੀਕਨ ਨੇ ਕੀਤਾ ਹੈ। ਅਮਰੀਕੀ ਪੁਲਿਸ ਨੇ ਫੌਰੀ ਕਾਰਵਾਈ ਕਰ ਕੇ ਦੋਸ਼ੀ ਨੂੰ ਮੌਕੇ ’ਤੇ ਹੀ ਮਾਰ ਮੁਕਾਇਆ। ਅਮਰੀਕੀ ਸਰਕਾਰ ਨੇ ਤਾਂ ਤੁਰੰਤ ਇਸ ਮਾਮਲੇ ’ਤੇ ਲੋੜੀਂਦੀ ਕਾਰਵਾਈ ਕੀਤੀ ਅਤੇ ਸਿੱਖਾਂ ਨਾਲ ਪੂਰੀ ਹਮਦਰਦੀ ਜਤਾਈ ਹੈ।

ਸਿੱਖਾਂ ਨੂੰ ਅੱਜ ਇਹ ਸੋਚਣ ਦੀ ਲੋੜ ਹੈ ਕਿ ਅਜਿਹੀਆਂ ਘਟਨਾਵਾਂ ਨੂੰ ਹੋਣ ਤੋਂ ਰੋਕਣ ਲਈ ਅੱਗੋਂ ਕੀ ਕੀਤਾ ਜਾਵੇ। ਕੇਵਲ ਅਖ਼ਬਾਰਾਂ ਵਿਚ ਬਿਆਨ ਦੇ ਦੇਣ ਨਾਲ ਮਸਲਾ ਹੱਲ ਨਹੀਂ ਹੋ ਜਾਂਦਾ। ਇਸ ਲਈ ਐਕਸ਼ਨ ਪਲਾਨ ਬਣਾਉਣ ਦੀ ਲੋੜ ਹੈ। ਮੈਂ ਅਮਰੀਕਾ ਕਈ ਵਾਰ ਗਿਆ ਹਾਂ। ਉਥੇ ਤਿੰਨ ਕੁ ਲੱਖ ਸਿੱਖ ਵੱਸਦੇ ਹਨ। ਹਰ ਥਾਂ ਗੁਰਦੁਆਰਾ ਹੈ। ਅੱਜ ਕੱਲ੍ਹ ਤਾਂ ਹਰ ਸ਼ਹਿਰ ਵਿਚ ਇਕ ਨਵਾਂ ਰਿਵਾਜ ਹੋ

ਗਿਆ ਹੈ ਕਿ ਸਿੱਖ ਸ਼ਹਿਰਾਂ ਵਿਚ ਸ਼ਾਨੋ ਸ਼ੌਕਤ ਨਾਲ ਨਗਰ ਕੀਰਤਨ ਕੱਢਦੇ ਹਨ। ਗੱਤਕਾ ਖੇਡਣਾ ਇਕ ਧਾਰਮਿਕ ਰਵਾਇਤ ਵਾਂਗ ਹੋ ਗਿਆ ਹੈ ਪਰ ਇੰਝ ਲੱਗਦਾ ਹੈ ਕਿ ਅਮਰੀਕੀ ਨਾਗਰਿਕਾਂ ਨੂੰ ਇਸ ਰਾਹੀਂ ਸਿੱਖ ਧਰਮ ਬਾਰੇ ਪੂਰੀ ਅਤੇ ਸਹੀ ਜਾਣਕਾਰੀ ਨਹੀਂ ਮਿਲ ਰਹੀ। ਸਿੱਖ ਅਮਰੀਕਾ ਵਿਚ ਲਗਭਗ 100 ਸਾਲ ਤੋਂ ਵੱਧ ਸਮੇਂ ਤੋਂ ਰਹਿ ਰਹੇ ਹਨ। ਅਮਰੀਕਾ ਵਿਚ ਪਹਿਲਾ ਗੁਰਦੁਆਰਾ ਸੰਨ 1812 ਵਿਚ ਸਟਾਕਸਟਨ (ਕੈਲੀਫੋਰਨੀਆ ਸਟੇਟ) ਵਿਚ ਬਣਿਆ ਸੀ।

ਪਹਿਲਾਂ ਸਾਡੇ ਵਿਰੁੱਧ ਬੜੇ ਸਖ਼ਤ ਕਾਨੂੰਨ ਸਨ। ਸੰਨ 1917 ਵਿਚ ਇਕ ਵਾਰ ਤਾਂ ਅਮਰੀਕਨਾਂ ਨੇ ਸਿੱਖਾਂ ਨੂੰ ਕੈਲੀਫੋਰਨੀਆ ਵਿਚੋਂ ਕੱਢ ਦਿੱਤਾ ਸੀ। ਕਾਮਾਗਾਟਾਮਾਰੂ ਜਹਾਜ਼ ਵੀ ਕੈਨੇਡਾ ਨੇ ਵਾਪਸ ਭੇਜ ਦਿੱਤਾ ਸੀ। ਗਦਰ ਲਹਿਰ ਅਮਰੀਕਾ ਵਿਚ ਪਲੀ। ਗਦਰੀ ਬਾਬੇ ਇਥੋਂ ਹੀ ਭਾਰਤ ਗਏ। ਅਮਰੀਕਾ ਵਿਚ ਅੱਜ ਸਿੱਖ ਡਾਕਟਰਾਂ, ਪ੍ਰੋਫੈਸਰਾਂ, ਟੈਕਨੀਸ਼ਨਾਂ ਆਦਿ ਦੀ ਭਰਮਾਰ ਹੈ। ਕਈ ਯੂਨੀਵਰਸਿਟੀਆਂ ਵਿਚ ਸਿੱਖ ਸਟੱਡੀਜ਼ ਚੇਅਰਜ਼ ਵੀ ਕਾਇਮ ਹਨ ਪਰ ਹਾਲੇ ਵੀ ਸਿੱਖਾਂ ਪ੍ਰਤੀ ਬਕਾਇਦਾ ਜਾਣਕਾਰੀ ਨਹੀਂ ਦਿੱਤੀ ਜਾ ਸਕੀ। ਸਿੱਖ ਫਾਰ ਜਸਟਿਸ ਵਰਗੀਆਂ ਸਿੱਖ ਸੁਸਾਇਟੀਆਂ ਸਿੱਖਾਂ ਦੀ ਮਦਦ ਲਈ ਕੰਮ ਕਰ ਰਹੀਆਂ ਹਨ। ਜਦੋਂ ਨਿਊਯਾਰਕ ਵਿਚ ਮੁਸਲਮਾਨਾਂ ਨੇ ਹਵਾਈ ਹਮਲਾ ਕੀਤਾ ਤਾਂ ਉਦੋਂ ਵੀ ਸਿੱਖਾਂ ਨੂੰ ਮੁਸਲਮਾਨ ਹੀ ਸਮਝਿਆ ਗਿਆ। ਇਸ ਕਰਕੇ ਹੀ ਸ. ਬਲਬੀਰ ਸਿੰਘ ਸੋਢੀ ਦਾ ਕਤਲ ਹੋਇਆ ਪਰ ਅਸੀਂ ਇਹਨਾਂ ਹਮਲਿਆਂ ਤੋਂ ਸਾਵਧਾਨ ਨਹੀਂ ਹੋਏ। ਸਿੱਖ ਆਰਥਿਕ ਖ਼ੇਤਰ ਵਿਚ ਸੌਖੇ ਹਨ, ਦਾਨ ਦਿੰਦੇ ਹਨ ਪਰ ਸਿੱਖਾਂ ਨੇ ਮੀਡੀਆ ਨੂੰ ਵਰਤਣ ਲਈ ਕੁਝ ਵੀ ਨਹੀਂ ਕੀਤਾ।

ਅੱਜ ਟੀ.ਵੀ ਚੈਨਲ ਵਧੇਰੇ ਪ੍ਰਭਾਵਸ਼ਾਲੀ ਹਨ। ਹਰ ਧਰਮ ਦਾ ਆਪਣਾ ਚੈਨਲ ਹੈ। ਇਸ ਖ਼ੇਤਰ ਵਿਚ ਇਕ ਨਿੱਗਰ ਕੰਮ ਨਿਊਯਾਰਕ ਸਥਿਤ 'ਸਿੱਖ ਆਰਟ ਐਂਡ ਫਿਲਮ ਸੁਸਾਇਟੀ' ਨੇ ਕੀਤਾ ਹੈ ਜੋ ਸਿੱਖਾਂ ਬਾਰੇ ਫਿਲਮਾਂ ਨੂੰ ਮਦਦ ਕਰਦੇ ਹਨ ਅਤੇ ਹਰ ਸਾਲ ਵੱਡੇ ਸ਼ੋਅ ਕਰਦੇ ਹਨ। ਮੈਂ ਇਹ ਮਹਿਸੂਸ ਕਰਦਾ ਹਾਂ ਕਿ ਮਿਲਵਾਕੀ ਦੀਆਂ ਸਿੱਖ ਸ਼ਹਾਦਤਾਂ ਨੇ ਪਹਿਲੀ ਵਾਰ ਅਮਰੀਕਨ ਮੀਡੀਆ ਦਾ ਧਿਆਨ ਸਿੱਖਾਂ ਵੱਲ ਖਿਚਿਆ ਹੈ। ਅਮਰੀਕਨ ਮੀਡੀਆ ਨਾਲ ਵਧੇਰੇ ਸੰਪਰਕ ਬਣਾਈ ਰੱਖਣ ਅਤੇ ਇਹਨਾਂ ਨੂੰ ਸਿੱਖ ਧਰਮ ਪ੍ਰਤੀ ਜਾਣਕਾਰੀ ਦੇਣ ਦੀ ਲੋੜ ਹੈ। ਸਿੱਖ ਧਰਮ ਅਮਨ ਪਸੰਦ ਹੈ। ਅਸੀਂ ਧਾਰਮਿਕ ਪਹਿਲੂ ਦਾ ਪ੍ਰਚਾਰ ਨਹੀਂ ਕਰਦੇ। ਸਿੱਖ ਸਿਧਾਂਤ ਮਨ ਨੂੰ ਸ਼ਾਂਤੀ ਦਿੰਦਾ ਹੈ। ਅਸੀਂ ਆਪਣੇ ਆਪ ਨੂੰ ਜੰਗ-ਜੂ ਸਾਬਤ ਕਰਨ ਵਿਚ ਲੱਗੇ ਹਾਂ। ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਸਿਧਾਂਤ ਅਤੇ ਉਪਦੇਸ਼ ਤਾਂ ਅਸੀਂ ਕਿਸੇ ਨੂੰ ਦੱਸ ਹੀ ਨਹੀਂ ਸਕੇ।

ਅਜਿਹੀ ਸਥਿਤੀ ਵਿਚ ਸਿੱਖ ਧਰਮ ਦੀ ਮਹਾਨ ਵਿਰਾਸਤ 'ਤੇ ਅਮਰੀਕੀ

ਨਾਗਰਿਕਾਂ ਦੀ ਨਜ਼ਰ ਵਿਚ ਕਿਵੇਂ ਪਵੇਗੀ? ਇਕੱਲੇ ਯੋਗੀ ਹਰਭਜਨ ਸਿੰਘ ਨੇ ਅਮਰੀਕਨਾਂ ਨੂੰ ਕੀਲ ਲਿਆ ਅਤੇ ਬਹੁਤ ਕਾਮਯਾਬੀ ਹਾਸਲ ਕੀਤੀ। ਇਸ ਮੁੱਦੇ ਦੀ ਗੰਭੀਰਤਾ ਸਬੰਧੀ ਮੀਟਿੰਗਾਂ ਕਰਨੀਆਂ ਚਾਹੀਦੀਆਂ ਹਨ।

ਆਪਸੀ ਏਕਤਾ ਕਾਇਮ ਕਰ ਕੇ, ਮੀਡੀਆ ਲਈ ਫੰਡ ਰੱਖ ਕੇ, ਟੀ.ਵੀ ਪ੍ਰੋਗਰਾਮ ਤਿਆਰ ਕਰਵਾਏ ਜਾ ਸਕਦੇ ਹਨ। ਪ੍ਰੋਫੈਸਰ ਮਨਜੀਤ ਸਿੰਘ, ਮੈਕਗਿਲ ਯੂਨੀਵਰਸਿਟੀ ਅਤੇ ਪ੍ਰੋਫੈਸਰ ਸ਼ਿੰਦਰ ਸਿੰਘ ਥਾਂਦੀ, ਕੋਵੈਂਟਰੀ ਯੂਨੀਵਰਸਿਟੀ, ਮਾਂਟਰੀਅਲ ਨੇ ਸਿੱਖਾਂ ਨੂੰ ਇਸ ਮਾਹੌਲ ਨਾਲ ਨਜਿੱਠਣ ਲਈ ਕੁਝ ਸੁਝਾਅ ਦਿੱਤੇ ਹਨ। ਗੁਰਦੁਆਰਿਆਂ ਵਿਚ ਹੁੰਦੀ ਸਿਆਸਤ ਅਤੇ ਝਗੜਿਆਂ ਨੂੰ ਖ਼ਤਮ ਕਰਕੇ ਸਮੁੱਚੇ ਸਮਾਜ ਨੂੰ ਪ੍ਰਚਾਰ ਲਈ ਜੁਟ ਜਾਣਾ ਚਾਹੀਦਾ ਹੈ। ਅਮਰੀਕਾ ਵਿਚ ਹਥਿਆਰ ਰੱਖਣ ਤੇ ਕੋਈ ਪਾਬੰਦੀ ਨਹੀਂ। ਸਰਕਾਰ ਸਿੱਖਾਂ ਪ੍ਰਤੀ ਚਿੰਤਤ ਹੈ। ਇਸ ਸਮੇਂ ਉਹਨਾਂ ਦਾ ਭਰੋਸਾ ਪ੍ਰਾਪਤ ਕਰਨ ਦੀ ਲੋੜ ਹੈ। ਇਹ ਵਕਤ ਸਿੱਖਾਂ ਲਈ ਇਕ ਨਵੀਂ ਸੋਚ ਦੀ ਮੰਗ ਕਰਦਾ ਹੈ। ਸਿੱਖਾਂ ਨੂੰ ਆਪਣੇ ਧਾਰਮਿਕ ਚਿੰਨ੍ਹਾਂ ਬਾਰੇ ਜਾਣਕਾਰੀ ਦੇਣ ਦੀ ਲੋੜ ਹੈ। ਬਾਕੀ ਧਰਮਾਂ ਦੇ ਆਗੂਆਂ ਨਾਲ ਮੇਲ ਮਿਲਾਪ ਵਧਾਉਣ ਦੀ ਵੀ ਜ਼ਰੂਰਤ ਹੈ। ਸਿੱਖਾਂ ਦੇ ਹਮਦਰਦ ਮੰਨੇ ਜਾਂਦੇ ਯਹੂਦੀਆਂ ਨਾਲ ਸੰਪਰਕ ਕਰਨ ਦੀ ਲੋੜ ਹੈ। ਵਕਤ ਦੀ ਆਵਾਜ਼ ਸਾਨੂੰ ਵੰਗਾਰ ਰਹੀ ਹੈ, ਕਿਧਰੇ ਅਸੀਂ ਖੁੰਝ ਨਾ ਜਾਈਏ।

ਭਾਰਤ ਤੋਂ ਬਾਹਰ ਇਹ ਸਿੱਖਾਂ ਨਾਲ ਸਬੰਧਿਤ ਕਾਫ਼ੀ ਸਾਲਾਂ ਬਾਅਦ ਪਹਿਲੀ ਘਟਨਾ ਸੀ ਜਿਸ ਨੇ ਸਾਰੀ ਦੁਨੀਆ ਦਾ ਧਿਆਨ ਆਪਣੇ ਵੱਲ ਖਿਚਿਆ। ਪਹਿਲੀ ਵਾਰ ਹੋਇਆ ਸੀ ਕਿ ਸੀ.ਐੱਨ.ਐੱਨ. ਜੋ ਅਮਰੀਕਾ ਦੀ ਬਹੁਤ ਵੱਡੀ ਬਰਾਡ ਕਾਸਟਿੰਗ ਸੈਂਟਰ ਹੈ ਤੇ ਦੁਨੀਆ ਦੀਆਂ ਖ਼ਬਰਾਂ ਬਾਰੇ ਬਹੁਤ ਵਿਸਥਾਰ ਪੂਰਵਕ ਜਾਣਕਾਰੀ ਦਿੰਦਾ ਹੈ, ਨੇ ਤਿੰਨ ਦਿਨ ਇਸ ਘਟਨਾ ਦੀ ਵਿਸਥਾਰ ਵਿਚ ਕਵਰੇਜ ਕੀਤੀ।

ਇਹ ਪਹਿਲੀ ਵਾਰ ਸੀ ਕਿ ਅਮਰੀਕਾ ਦਾ ਰਾਸ਼ਟਰੀ ਝੰਡਾ 8 ਅਗਸਤ ਤੋਂ 10 ਅਗਸਤ 2012 ਤੱਕ ਤਿੰਨ ਦਿਨਾਂ ਲਈ ਸ਼ਹੀਦਾਂ ਦੀ ਯਾਦ ਵਿਚ ਝੁਕਾਇਆ ਗਿਆ। ਰਾਸ਼ਟਰਪਤੀ ਓਬਾਮਾ ਨੇ ਇਕ ਦਮ ਇਸ ਘਟਨਾ ਦੀ ਪੂਰੀ ਜਾਣਕਾਰੀ ਆਪਣੀ ਸੁਰੱਖਿਆ ਏਜੰਸੀਆਂ ਤੋਂ ਮੰਗੀ। ਇਹ ਵੀ ਸਿੱਧ ਹੋ ਗਿਆ ਹੈ ਕਿ ਇਸ ਘਟਨਾ ਪਿੱਛੇ ਕੋਈ ਵੱਡੀ ਸਾਜਿਸ਼ ਨਹੀਂ ਸੀ। ਮਾਈਕਲ ਪੇਜ ਜੋ ਕਿ ਇਸ ਘਟਨਾ ਦਾ ਦੋਸ਼ੀ ਸੀ, ਨੂੰ ਦਿਮਾਗੀ ਹਾਲਤ ਠੀਕ ਨਾ ਹੋਣ ਕਰਕੇ ਫੌਜ ਵਿਚੋਂ ਬਰਖ਼ਾਸਤ ਕੀਤਾ ਗਿਆ ਸੀ। ਅਸੀਂ ਇਹ ਨਹੀਂ ਕਹਿ ਸਕਦੇ ਕਿ ਮਾਈਕਲ ਪੇਜ ਸਿੱਖਾਂ ਦਾ ਵਿਰੋਧੀ ਸੀ। ਉਹ ਇਕ ਪਾਗਲ ਵਿਅਕਤੀ ਸੀ ਜਿਸ ਨੇ ਗੁੱਸੇ ਵਿਚ ਆ ਕੇ ਸਿੱਖ ਸੰਗਤ 'ਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਸਾਡੇ ਦੇਸ਼ ਭਾਰਤ ਦੇ ਹਰਿਆਣਾ ਰਾਜ ਵਿਚ ਵੀ ਇਕ ਅਜਿਹੀ ਘਟਨਾ ਹੁਣੇ ਵਾਪਰੀ ਹੈ ਜਿਥੇ ਇਕ ਸਾਬਕਾ ਫੌਜੀ ਜੋ ਕਿ

ਮਨੋਰੋਗੀ ਸੀ, ਨੇ ਛੇ ਅਣਜਾਣ ਵਿਅਕਤੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਪੰਜ ਅਗਸਤ 2012 ਵਾਲੀ ਇਸ ਘਟਨਾ ਤੋਂ ਸਾਨੂੰ ਬਹੁਤ ਕੁਝ ਸਿੱਖਣ ਨੂੰ ਮਿਲਦਾ ਹੈ ਅਤੇ ਮੈਂ ਸਾਰਾ ਕੁਝ ਸਿੱਖ ਇਤਿਹਾਸ ਤੋਂ ਲੈ ਕੇ ਹੀ ਦੱਸਣਾ ਚਾਹੁੰਦਾ ਹਾਂ।

**ਮੁਆਫ਼ੀ:** ਮੁਆਫ਼ੀ ਬਹੁਤ ਵੱਡਾ ਸ਼ਸ਼ਤਰ ਹੈ। ਦੂਸਰਿਆਂ ਨੂੰ ਖਿਮਾ ਕਰਨਾ ਇਸ ਲਈ ਜ਼ਰੂਰੀ ਹੈ ਕਿਉਂਕਿ ਮੁਆਫ਼ ਕਰਨ ਨਾਲ ਹੀ ਬੰਦੇ ਦਾ ਮਨ ਦੋਸ਼ ਮੁਕਤ ਹੁੰਦਾ ਹੈ ਨਹੀਂ ਤਾਂ ਮਨ ਦੂਜੇ ਵਿਅਕਤੀ ਪ੍ਰਤੀ ਹੀ ਸੋਚਦਾ ਰਹਿੰਦਾ ਹੈ। ਉਸ ਇਨਸਾਨ ਨੂੰ ਭੁੱਲ ਜਾਣਾ ਹੀ ਉਸ ਲਈ ਸਭ ਤੋਂ ਵੱਡੀ ਸਜ਼ਾ ਹੈ। ਮੇਰਾ ਇਹ ਨਿੱਜੀ ਅਨੁਭਵ ਹੈ ਕਿ ਸਾਨੂੰ ਇਸ ਘਟਨਾ ਨੂੰ ਭੁੱਲ ਕੇ ਅੱਗੇ ਵੱਧਣਾ ਚਾਹੀਦਾ ਹੈ। ਭਾਰਤ ਵਿਚ ਇਸ ਤਰ੍ਹਾਂ ਦੀਆਂ ਵੱਡੀਆਂ-ਵੱਡੀਆਂ ਘਟਨਾਵਾ ਹੋਈਆਂ ਹਨ ਜਿਹਨਾਂ ਵਿਚ ਕਿੰਨੇ ਹੀ ਨਿਰਦੋਸ਼ ਵਿਅਕਤੀਆਂ, ਔਰਤਾਂ ਅਤੇ ਬੱਚਿਆਂ ਨੂੰ ਆਪਣੀ ਜਾਨ ਗਵਾਉਣੀ ਪਈ ਹੈ। ਪਰ ਜੇ ਸਿੱਖ ਕੌਮ ਇਹਨਾਂ ਦੁੱਖ-ਤਕਲੀਫਾਂ ਨਾਲ ਚਿੰਬੜੀ ਰਹਿੰਦੀ ਤਾਂ ਸ਼ਾਇਦ ਉਹ ਅੱਗੇ ਨਾ ਵੱਧ ਸਕਦੀ। ਸਾਨੂੰ ਆਪਣੇ ਅੰਦਰ ਵੀ ਝਾਤ ਮਾਰਨੀ ਚਾਹੀਦੀ ਹੈ ਕਿ ਸਾਡੀ ਤਿਆਰੀ ਦੀ ਕਮੀ ਸੀ। ਅਸੀਂ ਉਹ ਕੰਮ ਨਹੀਂ ਕੀਤੇ ਜੋ ਗੁਰੂ ਸਾਹਿਬਾਨ ਨੇ ਸਾਨੂੰ ਦੱਸੇ ਹਨ। ਗੁਰੂ ਸਾਹਿਬਾਨ ਨੇ ਸਿੱਖੀ ਦੇ ਦੋਵੇਂ ਪੱਖਾਂ ਨੂੰ ਦਿਲਚਸਪੀ ਨਾਲ ਲਿਆ। ਪਹਿਲਾ ਪੱਖ ਅਧਿਆਤਮਕ ਹੈ ਅਤੇ ਦੂਜਾ ਸਰੀਰਕ। ਅਧਿਆਤਮਕ ਵਿਚ ਗਿਆਨ ਆ ਜਾਂਦਾ ਹੈ, ਜਿਸ ਵਿਚ ਗੁਰਬਾਣੀ ਦਾ ਗਿਆਨ, ਸੰਗੀਤ ਗਿਆਨ, ਸਤ, ਸੰਤੋਖ, ਖਿਮਾ ਅਤੇ ਦਇਆ ਆਦਿਕ। ਸਰੀਰਕ ਕ੍ਰਿਆ ਵਿਚ ਸਰੀਰਕ ਵਰਜਿਸ਼, ਘੋਲ, ਖੇਡਣਾ ਆਦਿ ਆ ਜਾਂਦਾ ਹੈ। ਸ਼ਸ਼ਤਰ ਅਤੇ ਸ਼ਾਸਤਰ ਦੀ ਸਿੱਖਿਆ ਨਾਲ ਮਨੁੱਖ ਸੰਪੂਰਨ ਸਿੱਖ ਬਣਦਾ ਹੈ। ਦੂਜੇ ਪਾਤਸ਼ਾਹ ਗੁਰੂ ਅੰਗਦ ਦੇਵ ਜੀ ਦੇ ਸਮੇਂ ਅਖਾੜੇ ਲੱਗਦੇ ਸਨ। ਜਿਹਨਾਂ ਵਿਚ ਸਿੱਖਾਂ ਦੇ ਘੋਲ ਕਰਵਾਏ ਜਾਂਦੇ ਸਨ ਤਾਂ ਜੋ ਸਿੱਖ ਸਰੀਰਕ ਤੌਰ ਤੇ ਵੀ ਤੱਕੜੇ ਅਤੇ ਨਿਰੋਏ ਬਣਨ। ਇਹੀ ਪ੍ਰਥਾ ਅਗਲੇ ਗੁਰੂ ਸਾਹਿਬਾਨਾਂ ਦੇ ਜੀਵਨ ਕਾਲ ਵਿਚ ਵੀ ਚੱਲਦੀ ਰਹੀ। ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਬਾਅਦ ਸ਼ਸ਼ਤਰ ਵਿੱਦਿਆ ਅਤੇ ਘੋੜ ਸਵਾਰੀ ਨੇ ਹੋਰ ਜ਼ੋਰ ਫੜ ਲਿਆ। ਸਿੱਖਾਂ ਨੂੰ ਸ਼ਿਕਾਰ ਦੀ ਸਿੱਖਿਆ ਦੇ ਕੇ ਸੂਰਮਗਤੀ ਵੱਲ ਤੋਰਿਆ। ਛੇਵੇਂ ਪਾਤਸ਼ਾਹ ਦੇ ਸਮੇਂ ਚਾਰ ਲੜਾਈਆਂ ਹੋਈਆਂ। ਜਿਸ ਵਿਚ ਉਹ ਮਹਾਨ ਜੇਤੂ ਸਿੱਧ ਹੋਏ। ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਦਾ ਪਹਿਲਾਂ ਨਾਂ ਤਿਆਗ ਮਲ ਸੀ। ਪ੍ਰੰਤੂ ਯੁੱਧ ਵਿਚ ਉਹਨਾਂ ਨੇ ਦੁਸ਼ਮਣ ਦੇ ਵਿਰੁੱਧ ਬਹਾਦਰੀ ਨਾਲ ਉਹ ਤੇਗ ਚਲਾਈ ਕਿ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਖੁਸ਼ ਹੋ ਕੇ ਉਹਨਾਂ ਦਾ ਨਾਂ ਤੇਗ ਬਹਾਦਰ ਰੱਖ ਦਿੱਤਾ। 1699 ਨੂੰ ਵਿਸਾਖੀ ਵਾਲੇ ਦਿਨ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਨੇ ਖਾਲਸਾ ਪੰਥ ਸਜਾਇਆ। ਜਿਸ ਵਿਚ ਉਹਨਾਂ ਆਪਣੇ ਖਾਲਸੇ ਨੂੰ ਪੰਜ ਬਾਣੀਆਂ, ਪੰਜ ਕਕਾਰ ਧਾਰਨ ਕਰਵਾਏ ਅਤੇ ਪੰਜ ਕੁਰਹਿਤਾਂ ਤੋਂ ਵਰਜਿਆ।

ਗੁਰੂ ਸਾਹਿਬ ਨੇ ਖਾਲਸੇ ਨੂੰ ਹਰ ਵੇਲੇ ਤਿਆਰ-ਬਰ-ਤਿਆਰ ਰਹਿਣ ਦਾ ਉਪਦੇਸ਼ ਦਿੱਤਾ।

ਇਸ ਘਟਨਾ ਵਿਚ ਪਹਿਲੇ ਦੋ ਭਰਾ ਜੋ ਪਾਰਕਿੰਗ ਲਾਟ ਵਿਚ ਮਾਰੇ ਗਏ, ਦੋਵੇਂ ਹੀ ਗੁਰੂ ਘਰ ਦੇ ਸੇਵਾਦਾਰ ਸਨ। ਨਿਸ਼ਚੇ ਹੀ ਦੋਵੇਂ ਅੰਮ੍ਰਿਤਧਾਰੀ ਹੋਣਗੇ। ਜੇਕਰ ਉਹ ਤਿਆਰ-ਬਰ-ਤਿਆਰ ਰਹਿੰਦੇ ਤਾਂ ਵੱਧ ਤੋਂ ਵੱਧ ਇਕ ਭਰਾ ਮਰ ਸਕਦਾ ਸੀ ਦੂਜਾ ਹਮਲਾ ਕਰਕੇ ਹਮਲਾਵਰ ਨੂੰ ਢਾਹ ਸਕਦਾ ਸੀ। ਜਦੋਂ ਮਾਈਕਲ ਪੇਜ ਨੇ ਪਰਮਜੀਤ ਕੌਰ ਨੂੰ ਗੁਰੂ ਦਰਬਾਰ ਵਿਚ ਮਾਰਿਆ ਤਾਂ ਪਰਮਜੀਤ ਕੌਰ ਗੁਰੂ ਸਾਹਿਬ ਅੱਗੇ ਸੁਸ਼ੋਭਿਤ ਸ਼ਸ਼ਤਰਾਂ ਨੂੰ ਚੁੱਕ ਕੇ ਉਸ ਦਾ ਮੁਕਾਬਲਾ ਕਰਨ ਦੀ ਕੋਸ਼ਿਸ਼ ਕਰ ਸਕਦੀ ਸੀ। ਅਮਰੀਕੀ ਲੋਕਾਂ ਦੀ ਨਕਲ ਕਰ ਕੇ ਅਸੀਂ ਗੁਰਦੁਆਰਾ ਸਾਹਿਬ ਸ਼ੀਸ਼ੇ ਦੇ ਗੇਟ ਲਗਾ ਲੈਂਦੇ ਹਾਂ। ਜਿਸ ਨਾਲ ਗੁਰਦੁਆਰਾ ਸਾਹਿਬ ਦੀ ਸੁਰੱਖਿਆ ਨਹੀਂ ਰਹਿੰਦੀ। ਸ਼ੀਸ਼ੇ ਦੇ ਗੇਟ ਦੇ ਨਾਲ ਨਾਲ ਸਾਨੂੰ ਸੁਰੱਖਿਆ ਦੇ ਲਿਹਾਜ਼ ਨਾਲ ਲੋਹੇ ਦਾ ਗੇਟ ਵੀ ਲਗਾਉਣਾ ਚਾਹੀਦਾ ਹੈ।

**ਗੇਟ 'ਤੇ ਸੁਰੱਖਿਆ:-** ਸਾਰੇ ਭਾਰਤ ਵਿਚ ਹੀ ਛੋਟੇ ਤੋਂ ਲੈ ਕੇ ਵੱਡੇ ਗੁਰਦੁਆਰਿਆਂ ਵਿਚ ਅਕਸਰ ਅਸੀਂ ਜਾਂਦੇ ਹਾਂ ਤਾਂ ਦੇਖਣ ਨੂੰ ਮਿਲਦਾ ਹੈ ਕਿ ਗੇਟ ਤੇ ਇੱਕ ਜਾਂ ਦੋ ਸੇਵਾਦਾਰ ਬਰਛਾ ਲੈ ਕੇ ਖੜ੍ਹੇ ਹੁੰਦੇ ਹਨ। ਗੁਰੂ ਘਰ ਦੇ ਸ਼ਸ਼ਤਰ ਚੁੱਕਣ ਲਈ ਕੋਈ ਮਨਾਂ ਨਹੀਂ ਕਰ ਸਕਦਾ। ਅਮਰੀਕਾ ਦੇ ਵਿਸਕਾਨਸਿਨ ਸਟੇਟ ਵਿਚ ਹਥਿਆਰ ਰੱਖਣ ਲਈ ਕੋਈ ਲਾਇਸੰਸ ਆਦਿ ਵੀ ਨਹੀਂ ਹੁੰਦਾ। ਸਾਨੂੰ ਆਪਣੀ ਸੁਰੱਖਿਆ ਲਈ ਅਤੇ ਗੁਰੂ ਘਰ ਦੀ ਸੁਰੱਖਿਆ ਲਈ ਇੰਜ ਸੋਚਣਾ ਚਾਹੀਦਾ ਹੈ ਕਿ ਗੁਰੂ ਘਰ ਦੀ ਰੱਖਿਆ ਮੇਰਾ ਫਰਜ਼ ਹੈ।

**ਮੌਕ ਡ੍ਰਿਲ:-** ਮੌਕ ਡ੍ਰਿਲ ਵਿਚ ਆਮ ਲੋਕਾਂ ਨੂੰ ਸੁਰੱਖਿਆ ਪ੍ਰਤੀ ਜਾਗਰੂਕ ਕੀਤਾ ਜਾਂਦਾ ਹੈ। ਜਿਵੇਂ ਜੇਕਰ ਕਿਸੇ ਬਿਲਡਿੰਗ ਨੂੰ ਅੱਗ ਲੱਗ ਜਾਵੇ ਤਾਂ ਅੱਗ ਨੂੰ ਰੇਤ, ਪਾਣੀ ਅਤੇ ਗੈਸ ਦੀ ਵਰਤੋਂ ਕਰਕੇ ਬੁਝਾਇਆ ਜਾਂਦਾ ਹੈ। ਇਸ ਤਰ੍ਹਾਂ ਸਾਰੀ ਸੰਗਤ ਨੂੰ ਇਸ ਤਰ੍ਹਾਂ ਦੀ ਮੌਕ ਡ੍ਰਿਲ ਦੀ ਟਰੇਨਿੰਗ ਕਰਵਾਉਣੀ ਚਾਹੀਦੀ ਹੈ ਤਾਂ ਜੋ ਗੁਰਦੁਆਰਿਆਂ ਵਿਚ ਜੇਕਰ ਕੋਈ ਘਟਨਾ ਵਾਪਰੇ ਤਾਂ ਅਸੀਂ ਉਸ ਵੇਲੇ ਤਿਆਰ ਬਰ ਤਿਆਰ ਰਹੀਏ। ਛੇ ਸਾਲ ਫੌਜ ਦੀ ਨੌਕਰੀ ਦੇ ਤਜ਼ਰਬੇ ਤੋਂ ਮੈਂ ਇਹੀ ਸਿੱਖਿਆ ਹੈ ਕਿ ਬਿਲਡਿੰਗ ਹਮੇਸ਼ਾਂ ਸੁਰੱਖਿਆ ਦੇ ਹਿਸਾਬ ਨਾਲ ਬਣਾਉਣੀ ਚਾਹੀਦੀ ਹੈ। ਮੈਂ ਗੁਰਦੁਆਰਾ ਸਾਹਿਬ ਓਕ ਕਰੀਕ ਦੇ ਦਰਸ਼ਨ ਕੀਤੇ ਹਨ। ਉਥੇ ਪਾਰਕਿੰਗ ਲਾਟ ਦੀਆਂ ਦੋ ਐਂਟਰੀਆਂ ਹਨ ਅਤੇ ਤਕਰੀਬਨ ਤਿੰਨ ਪਾਸੇ ਖੁੱਲ੍ਹੀ ਜਗ੍ਹਾ ਹੈ, ਜਿਥੋਂ ਕੋਈ ਵੀ ਇਨਸਾਨ ਤੁਰ ਕੇ ਗੁਰਦੁਆਰੇ ਦਾਖਲ ਹੋ ਸਕਦਾ ਹੈ। ਮੇਨ ਰੋਡ 'ਤੇ ਇਕ ਐਂਟਰੀ ਰੱਖ ਕੇ ਬਾਕੀ ਪਾਸਿਆਂ 'ਤੇ ਤਾਰ ਆਦਿ ਨਾਲ ਬਿਲਡਿੰਗ ਨੂੰ ਸੁਰੱਖਿਅਤ ਕਰਨਾ ਚਾਹੀਦਾ ਹੈ। ਹਰ ਗੁਰਦੁਆਰੇ ਦੀ ਦਿਸ਼ਾ ਅਲੱਗ ਹੈ। ਹਰ ਰਾਜ ਦੇ ਕਾਨੂੰਨ

ਅਲੱਗ ਹਨ। ਮੇਰੇ ਪਿਤਾ ਜੀ ਹਮੇਸ਼ਾਂ ਕਹਿੰਦੇ ਸਨ "ਵਸਤ ਨਾ ਸਾਂਭੇ ਆਪਣੀ, ਚੋਰਾਂ ਗਾਲੀ ਦੇ।" ਸਾਡੀ ਵਸਤ ਗੁਰੂ ਘਰ ਦੀ ਮਰਯਾਦਾ, ਸਿੱਖ ਸੰਗਤ, ਗੁਰਬਾਣੀ ਅਤੇ ਸ਼ਸ਼ਤਰ ਵਿੱਦਿਆ ਦੀ ਮਹੱਤਤਾ ਦਾ ਪ੍ਰਚਾਰ ਅਤੇ ਪਸਾਰ ਕਰਨਾ ਹੈ। ਸ਼ਸ਼ਤਰ ਬਿਨਾਂ ਗਿਆਨ ਦੀ ਵੀ ਰੱਖਿਆ ਨਹੀਂ ਹੋ ਸਕਦੀ। ਇਸ ਲਈ ਗੁਰੂ ਸਾਹਿਬਾਨ ਨੇ ਭਗਤੀ ਦੇ ਨਾਲ ਸ਼ਕਤੀ ਦਾ ਸੁਮੇਲ ਬਣਾ ਦਿੱਤਾ। ਇਹਨਾਂ ਗੁਣਾਂ ਦੇ ਧਾਰਨੀ ਹੋਣ ਨਾਲ ਹੀ ਅਸੀਂ ਮਨੁੱਖ ਨੂੰ ਸੰਪੂਰਨ ਸਿੱਖ ਜਾਂ ਖਾਲਸਾ ਕਹਿ ਸਕਦੇ ਹਾਂ।

**ਗੱਤਕੇ ਦੀ ਟ੍ਰੇਨਿੰਗ:-** ਮੈਂ ਇੱਕ ਅਧਿਆਏ ਵਿਚ ਓਡਾਂ ਦੀ ਤੇ ਮੇਰੇ ਨਾਨਕਿਆਂ ਦੀ ਲੜਾਈ ਦਾ ਜ਼ਿਕਰ ਕੀਤਾ ਹੈ। ਇਹ ਗੱਲ 1935 ਦੀ ਹੈ। ਜਿਥੇ ਪੰਜ ਗੱਤਕਾ ਜਾਣੂ ਬੰਦਿਆਂ ਨੇ ਬਿਨਾਂ ਸੱਟ ਖਾਦਿਆਂ 40 ਬੰਦਿਆਂ ਨੂੰ ਭਜਾ ਦਿੱਤਾ। ਉਹ 40 ਬੰਦੇ ਮੁਸਲਮਾਨ ਸਨ ਅਤੇ ਬਹਾਵਲਪੁਰ ਸਟੇਟ ਵਿਚ ਮੁਸਲਮਾਨਾਂ ਦਾ ਬਹੁਤ ਜ਼ੋਰ ਸੀ। ਗੱਤਕੇ ਦੀ ਟ੍ਰੇਨਿੰਗ ਵਾਲੇ ਉਸਤਾਦ ਭਾਰਤ ਵਿਚ ਅਕਸਰ ਮਿਲ ਜਾਂਦੇ ਹਨ। ਅਮਰੀਕਾ ਵਿਚ ਇਸੇ ਹੀ ਤਰ੍ਹਾਂ ਦੀ ਗੇਮ ਦਾ ਨਾਮ ਫੈਨਸਿੰਗ ਹੈ। ਫੈਨਸਿੰਗ ਆਦਿਕ ਦਾ ਕੋਈ ਟ੍ਰੇਂਡ ਉਸਤਾਦ ਗੁਰਦੁਆਰੇ ਵਿਚ ਬੁਲਾਉਣਾ ਚਾਹੀਦਾ ਹੈ ਅਤੇ ਬੱਚਿਆਂ ਨੂੰ ਟ੍ਰੇਨਿੰਗ ਦਵਾਉਣੀ ਚਾਹੀਦੀ ਹੈ। ਇਸ ਨਾਲ ਇਨਸਾਨ ਨੂੰ ਹਰ ਸਥਿਤੀ ਵਿਚ ਆਪਣੀ ਰੱਖਿਆ ਕਰਨ ਦੀ ਟ੍ਰੇਨਿੰਗ ਅਤੇ ਹਿੰਮਤ ਆ ਜਾਂਦੀ ਹੈ। ਇਸ ਨਾਲ ਆਤਮ ਵਿਸ਼ਵਾਸ ਵੱਧਦਾ ਹੈ।

**ਗੁਰੂ ਕਾ ਲੰਗਰ:-** ਸਾਰੀ ਦੁਨੀਆ ਵਿਚ ਜੋ ਚੀਜ਼ ਸਾਨੂੰ ਇਸ ਵੇਲੇ ਹਰਮਨ ਪਿਆਰਾ ਬਣਾ ਰਹੀ ਹੈ, ਉਹ ਗੁਰੂ ਕਾ ਲੰਗਰ ਹੈ। ਸਾਨੂੰ ਈਸਾਈ ਮਤ ਦੇ ਲੋਕਾਂ ਨੂੰ ਜ਼ਿਆਦਾ ਤੋਂ ਜ਼ਿਆਦਾ ਬੁਲਾ ਕੇ ਆਪਣੀ ਮਰਯਾਦਾ ਅਤੇ ਪਾਠ ਕਰਨ ਦਾ ਤਰੀਕਾ ਦਿਖਾਉਣਾ ਚਾਹੀਦਾ ਹੈ। ਪਹਿਲੇ ਹੀ ਗੁਰਦੁਆਰਿਆਂ ਵਿਚ ਹੋਰ ਧਰਮਾਂ ਦੇ ਲੋਕ ਅਕਸਰ ਆਉਂਦੇ ਰਹਿੰਦੇ ਹਨ। ਅਕਸਰ ਗੁਰਦੁਆਰਿਆਂ ਵਿਚ ਹਿੰਦੂ, ਬੋਧੀ, ਜੈਨੀ ਅਤੇ ਯਹੂਦੀ ਆਉਂਦੇ ਰਹਿੰਦੇ ਹਨ। ਜਦੋਂ ਵੀ ਗੁਰਦੁਆਰਾ ਸਾਹਿਬ ਦੀਵਾਨ ਸੱਜਦੇ ਹਨ, ਸਾਨੂੰ ਸੰਗਤ ਨੂੰ ਬੇਨਤੀ ਕਰਨੀ ਚਾਹੀਦੀ ਹੈ ਕਿ ਵੱਧ ਤੋਂ ਵੱਧ ਦੋਸਤਾਂ-ਮਿੱਤਰਾਂ ਨੂੰ ਤੇ ਸਹਿਕਰਮੀਆਂ ਨੂੰ ਜੋ ਇਸਾਈ ਮਤ ਨਾਲ ਸਬੰਧਿਤ ਹਨ, ਬੁਲਾਈਏ ਅਤੇ ਆਪਣੇ ਧਰਮ ਬਾਰੇ ਦੱਸੀਏ ਅਤੇ ਦਿਖਾਈਏ।

# ਸ਼ਹੀਦ ਸਤਵੰਤ ਸਿੰਘ ਦਾ ਚਿੱਤਰ ਸਿੱਖ ਅਜਾਇਬ ਘਰ, ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਚ ਲਗਾਉਣ ਬਾਰੇ

16 ਅਗਸਤ 2012 ਨੂੰ ਗੁਰਦੁਆਰਾ ਸਿੰਘ ਸਭਾ ਮਾਲ ਰੋਡ, ਪਟਿਆਲਾ ਵਿਖੇ ਬਹੁਤ ਵੱਡਾ ਸਮਾਗਮ ਹੋਇਆ ਜਿਸ ਵਿਚ ਸਤਵੰਤ ਸਿੰਘ ਅਤੇ ਹੋਰ ਸ਼ਹੀਦ ਜਿਹਨਾਂ ਨੇ 5 ਅਗਸਤ 2012 ਨੂੰ ਗੁਰਦੁਆਰਾ ਸਾਹਿਬ ਓਕ ਕਰੀਕ ਨੇੜੇ ਮਿਲਵਾਕੀ, ਵਿਸਕਾਨਸਿਨ, ਅਮਰੀਕਾ ਵਿਖੇ ਸ਼ਹਾਦਤ ਦਾ ਜਾਮ ਪੀਤਾ ਨੂੰ ਸ਼ਰਧਾਂਜਲੀ ਦਿੱਤੀ ਗਈ।

ਪਟਿਆਲੇ ਦੇ ਉਸ ਸਮਾਗਮ ਵਿਚ ਸਾਰੇ ਪੰਜਾਬ ਦੇ ਰਾਜਸੀ ਅਤੇ ਸਮਾਜਿਕ ਨੇਤਾ ਆਏ ਸਨ। ਇਹ ਸਮਾਗਮ ਕਾਲੇਕਾ ਪਰਿਵਾਰ ਵੱਲੋਂ ਕਰਵਾਇਆ ਗਿਆ ਸੀ। ਇਸ ਸਮਾਗਮ ਵਿਚ ਪੰਜਾਬ ਦੀ ਅਕਾਲੀ ਸਰਕਾਰ ਦੀਆਂ ਮਹੱਤਵਪੂਰਨ ਸਖ਼ਸ਼ੀਅਤਾਂ ਤੋਂ ਇਲਾਵਾ ਮਹਾਰਾਣੀ ਪਰਨੀਤ ਕੌਰ ਜੋ ਉਸ ਸਮੇਂ ਭਾਰਤ ਦੇ ਉਪ-ਵਿਦੇਸ਼ ਮੰਤਰੀ ਸਨ, ਵੀ ਆਏ ਹੋਏ ਸਨ ਤੇ ਉਹਨਾਂ ਨੇ ਸ਼ਹੀਦ ਬਾਰੇ ਬੋਲਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਉਸ ਵੇਲੇ ਦੇ ਪ੍ਰਧਾਨ ਸ. ਅਵਤਾਰ ਸਿੰਘ ਮੱਕੜ ਵੀ ਆਏ ਤੇ ਸੰਗਤਾਂ ਨੂੰ ਸੰਬੋਧਨ ਕੀਤਾ। ਉਸ ਵੇਲੇ ਉਹਨਾਂ ਨੇ ਐਲਾਨ ਕੀਤਾ ਕਿ ਸ਼ਹੀਦ ਦੀ ਪਤਨੀ ਨੂੰ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ ਜਾਵੇਗਾ ਤੇ ਸ਼ਹੀਦ ਦੀ ਯਾਦ ਵਿਚ ਸਿੱਖ ਅਜਾਇਬ ਘਰ ਵਿਚ ਉਹਨਾਂ ਦਾ ਚਿੱਤਰ ਲਾਇਆ ਜਾਵੇਗਾ। ਦਸੰਬਰ 2012 ਵਿਚ ਸ. ਸਤਵੰਤ ਸਿੰਘ ਦੀ ਸੁਪਤਨੀ ਸਰਦਾਰਨੀ ਸਤਪਾਲ ਕੌਰ ਨੂੰ ਗੋਲਡ ਮੈਡਲ ਨਾਲ ਸਤਿਕਾਰਿਆ ਗਿਆ। ਉਸ ਸਮਾਗਮ ਵਿਚ ਸਾਡੇ ਜੱਦੀ ਪਿੰਡ ਦੇ ਕਈ ਰਿਸ਼ਤੇਦਾਰ ਸ਼ਾਮਿਲ ਹੋਏ ਸਨ। ਉਨ੍ਹਾਂ ਵਿਚੋਂ ਸ. ਗੁਰਬਖਸ਼ ਸਿੰਘ (ਚਾਚਾ ਜੀ) ਸ. ਹਰਬੰਸ ਸਿੰਘ ਕਾਲੇਕਾ (ਭਰਾ) ਅਤੇ ਡਾ. ਅੰਮ੍ਰਿਤਪਾਲ ਸਿੰਘ (ਭਰਾ) ਵੀ ਸ਼ਾਮਿਲ ਸਨ। ਸਾਡੇ ਪਰਿਵਾਰ ਵਿਚੋਂ ਮੈਂ, ਮੇਰੀ ਪਤਨੀ ਜਸਮਿੰਦਰ ਕੌਰ ਅਤੇ ਸਾਡੀ ਵੱਡੀ ਭੈਣ ਪ੍ਰੋ. (ਰਿਟਾਇਰਡ) ਜਸਵਿੰਦਰ ਕੌਰ ਢਿੱਲੋਂ ਵੀ ਸ਼ਾਮਿਲ ਹੋਏ ਸਨ। ਉਸ ਸਮਾਗਮ ਦੀ ਪ੍ਰਧਾਨਗੀ ਐੱਸ.ਜੀ.ਪੀ.ਸੀ ਦੇ ਪ੍ਰਧਾਨ ਸ. ਮੱਕੜ ਨੇ ਕੀਤੀ ਅਤੇ ਅਕਾਲ ਤਖ਼ਤ ਦੇ ਜੱਥੇਦਾਰ ਗਿਆਨੀ ਗੁਰਬਚਨ ਸਿੰਘ ਵੀ ਹਾਜ਼ਰ ਸਨ।

ਸਿੱਖ ਅਜਾਇਬ ਘਰ ਨੂੰ ਸਤਵੰਤ ਸਿੰਘ ਦੀ ਫੋਟੋ ਭੇਜੀ ਗਈ, ਜਿਸ ਨੂੰ 2013 ਵਿਚ ਚਿੱਤਰ ਦਾ ਰੂਪ ਦਿੱਤਾ ਗਿਆ। ਅਜਾਇਬ ਘਰ ਦੀ ਮੁਰੰਮਤ ਹੁੰਦੀ

ਰਹੀ ਤੇ ਇੱਕ ਨਵਾਂ ਆਧੁਨਿਕ ਅਜਾਇਬ ਘਰ ਬਣਿਆ ਹੈ ਜੋ ਇਮਾਰਤ ਤੋਂ ਬਾਹਰ ਹੈ। 16 ਨਵੰਬਰ 2017 ਨੂੰ ਫੋਟੋ ਚਿੱਤਰ ਦੇ ਰੂਪ ਵਿਚ ਹਰਿਮੰਦਰ ਸਾਹਿਬ ਦੇ ਸਿੱਖ ਅਜਾਇਬ ਘਰ ਵਿਚ ਸੁਸ਼ੋਭਿਤ ਕਰ ਦਿੱਤੀ ਗਈ। ਇਹ ਸਮਾਗਮ ਸਵੇਰੇ 11 ਵਜੇ ਸ਼ੁਰੂ ਹੋਇਆ ਤੇ ਤਕਰੀਬਨ ਇੱਕ ਘੰਟਾ ਚਲਿਆ। ਹਜ਼ੂਰੀ ਰਾਗੀ ਜੱਥੇ ਦੇ ਕੀਰਤਨ ਤੋਂ ਬਾਅਦ ਸ਼ਹੀਦ ਵੱਲ ਮੂੰਹ ਕਰਕੇ ਅਰਦਾਸ ਕੀਤੀ ਗਈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤੋਂ ਇਲਾਵਾ ਹੋਰ ਕਈ ਸਖ਼ਸ਼ੀਅਤਾਂ ਇਸ ਸਮਾਗਮ ਵਿਚ ਹਿੱਸਾ ਲੈ ਰਹੀਆਂ ਸਨ।

ਤਕਰੀਬਨ 11.45 ਵਜੇ ਐੱਸ.ਜੀ.ਪੀ.ਸੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਪੜਦਾ ਲਾਹੁਣ ਦੀ ਰਸਮ ਅਦਾ ਕੀਤੀ। ਸ਼ਹੀਦ ਦੀ ਪਤਨੀ ਸਰਦਾਰਨੀ ਸਤਪਾਲ ਕੌਰ ਨੂੰ ਸਿਰੋਪੇ ਨਾਲ ਸਨਮਾਨਿਤ ਕੀਤਾ ਗਿਆ। ਨਾਲ ਹੀ ਮੈਨੂੰ, ਮੇਰੀ ਪਤਨੀ ਜਸਮਿੰਦਰ ਕੌਰ ਕਾਲੇਕਾ ਅਤੇ ਸਾਡੀ ਵੱਡੀ ਭੈਣ ਪ੍ਰੋ. (ਰਿਟਾ.) ਜਸਵਿੰਦਰ ਕੌਰ ਢਿੱਲੋਂ ਨੂੰ ਵੀ ਸਿਰੋਪੇ ਨਾਲ ਸਨਮਾਨਿਤ ਕੀਤਾ ਗਿਆ।

ਮੀਡੀਆ ਦੇ ਕਾਫ਼ੀ ਲੋਕ ਇਸ ਸਮਾਗਮ ਦੀ ਕਵਰੇਜ ਕਰਨ ਲਈ ਆਏ ਹੋਏ ਸਨ। ਮੀਡੀਆ ਨੇ ਸ਼ਹੀਦ ਦੀ ਪਤਨੀ ਅਤੇ ਮੇਰੇ ਤੋਂ ਸਾਡੀਆਂ ਭਾਵਨਾਵਾਂ ਪੁੱਛੀਆਂ। ਅਸੀਂ ਤਸੱਲੀ ਦਰਸਾਈ ਕਿ ਐੱਸ.ਜੀ.ਪੀ.ਸੀ. ਨੇ ਅਜਿਹਾ ਕਰਕੇ ਸ਼ਹੀਦ ਅਤੇ ਸ਼ਹੀਦ ਦੇ ਪਰਿਵਾਰ ਦਾ ਸਨਮਾਨ ਕੀਤਾ ਹੈ। ਮੈਂ ਤਾਂ ਇਹ ਵੀ ਕਿਹਾ ਕਿ, ਮੇਰੇ ਭਰਾ ਨੇ ਉਹੀ ਕੁਝ ਕੀਤਾ ਜੋ ਉਹਨਾਂ ਹਾਲਾਤਾਂ ਵਿਚ ਕਿਸੇ ਵੀ ਜ਼ਿੰਮੇਵਾਰ ਸੱਚੇ ਸਿੱਖ ਨੂੰ ਕਰਨਾ ਚਾਹੀਦਾ ਸੀ। ਮੇਰੇ ਭਰਾ ਨੇ ਸੰਗਤਾਂ ਦੀ ਜਾਨ ਬਚਾਈ ਅਤੇ ਗੁਰਦੁਆਰਾ ਸਾਹਿਬ ਦੀ ਮਾਣ-ਮਰਯਾਦਾ ਲਈ ਆਪਣੀ ਜਾਨ ਦਾਅ 'ਤੇ ਲਾ ਦਿੱਤੀ। ਉਸ ਨੇ ਉਹੀ ਕੀਤਾ ਜੋ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਆਪਣੇ ਹਰੇਕ ਗੁਰਸਿੱਖ ਤੋਂ ਮੰਗਿਆ ਹੈ।

॥ਜਬ ਆਵ ਕੀ ਅਉਧ ਨਿਦਾਨ ਬਨੈ ਅਤ ਹੀ ਰਨ ਮੈ ਤਬ ਜੂਝ ਮਰੋਂ॥
ਅਜਿਹਾ ਕਰਨ ਨਾਲ ਸਤਵੰਤ ਸਿੰਘ ਨੇ ਕੇਵਲ ਆਪਣਾ ਹੀ ਨਹੀਂ ਸਗੋਂ ਪੂਰੇ ਪਰਿਵਾਰ ਦਾ ਨਾਂਅ ਉਚਾ ਕੀਤਾ ਹੈ। ਨਾਲ ਹੀ ਆਉਣ ਵਾਲੀਆਂ ਪੀੜੀਆਂ ਲਈ ਵੀ ਮਾਰਗ ਦਰਸ਼ਕ ਦਾ ਕੰਮ ਕੀਤਾ ਹੈ।

ਸ਼ਹਾਦਤ ਵੇਲੇ ਸਤਵੰਤ ਸਿੰਘ ਦੀ ਉਮਰ 65 ਸਾਲ ਦੋ ਮਹੀਨੇ ਸੀ। ਹਤਿਆਰਾ, ਮਾਈਕਲ ਪੇਜ 40 ਸਾਲਾਂ ਦਾ ਸੀ। ਮਾਈਕਲ ਪੇਜ ਕੋਲ 18 ਰੌਂਦਾਂ ਦੇ ਮੈਗਜ਼ੀਨ ਵਾਲਾ ਪਿਸਤੌਲ ਸੀ। ਸਤਵੰਤ ਨੇ ਮੇਜ 'ਤੇ ਪਈ ਫਰੂਟ ਕੱਟਣ ਵਾਲੀ ਛੋਟੀ ਜਿਹੀ ਕਰਦ ਨਾਲ ਪੇਜ ਦੇ ਸਰੀਰ ਉਤੇ ਤਿੰਨ ਵਾਰ ਕੀਤੇ, ਦੋ ਗਰਦਨ 'ਤੇ ਇਕ ਛਾਤੀ 'ਤੇ। ਸਾਰੇ 6 ਸ਼ਹੀਦਾਂ ਵਿਚੋਂ ਸਤਵੰਤ ਨੇ ਹੀ ਮੁਕਾਬਲਾ ਕੀਤਾ। ਪੇਜ ਨੇ ਸਤਵੰਤ ਦੇ 5 ਗੋਲੀਆਂ ਮਾਰੀਆਂ। ਉਸੇ ਕਮਰੇ ਵਿਚ ਇਕ ਹੋਰ ਜ਼ਖ਼ਮੀ ਭਾਈ ਪ੍ਰਕਾਸ਼ ਸਿੰਘ ਹਾਏ-ਹਾਏ ਕਰ ਰਿਹਾ ਸੀ। ਸਤਵੰਤ ਵਿਚ ਵੀ ਕੁਝ ਹੀ ਸਾਹ ਬਾਕੀ ਸਨ। ਸਤਵੰਤ ਨੇ ਗੁਰਸਿੱਖ ਨੂੰ ਕਿਹਾ, "ਵਾਹਿਗੁਰੂ ਬੋਲੋ, ਇੰਨੇ ਵਿਚ ਹੀ ਸਤਵੰਤ ਰੱਬ ਨੂੰ ਪਿਆਰਾ ਹੋ ਗਿਆ।"

# ਸਾਡੇ ਜ਼ਖ਼ਮਾਂ ਦਾ ਦਾਨ

5 ਅਗਸਤ 2012 ਦੀ ਕਹਾਣੀ ਤਕਰੀਬਨ ਸਾਰੇ ਜਗ ਨੂੰ ਯਾਦ ਹੈ। ਇਕ ਮਾਈਕਲ ਪੇਜ ਨਾਮ ਦਾ ਗੋਰਾ ਜੋ ਫੌਜ ਵਿਚੋਂ ਸੀਲ ਬਣ ਕੇ ਦਿਮਾਗੀ ਸੰਤੁਲਨ ਠੀਕ ਨਾ ਹੋਣ ਕਰਕੇ ਨੌਕਰੀ ਤੋਂ ਡਿਸਚਾਰਜ ਕਰ ਦਿੱਤਾ ਗਿਆ। ਉਸ ਨੇ ਗੁਰਦੁਆਰਾ ਓਕ ਕਰੀਰ ਵਿਖੇ ਸਿੱਖ ਸੰਗਤ ਉੱਤੇ ਅੰਧਾ-ਧੁੰਦ ਫਾਇਰਿੰਗ ਕਰ ਦਿੱਤੀ ਜਿਸ ਵਿਚ 6 ਵਿਅਕਤੀ ਸ਼ਹੀਦ ਹੋ ਗਏ ਅਤੇ ਇਕ ਪੰਜਾਬ ਸਿੰਘ ਨਾਮ ਦਾ ਵਿਅਕਤੀ ਉਸ ਸਮੇਂ ਤੋਂ ਹੀ ਕੋਮਾ ਵਿਚ ਹੈ। ਕੁਝ ਹੋਰ ਲੋਕਾਂ ਦੇ ਵੀ ਗੋਲੀਆਂ ਵੱਜੀਆਂ ਪਰ ਇਲਾਜ ਤੋਂ ਬਾਅਦ ਉਹ ਠੀਕ ਹੋ ਗਏ। ਇਸ ਘਟਨਾ ਦਾ ਪੂਰੇ ਸਿੱਖ ਜਗਤ ਵੱਲੋਂ ਰੋਸ ਪ੍ਰਗਟ ਕੀਤਾ ਗਿਆ। ਅਮਰੀਕਨ ਸਰਕਾਰ ਨੇ ਵੀ ਇਸ ਘਟਨਾ 'ਤੇ ਦੁੱਖ ਅਤੇ ਸ਼ਹੀਦ ਹੋਏ ਵਿਅਕਤੀਆਂ ਦੇ ਸਨਮਾਨ ਵਜੋਂ ਤਿੰਨ ਦਿਨਾਂ ਲਈ ਅਮਰੀਕਾ ਦਾ ਝੰਡਾ ਨੀਵਾਂ ਕਰ ਦਿੱਤਾ। ਇਹ ਝੰਡਾ 8 ਅਗਸਤ ਤੋਂ ਲੈ ਕੇ 10 ਅਗਸਤ 2012 ਤੱਕ ਝੁੱਕਿਆ ਰਿਹਾ। ਇਹ ਅਮਰੀਕਾ ਵਿਚ ਪਹਿਲੀ ਘਟਨਾ ਹੈ ਜਦੋਂ ਕਿਸੇ ਵਿਦੇਸ਼ੀ ਮੂਲ ਦੇ ਲੋਕਾਂ ਲਈ ਝੰਡਾ ਨੀਵਾਂ ਕੀਤਾ ਗਿਆ ਹੋਵੇ।

ਇਸ ਘਟਨਾ ਤੋਂ ਪ੍ਰਭਾਵਿਤ ਹੋ ਕੇ ਇਕ ਗੋਰਾ ਆਰਨੋ ਮਾਈਕਲਿਸ, ਸਤਵੰਤ ਦੇ ਲੜਕੇ (ਮੇਰੇ ਵੱਡੇ ਭਤੀਜੇ ਪਰਦੀਪ ਸਿੰਘ ਕਾਲੇਕਾ) ਨੂੰ ਮਿਲਿਆ। ਆਰਨੋ ਕੁਝ ਸਮਾਂ ਪਹਿਲਾਂ ਹੀ ਨਫਰਤ ਦਾ ਰਾਹ ਛੱਡ ਚੁੱਕਿਆ ਸੀ। ਆਰਨੋ ਨੇ ਪਹਿਲਾਂ ਹੀ ਇਕ ਕਿਤਾਬ ਲਿਖੀ ਹੈ ਜਿਸ ਦਾ ਨਾਮ ਹੈ "ਨਫਰਤ ਤੋਂ ਬਾਅਦ ਮੇਰੀ ਜ਼ਿੰਦਗੀ" (My life after hate)। ਓਕ ਕਰੀਰ ਦੀ ਘਟਨਾ ਤੋਂ ਬਾਅਦ ਆਰਨੋ ਮਾਈਕਲਿਜ਼ ਪਰਦੀਪ ਸਿੰਘ ਨੂੰ ਮਿਲਣਾ ਚਾਹੁੰਦਾ ਸੀ। ਉਹ ਬਹੁਤ ਝਿੱਜਕਦੇ-ਝਿੱਜਕਦੇ ਮਿਲੇ ਪਰ ਆਪਸ ਵਿਚ ਉਹਨਾਂ ਦੀ ਦੋਸਤੀ ਹੋ ਗਈ ਅਤੇ ਉਹਨਾਂ ਨੇ ਇਕ ਮੁਹਿੰਮ ਸ਼ੁਰੂ ਕੀਤੀ ਜਿਸ ਦਾ ਨਾਮ ਹੈ ਇਕੱਠੇ ਹੋਣ ਲਈ ਸੇਵਾ (Serve to unite)।

ਆਰਨੋ ਮਾਈਕਲਿਜ਼ ਵਾਈਟ ਸੁਪਰਮੈਸਿਸਟ ਮੁਹਿੰਮ ਦਾ ਗੰਭੀਰ ਵਰਕਰ ਸੀ। ਉਹ ਬੈਂਡ ਦੀਆਂ ਧੁੰਨਾਂ ਆਦਿਕ ਵਜਾਉਂਦਾ ਸੀ। ਉਹ ਗੋਰਿਆਂ ਤੋਂ ਇਲਾਵਾ ਦੂਜੇ ਲੋਕਾਂ ਨਾਲ ਨਫਰਤ ਦੀ ਮੁਹਿੰਮ ਦਾ ਮੈਂਬਰ ਸੀ। ਉਸ ਨੇ ਇਸ ਕਿਤਾਬ ,"The Gift of Our Wounds" ਵਿਚ ਆਪਣੇ ਪਿਛੋਕੜ ਬਾਰੇ ਦੱਸਿਆ ਹੈ ਕਿ ਕਿਵੇਂ ਉਹ

ਕਾਲਿਆਂ ਨਾਲ ਨਫਰਤ ਕਰਦਾ ਸੀ ਅਤੇ ਆਪਣੇ ਲੋਹੇ ਦੇ ਟੋ ਵਾਲੇ ਜੁਤਿਆਂ ਨਾਲ ਕਾਲਿਆਂ ਤੇ ਹੋਰ ਵਿਦੇਸ਼ੀ ਲੋਕਾਂ ਨੂੰ ਮਾਰਦਾ ਕੁੱਟਦਾ ਸੀ ਅਤੇ ਉਹਨਾਂ ਨੂੰ ਲਹੂ-ਲੁਹਾਨ ਕਰ ਦਿੰਦਾ ਸੀ। ਐਂਬੂਲੈਂਸਾਂ ਬੁਲਾ ਕੇ ਲੋਕਾਂ ਨੂੰ ਹਸਪਤਾਲ ਲਿਜਾਇਆ ਜਾਂਦਾ ਸੀ। 5 ਅਗਸਤ 2012 ਨੂੰ ਗੁਰਦੁਆਰਾ ਸਾਹਿਬ ਵਿਚ ਹੋਏ ਘਾਣ ਕਰਕੇ ਸੁਭਾਵਿਕ ਹੈ ਕਿ ਪਰਦੀਪ ਕਾਲੇਕਾ ਦੀ ਜ਼ਿੰਦਗੀ ਇਕ ਵਾਰ ਤਬਾਹ ਜਿਹੀ ਹੋ ਗਈ। ਸਾਰੇ ਘਰ ਦਾ ਅਤੇ ਕਾਰੋਬਾਰ ਦਾ ਵਜ਼ਨ ਉਸ ਦੇ ਸਿਰ 'ਤੇ ਆ ਪਿਆ ਸੀ। ਗੁਰਦੁਆਰਾ ਸਾਹਿਬ ਦੀ ਅਗਵਾਈ ਕਰਨ ਵਾਲਾ ਪ੍ਰਧਾਨ ਉਸ ਦਾ ਪਿਤਾ ਹੀ ਸੀ। ਸਤਵੰਤ ਦਾ ਪਰਿਵਾਰ 1982 ਵਿਚ ਭਾਰਤ ਤੋਂ ਮਾਈਗ੍ਰੇਟ ਹੋ ਕੇ ਅਮਰੀਕਾ ਗਿਆ ਸੀ। ਉਸ ਸਮੇਂ ਪਰਦੀਪ ਦੀ ਉਮਰ ਕਾਫੀ ਛੋਟੀ ਸੀ। ਪਰਦੀਪ ਨੇ ਆਪਣੀ ਮਾਤਾ ਸਤਪਾਲ ਅਤੇ ਪਿਤਾ ਸਤਵੰਤ ਨੂੰ ਬਹੁਤ ਔਖੇ ਦਿਨਾਂ ਅਤੇ ਆਰਥਿਕ ਕੜਾਪੇ ਵਿਚੋਂ ਲੰਘਦੇ ਹੋਏ ਦੇਖਿਆ ਹੈ। ਪਰਦੀਪ ਕੁਝ ਸਾਲ ਮਿਲਵਾਕੀ ਪੁਲਿਸ ਵਿਚ ਅਫਸਰ ਰਿਹਾ ਪਰ ਆਪਣੇ ਪਿਤਾ ਦੇ ਕਹਿਣ 'ਤੇ ਉਸ ਨੇ ਪੁਲਿਸ ਦੀ ਨੌਕਰੀ ਛੱਡ ਦਿੱਤੀ ਅਤੇ ਅਧਿਆਪਕ ਬਣ ਗਿਆ। ਉੱਧਰ ਆਰਨੋ ਗੋਰਿਆਂ ਦੀ ਸ਼ਕਤੀ ਦੇ ਚੱਕਰ ਵਿਚ ਕਾਲਿਆਂ ਦਾ ਬਹੁਤ ਘਾਣ ਕਰ ਰਿਹਾ ਸੀ। ਜਦੋਂ ਉਸ ਨੇ ਗੁਰਦੁਆਰਾ ਸਾਹਿਬ ਕਾਂਡ ਦੀ ਗੱਲ ਸੁਣੀ ਤਾਂ ਉਸ ਦੇ ਮਨ ਨੂੰ ਬਹੁਤ ਠੇਸ ਲੱਗੀ। ਉਸ ਦਾ ਮਨ ਪੂਰੀ ਤਰ੍ਹਾਂ ਵਲੂੰਧਰਿਆ ਗਿਆ ਅਤੇ ਉਹ ਇਕਦਮ ਬਦਲ ਗਿਆ। ਉਸ ਦਾ ਮਨ ਅਪਰਾਧੀ ਹੋਣ ਕਰਕੇ ਉਸ ਨੂੰ ਮਹਿਸੂਸ ਹੋਇਆ ਕਿ ਉਹ ਕਿੰਨਾ ਬੁਰਾ ਕੰਮ ਕਰ ਰਿਹਾ ਸੀ। ਹੁਣ ਉਹ ਇਕ ਬਦਲਿਆ ਹੋਇਆ ਨਵਾਂ ਆਰਨੋ ਹੈ। ਜਿਸ ਤਰ੍ਹਾਂ ਦੇ ਉਹ ਕੰਮ ਕਰਦਾ ਸੀ ਉਹ ਉਹਨਾਂ ਲੋਕਾਂ ਨਾਲ ਨਫਰਤ ਕਰਨ ਲੱਗ ਪਿਆ ਹੈ ਜਿਸ ਵਿਚ ਕਦੇ ਉਹ ਆਪ ਵੀ ਸ਼ਾਮਿਲ ਸੀ।

ਓਕ ਕਰੀਕ ਦੀ ਘਟਨਾ ਤੋਂ ਬਾਅਦ ਆਰਨੋ ਅਤੇ ਪਰਦੀਪ ਕਾਲੇਕਾ ਨੇ ਇਕ ਸੰਸਥਾ ਸ਼ੁਰੂ ਕੀਤੀ ਜਿਸ ਦਾ ਨਾਮ 'Serve to Unite' ਹੈ। ਇਹ ਸੰਸਥਾ ਵਿਦਿਆਰਥੀਆਂ ਨਾਲ ਰਲ ਕੇ ਲੋਕਾਂ ਨੂੰ ਅਮਰੀਕਾ ਵਿਚ ਚੰਗਾ ਵਾਤਾਵਰਨ ਫੈਲਾਉਣ ਦੀ ਗੱਲ ਕਰ ਰਹੀ ਹੈ। ਇਹ ਸੰਸਥਾ ਸਕੂਲ ਦੇ ਬੱਚਿਆਂ ਨੂੰ ਨਫਰਤ ਦਾ ਰਾਹ ਨਾ ਫੜਨ ਅਤੇ ਅੱਛੇ ਰਾਹ 'ਤੇ ਚੱਲਣ ਦੀ ਸਿੱਖਿਆ ਦੇ ਰਹੀ ਹੈ। ਇਹ ਪੁਸਤਕ 'The Gift of Our Wounds' ਅਮਰੀਕਾ ਵਿਚ ਅਪ੍ਰੈਲ 2018 ਨੂੰ ਰਿਲੀਜ਼ ਹੋਈ ਜਿਸ ਦੀ ਬੜੇ ਜ਼ਿੰਮੇਵਾਰ ਅਤੇ ਮਸ਼ਹੂਰ ਲੋਕਾਂ ਨੇ ਇਸ ਗੱਲ ਦੀ ਹਾਮੀ ਭਰੀ। ਇਹ ਕਹਾਣੀ ਨਫਤਰ ਉਤੇ ਪਿਆਰ ਦੀ ਜਿੱਤ ਦੀ ਕਹਾਣੀ ਹੈ। ਇਹ ਕਹਾਣੀ ਇਕ ਦੂਜੇ ਨੂੰ ਮੁਆਫ਼ ਕਰ ਕੇ ਇਕੱਠੇ ਰਹਿਣ ਦੀ ਕਹਾਣੀ ਹੈ। ਇਹ ਬਹਾਦਰੀ ਦੀ ਕਹਾਣੀ ਹੈ ਅਤੇ ਨਫਰਤ ਨੂੰ ਛੱਡ ਕੇ ਭਾਈਚਾਰਕ ਸਾਂਝ ਵਿਚ ਰਹਿਣ ਦੀ ਕਹਾਣੀ ਹੈ।

ਆਰਨੋ ਮਾਈਕਲਿਜ਼ ਅਤੇ ਪਰਦੀਪ ਕਾਲੇਕਾ ਦੋਹਾਂ ਨੂੰ ਅਮਰੀਕਾ ਨੇ ਅਤੇ

ਦੁਨੀਆ ਨੇ ਬੜੀ ਤਵੱਜੋਂ ਨਾਲ ਵੱਡੇ-ਵੱਡੇ ਨਿਊਜ਼ ਚੈਨਲਾਂ ਜਿਵੇਂ ਬੀ.ਬੀ.ਸੀ. ਅਤੇ ਸੀ.ਐੱਨ.ਐੱਨ ਆਦਿਕ ਤੇ ਸੁਣਿਆ। ਇਸ ਕਹਾਣੀ ਦੀ ਹੇਠ ਲਿਖੇ ਸਮਾਜ ਦੇ ਮਸ਼ਹੂਰ ਆਗੂਆਂ ਨੇ ਵੀ ਬਹੁਤ ਤਾਰੀਫ਼ ਕੀਤੀ।

**1. ਵੈਲਰੀ ਕੌਰ:-** ਜੋ ਵਕੀਲ ਹੈ ਅਤੇ ਫਿਲਮਾਂ ਬਣਾਉਂਦੀ ਹੈ ਅਤੇ ਕ੍ਰਾਂਤੀਕਾਰੀ ਪਿਆਰ ਫੈਲਾਉਣ ਦੇ ਪ੍ਰੋਜੈਕਟ ਦੀ ਫਾਊਂਡਰ ਹੈ ਨੇ ਕਿਹਾ,'' ਅਸੰਭਵ ਦੋਸਤੀ ਦੀ ਕਹਾਣੀ ਚਾਨਣ ਮੁਨਾਰਾ ਬਣ ਗਈ ਹੈ। ਜੋ ਨਵੀਂ ਸੋਚ ਲਈ ਸਾਨੂੰ ਤਿਆਰ ਕਰਦੀ ਹੈ। ਭਾਈਚਾਰਕ ਦੋਸਤੀ ਦੀ ਕਹਾਣੀ ਤੋਂ ਮੈਨੂੰ ਬਹੁਤ ਉਤਸ਼ਾਹ ਮਿਲਿਆ ਹੈ। ਇਸ ਪੁਸਤਕ ਨੂੰ ਪੜਨ ਤੋਂ ਬਾਅਦ ਹੋਰ ਲੋਕ ਵੀ ਸਦਾਚਾਰੀ ਨਾਲ ਵਿਚਰਨਗੇ। ਹੁਣ ਜਦੋਂ ਇਸ ਸਮੇਂ ਵਿਚ ਨਫਰਤ ਦਾ ਕਾਫੀ ਬੋਲਬਾਲਾ ਹੈ, ਇਹ ਕਿਤਾਬ ਹਰ ਅਮਰੀਕੀ ਨੂੰ ਪੜ੍ਹਨੀ ਚਾਹੀਦੀ ਹੈ ਕਿਉਂਕਿ ਇਸ ਵਿਚ ਇਕ ਨਵਾਂ ਰਸਤਾ ਵੀ ਉਲੀਕਿਆ ਗਿਆ ਹੈ।''

**2. ਡੈਰਿਲ ਡੇਵੀਸ:-** ਇਹ ਇਕ ਸੰਗੀਤਕਾਰ ਅਤੇ ਸਮਾਜ ਸੇਵਕ ਹੈ। ਉਹ ਕਹਿੰਦਾ ਹੈ ਕਿ ਇਹ ਕਿਤਾਬ ਪੜ੍ਹਨੀ ਬਹੁਤ ਜ਼ਰੂਰੀ ਹੈ। ਇਹ ਬਹਾਦਰੀ ਦੀ ਕਹਾਣੀ ਹੈ। ਇਹ ਕਮਜ਼ੋਰ ਅਤੇ ਤੱਕੜੇ ਦੀ ਕਹਾਣੀ ਹੈ। ਇਹ ਨਫਰਤ ਅਤੇ ਹਿੰਸਾ ਤੋਂ ਜਾਗਰੂਕ ਕਰਨ ਦੀ ਕਹਾਣੀ ਹੈ। ਇਹ ਕਿਤਾਬ ਸਾਨੂੰ ਦੱਸਦੀ ਹੈ ਕਿ ਕਿਵੇਂ ਦੋ ਬਹਾਦਰ ਵਿਅਕਤੀ ਨਫਰਤ ਅਤੇ ਨਸਲਵਾਦੀ ਵਿਰੁੱਧ ਉੱਠ ਖੜ੍ਹੇ ਹੋਏ ਹਨ। ਇਹ ਕਿਤਾਬ ਸਾਡੇ ਸਾਰਿਆਂ ਲਈ ਇਕ ਦਾਨ ਹੈ ਤੇ ਸਾਨੂੰ ਦੱਸਦੀ ਹੈ ਕਿ ਅਖੀਰ ਵਿਚ ਪਿਆਰ ਦੀ ਨਫਰਤ ਉੱਤੇ ਜਿੱਤ ਹੁੰਦੀ ਹੈ।

**3. ਮੈਡਲਿਨ ਬਲੈਕ:-** ਇਹ ਬੜੀ ਮਸ਼ਹੂਰ ਕਿਤਾਬ ਦਾ ਲੇਖਕ ਹੈ। ਇਹ ਵੀ ਕਹਿੰਦਾ ਹੈ ਕਿ ਇਨਸਾਨੀਅਤ ਦੇ ਭਵਿੱਖ ਲਈ ਇਹ ਕਿਤਾਬ ਰਸਤਾ ਦਿਖਾਏਗੀ।

**4. ਅਬੀਗੇਲ ਡਿਸਨੀ:-** ਫਿਲਮ ਮੇਕਰ, ਦਾਨੀ ਅਤੇ ਸਮਾਜ ਸੇਵਕ ਲਿਖਦਾ ਹੈ ਕਿ ਆਰਨੋ ਅਤੇ ਪਰਦੀਪ ਕਾਲੇਕਾ ਦੋਵੇਂ ਹੀ ਆਪਸ ਵਿਚ ਮਿਲਣਾ ਖਤਰੇ ਤੋਂ ਖਾਲੀ ਨਹੀਂ ਸਮਝਦੇ ਸਨ ਪਰ ਫਿਰ ਵੀ ਉਹਨਾਂ ਨੇ ਜਾਨ ਜੋਖਮ ਵਿਚ ਪਾ ਕੇ ਮਿਲਣਾ ਹੀ ਠੀਕ ਸਮਝਿਆ। ਉਹਨਾਂ ਦਾ ਆਪਸੀ ਮਿਲਣਾ ਅਤੇ ਇਕ ਦੂਜੇ ਨੂੰ ਸਮਝਣਾ ਉਹਨਾਂ ਦੇ ਆਪਣੇ ਜੀਵਨ ਨੂੰ ਹੀ ਠੀਕ ਨਹੀਂ ਕੀਤਾ ਬਲਕਿ ਹੋਰਨਾਂ ਦੇ ਜੀਵਨ ਵਿਚ ਵੀ ਇਹਨਾਂ ਦੀ ਦੋਸਤੀ ਅਸਰ ਪਾ ਰਹੀ ਹੈ। ਮੈਂ ਨਹੀਂ ਸਮਝਦਾ ਕਿ ਇਸ ਸਮੇਂ ਕੋਈ ਹੋਰ ਕਿਤਾਬ ਇਸ ਕਿਤਾਬ ਨਾਲੋਂ ਜ਼ਿਆਦਾ ਉਚਿਤ ਹੈ।

# ਆਖਰੀ ਗੱਲ

ਸ਼ਹੀਦੀ ਦੇ ਪੂਰੇ ਛੇ ਸਾਲ ਬਾਅਦ ਮੇਰਾ ਜੁਲਾਈ-ਅਗਸਤ 2018 ਵਿਚ ਅਮਰੀਕਾ ਜਾਣ ਦਾ ਸਬੱਬ ਬਣਿਆ। ਮੇਰਾ ਛੋਟਾ ਲੜਕਾ ਡਾਕਟਰ ਗੁਰਜੀਤ ਸਿੰਘ ਕਹਿ ਰਿਹਾ ਸੀ ਕਿ ਜੇ ਤੁਸੀਂ ਅਮਰੀਕਾ ਨਹੀਂ ਆਉਂਦੇ ਤਾਂ ਸਾਡੇ ਬੱਚੇ ਤੁਹਾਡੀਆਂ ਸ਼ਕਲਾਂ ਵੀ ਭੁੱਲ ਜਾਣਗੇ। ਉਸ ਦੇ ਜ਼ੋਰ ਦੇ ਕੇ ਕਹਿਣ ਕਰਕੇ ਮੈਂ ਅਤੇ ਮੇਰੀ ਪਤਨੀ ਨੇ ਅਮਰੀਕਾ ਜਾਣ ਦਾ ਪ੍ਰੋਗਰਾਮ ਬਣਾ ਲਿਆ। ਮੇਰੇ ਕੋਲ 1992 ਤੋਂ ਅਮਰੀਕਾ ਦਾ ਹਰਾ ਪੱਤਾ (ਗ੍ਰੀਨ ਕਾਰਡ) ਸੀ। ਹਰੇ ਪੱਤੇ ਵਾਲੇ ਨੂੰ ਅਮਰੀਕਾ ਤੋਂ ਬਾਹਰ 6 ਮਹੀਨੇ ਜਾਂ ਉਸ ਤੋਂ ਘੱਟ ਸਮੇਂ ਲਈ ਰਹਿਣ ਦਾ ਨਿਯਮ ਹੈ। 10 ਦਸੰਬਰ 2010 ਨੂੰ ਮੈਂ ਪੱਕੇ ਤੌਰ ਤੇ ਭਾਰਤ ਆ ਗਿਆ ਸੀ। ਉਸ ਤੋਂ ਬਾਅਦ ਇਥੇ ਹੀ ਪੜ੍ਹਾਈ, ਪਾਠ ਪੂਜਾ ਤੇ ਕੁਝ ਸਮਾਂ ਬਿਮਾਰੀਆਂ ਵਿਚ ਅਤੇ ਫਿਰ 2017 ਤੋਂ ਲਿਖਣ ਕਰਕੇ ਸਦਾ ਹੀ ਪੂਰੀ ਤਰ੍ਹਾਂ ਮਸ਼ਰੂਫ ਰਿਹਾ। 5 ਅਗਸਤ 2018 ਨੂੰ ਐਤਵਾਰ ਦਾ ਦਿਨ ਸੀ ਅਤੇ ਜਦੋਂ 5 ਅਗਸਤ 2012 ਦੀ ਘਟਨਾ ਵਾਪਰੀ ਤਾਂ ਉਸ ਦਿਨ ਵੀ ਐਤਵਾਰ ਦਾ ਹੀ ਦਿਨ ਸੀ। ਗੁਰਦੁਆਰਾ ਸਾਹਿਬ ਦਾ ਵਾਤਾਵਰਨ ਬਸ ਪਹਿਲਾਂ ਵਰਗਾ ਹੀ ਸੀ। ਸਿਰਫ ਇੰਨਾ ਫਰਕ ਸੀ ਕਿ ਲਫਟੈਣ ਬ੍ਰਾਇਨ ਮਰਫੀ ਜੋ ਪੁਲਿਸ ਅਫਸਰ ਸੀ ਰਿਟਾਇਰ ਹੋ ਕੇ ਗੁਰਦੁਆਰਾ ਸਾਹਿਬ ਆਇਆ ਹੋਇਆ ਸੀ। ਕੁਝ ਨੌਕਰੀ ਕਰਦੇ ਪੁਲਿਸ ਅਫਸਰ ਵੀ ਗੁਰਦੁਆਰਾ ਸਾਹਿਬ ਆਏ ਹੋਏ ਸਨ। ਮੈਨੂੰ ਪ੍ਰਬੰਧਕ ਸੱਜਣਾਂ ਨੇ ਤਾਂ ਪਛਾਣਿਆ ਹੀ ਨਹੀਂ। ਕਿਸੇ ਦੇ ਦੱਸਣ ’ਤੇ ਸਮਾਗਮ ਦੀ ਸਮਾਪਤੀ ਤੋਂ ਬਾਅਦ ਪ੍ਰਧਾਨ ਜੀ ਮੇਰੇ ਕੋਲ ਆਏ ਤੇ ਕਿਹਾ ਕਿ ਤੁਸੀਂ ਸਤਵੰਤ ਦੇ ਵੱਡੇ ਭਰਾ ਹੋ, ਤੁਹਾਨੂੰ ਮਿਲਕੇ ਸਾਨੂੰ ਬਹੁਤ ਖੁਸ਼ੀ ਹੋਈ।

ਖਾਲਸਾ ਸਾਜਣ ਤੋਂ ਪਹਿਲਾਂ ਸਿੱਖਾਂ ਦੀ ਕੋਈ ਪਹਿਚਾਣ ਨਹੀਂ ਸੀ। ਉਹ ਆਮ ਭਾਰਤੀਆਂ ਵਾਂਗ ਹੀ ਵਿਚਰਦੇ ਸਨ। 11 ਨਵੰਬਰ 1675 ਨੂੰ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੋ ਸਿਰਫ 9 ਸਾਲ ਦੇ ਸਨ, ਨੇ ਸਿੱਖਾਂ ਨੂੰ ਬਹਾਦਰੀ ਅਤੇ ਯੁੱਧ ਦੇ ਰਾਹ ਵੱਲ ਤੋਰਨਾ ਸ਼ੁਰੂ ਕੀਤਾ। ਘੋੜਸਵਾਰੀ, ਨੇਜੇਬਾਜ਼ੀ, ਤਲਵਾਰ ਚਲਾਉਣਾ ਅਤੇ ਗੱਤਕਾ ਸਿੱਖਾਂ ਦੇ ਜੀਵਨ ਦਾ ਅਟੁੱਟ ਅੰਗ ਬਣ ਗਿਆ। ਗੁਰੂ ਸਾਹਿਬ ਨੇ 18 ਸਤੰਬਰ 1688 ਨੂੰ ਭੰਗਾਣੀ ਦਾ ਯੁੱਧ ਲੜਿਆ। ਇਸ ਦੌਰਾਨ ਉਹਨਾਂ ਨੂੰ ਮਹਿਸੂਸ ਹੋਇਆ ਕਿ ਸਿੱਖ ਯੋਧਿਆਂ ਦੀ ਕੋਈ ਵੱਖਰੀ ਪਹਿਚਾਣ

ਹੋਣੀ ਚਾਹੀਦੀ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਪਰਮ ਮਿੱਤਰ ਪੀਰ ਬੁੱਧੂ ਸ਼ਾਹ ਨੇ ਕੁਝ ਫੌਜਾਂ ਗੁਰੂ ਸਾਹਿਬ ਦੀ ਮੱਦਦ ਲਈ ਭੇਜੀਆਂ ਸਨ। ਕੁਝ ਸਿੱਖਾਂ ਨੇ ਉਹਨਾਂ ਨੂੰ ਦੁਸ਼ਮਣ ਸਮਝ ਕੇ ਦੁਸ਼ਮਣਾਂ ਜਿਹਾ ਵਿਵਹਾਰ ਕੀਤਾ। 1699 ਵਿਸਾਖੀ ਵਾਲਾ ਦਿਨ ਆਇਆ। ਗੁਰੂ ਸਾਹਿਬ ਨੇ ਦੂਰ-ਦੁਰਾਡੇ ਵੱਸਦੇ ਸਿੱਖਾਂ ਨੂੰ ਵਿਸਾਖੀ ਦੇ ਦਿਹਾੜੇ ’ਤੇ ਆਨੰਦਪੁਰ ਸਾਹਿਬ ਦੀ ਧਰਤੀ ਤੇ ਪਹੁੰਚਣ ਦਾ ਸੱਦਾ ਦਿੱਤਾ ਅਤੇ ਨਾਲ ਹੀ ਹੁਕਮ ਕੀਤਾ ਕਿ ਹੁਣ ਵਾਲ ਰੱਖ ਕੇ ਆਉਣੇ ਹਨ। ਵਿਸਾਖੀ ਵਾਲੇ ਦਿਨ ਦੇ ਇਤਿਹਾਸ ਤੋਂ ਆਪ ਸਭ ਭਲੀਭਾਂਤ ਜਾਣੂ ਹੋ। ਵਿਸਾਖੀ ਤੋਂ ਅਗਲੇ ਦਿਨ 20 ਹਜ਼ਾਰ ਸੰਗਤਾਂ ਨੇ ਅੰਮ੍ਰਿਤ ਪਾਨ ਕੀਤਾ ਅਤੇ ਖਾਲਸਾ ਰੂਪ ਧਾਰਨ ਕੀਤਾ। ਹੁਣ ਆ ਗਈ ਰੂਪ ਦੀ ਗੱਲ। ਜਿਥੇ ਇਸ ਖਾਲਸੇ ਰੂਪ ਨੇ ਸਿੱਖਾਂ ਨੂੰ ਬਚਾ ਕੇ ਰੱਖਿਆ ਹੈ ਅਤੇ ਸਿੱਖਾਂ ਨੂੰ ਆਪਣੀ ਪੱਗ ਅਤੇ ਕੇਸਾਂ ਉੱਤੇ ਮਾਣ ਹੈ, ਉਥੇ ਹੀ ਇਸ ਰੂਪ ਕਾਰਣ ਸਾਰੇ ਸੰਸਾਰ ਵਿਚ ਸਾਨੂੰ ਸਮੱਸਿਆਵਾਂ ਵੀ ਆ ਰਹੀਆਂ ਹਨ।

ਅਹਿਮਦ ਸ਼ਾਹ ਅਬਦਾਲੀ ਖਾਲਸੇ ਤੋਂ ਇੰਨਾਂ ਤੰਗ ਸੀ ਅਤੇ ਮਹਿਸੂਸ ਕਰਦਾ ਸੀ ਕਿ ਇਸ ਕੌਮ ਨੂੰ ਖਤਮ ਕੀਤੇ ਬਿਨਾਂ ਉਹ ਪੰਜਾਬ ਵਿਚੋਂ ਲੰਘ ਹੀ ਨਹੀਂ ਸਕਦਾ ਅਤੇ ਸਾਰੇ ਹਿੰਦੁਸਤਾਨ ਨੂੰ ਫਤਹਿ ਨਹੀਂ ਕਰ ਸਕਦਾ। ਇਸ ਲਈ ਉਸ ਨੇ ਵੱਧ ਤੋਂ ਵੱਧ ਜੰਗਾਂ ਸਿੱਖਾਂ ਨਾਲ ਹੀ ਲੜੀਆਂ।

5 ਅਗਸਤ 2012 ਓਕ ਕਰੀਰ ਦੀ ਘਟਨਾ ਵੀ ਇਸੇ ਸਰੂਪ ਦੀ ਹੀ ਕਹਾਣੀ ਹੈ। ਅਮਰੀਕਾ ਵਿਚ ਇਕ ਹੋਰ ਸਮੱਸਿਆ ਹੈ ਕਿ ਓਸਾਮਾ ਬਿਨ ਲਾਦੇਨ ਜੋ ਦੁਨੀਆ ਦਾ ਨਾਮੀ ਅੱਤਵਾਦੀ ਸੀ, ਵੀ ਪੱਗ ਬੰਨਦਾ ਸੀ ਅਤੇ ਦਾਹੜੀ ਰੱਖੀ ਹੋਈ ਸੀ। ਅਮਰੀਕਾ ਵਿਚ ਤਕਰੀਬਨ ਤਿੰਨ ਲੱਖ ਸਿੱਖ ਵੱਸਦੇ ਹਨ। ਹਰ ਛੋਟੇ ਵੱਡੇ ਸ਼ਹਿਰ ਵਿਚ ਇਹਨਾਂ ਦੀ ਵਪਾਰ ਅਤੇ ਡਾਕਟਰੀ ਆਦਿਕ ਪੇਸ਼ੇ ਵਿਚ ਛਾਪ ਹੈ। ਇਹਨਾਂ ਦਾ ਅਸਰ ਇਹਨਾਂ ਦੀ ਆਬਾਦੀ ਦੇ ਮੁਕਾਬਲੇ ਬਹੁਤ ਵੱਧ ਹੈ। ਇਸ ਕਰਕੇ ਕਈ ਵਾਰ ਸਿੱਖ ਈਰਖਾ ਦਾ ਕਾਰਨ ਵੀ ਬਣਦੇ ਹਨ।

ਦੂਜਾ ਪੰਜਾਬੀ ਲੋਕਾਂ ਨੂੰ ਅੱਛੇ ਖਾਣ-ਪੀਣ, ਅੱਛੇ ਕੱਪੜੇ ਪਹਿਨਣ, ਵੱਡੀਆਂ ਕਾਰਾਂ ਅਤੇ ਵੱਡੇ ਮਕਾਨਾਂ ਦਾ ਬਹੁਤ ਸ਼ੌਕ ਹੈ। ਜੋ ਪੰਜਾਬੀ ਲੋਕ ਆਰਥਿਕ ਤੌਰ ਤੇ ਅਮੀਰ ਵੀ ਨਹੀਂ ਹੁੰਦੇ, ਉਹ ਵੀ ਸਸਤੀ ਤੇ ਛੋਟੀ ਕਾਰ ਲੈਣ ਨਾਲੋਂ ਪੁਰਾਣੀ ਵੱਡੀ ਕਾਰ ਲੈਣ ਨੂੰ ਹੀ ਤਰਜੀਹ ਦਿੰਦੇ ਹਨ। ਮਰਸਡੀਜ਼, ਕੈਡਲੌਕ ਅਤੇ ਬੀ.ਐਮ.ਡਬਲਿਊ. ਦੀਆਂ ਕਾਰਾਂ ਪੰਜਾਬੀਆਂ ਕੋਲ ਅਤੇ ਸਿੱਖਾਂ ਕੋਲ ਹੀ ਵਧੇਰੇ ਹੁੰਦੀਆਂ ਹਨ। ਅਜਿਹਾ ਕਰਨਾ ਉਹਨਾਂ ਦੇ ਸੁਭਾਓ ਵਿਚ ਹੀ ਹੈ। ਹੁਣ ਸਿੱਖਾਂ ਦੀ ਪਹਿਚਾਣ ਬਾਰੇ ਡਾਕਟਰ ਰਾਜਵੰਤ ਸਿੰਘ ਅਤੇ ਹੋਰ ਸਿਆਣੇ ਸੂਝਵਾਨ ਸਿੱਖ ਅਮਰੀਕੀ ਲੋਕਾਂ ਨੂੰ ਜਾਗਰੂਕ ਕਰ ਰਹੇ ਹਨ। ਹਰ ਇਕ ਸਿੱਖ ਨੂੰ ਇਹ ਸਮਝਣ ਦੀ ਲੋੜ ਹੈ ਕਿ ਉਸ ਨੇ ਆਪਣੀ ਰੱਖਿਆ ਆਪ ਹੀ ਕਰਨੀ ਹੈ। ਇਸ ਕਿਤਾਬ ਵਿਚ

ਮੇਜਰ ਸ਼ੇਰਗਿੱਲ ਦੀ ਕਹਾਣੀ ਵੱਲ ਝਾਤੀ ਮਾਰੋ। ਮੇਜਰ ਸਾਹਿਬ 80 ਵਰ੍ਹਿਆਂ ਤੋਂ ਵੱਧ ਸਨ ਜਦੋਂ 1984 ਵਿਚ ਉਹਨਾਂ ਦੇ ਇਲਾਕੇ ਦੇ ਕੁਝ ਲੋਕ ਉਹਨਾਂ ਨੂੰ ਲੁੱਟਣ ਅਤੇ ਮਾਰਨ ਆਏ ਸਨ। ਉਹਨਾਂ ਨੇ ਠੰਡੇ ਦਿਮਾਗ ਨਾਲ ਕਿਹਾ ਉਂਝ ਤਾਂ ਖਾਲਸੇ ਨੂੰ ਸਵਾ ਲੱਖ ਨਾਲ ਲੜਨ ਦਾ ਹੁਕਮ ਹੈ ਪਰ ਅੱਜ ਦੀ ਘੜੀ ਮੈਂ ਸਿਰਫ 3-4 ਨੂੰ ਮਾਰ ਕੇ ਹੀ ਮਰਨ ਨੂੰ ਤਿਆਰ ਹੋ ਜਾਵਾਂਗਾ। ਉਹਨਾਂ ਨੇ ਦੰਗਾਈਆਂ ਦੇ ਇਕੱਠ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਤੁਸੀਂ ਤਿੰਨ ਬੰਦੇ ਅੱਗੇ ਆ ਜਾਓ ਜਿਹਨਾਂ ਨੂੰ ਮਾਰ ਕੇ ਮੈਂ ਮਰਨ ਨੂੰ ਤਿਆਰ ਹਾਂ। ਪਰ ਇਹ ਯਾਦ ਰਹੇ ਕਿ ਲੁਟੇਰੇ ਮਾਰਨ ਲਈ ਆਉਂਦੇ ਹਨ ਮਰਨ ਲਈ ਨਹੀਂ। ਮੇਜਰ ਸਾਹਿਬ ਦੀ ਇਹ ਗੱਲ ਸੁਣ ਕੇ ਸਾਰੇ ਦੰਗਾਈ ਖੱਖਰ-ਭੱਖਰ ਹੋ ਗਏ। ਸਾਡਾ ਸਰੂਪ ਹੀ ਸਾਡੀ ਪਹਿਚਾਣ ਹੈ। ਭਾਰਤ ਤੋਂ ਬਾਹਰ ਅਮਰੀਕਾ ਵਿਚ ਹਿੰਦੁਸਤਾਨੀਆਂ ਦੀ ਦੋ ਪਛਾਣਾਂ ਹੀ ਹਨ। ਬੰਦੇ ਦੇ ਦਾਹੜੀ ਅਤੇ ਔਰਤ ਦੇ ਸਾੜੀ। ਸਾਨੂੰ ਦੱਸਣ ਦੀ ਲੋੜ ਨਹੀਂ ਪੈਂਦੀ ਕਿ ਅਸੀਂ ਹਿੰਦੁਸਤਾਨੀ ਹਾਂ। ਸਾਨੂੰ ਆਪਣੇ ਉੱਦਮ ਸਦਕਾ ਅਮਰੀਕਾ ਅਤੇ ਹੋਰ ਯੂਰਪ ਦੇਸ਼ਾਂ ਵਿਚ ਆਰਥਿਕ ਕਾਮਯਾਬੀਆਂ ਮਿਲੀਆਂ ਹਨ। ਵਾਰਸ ਸ਼ਾਹ ਨੇ ਕਿਹਾ ਹੈ, "ਵਾਰਸ ਸ਼ਾਹ ਲੁਕਾਈਏ ਜਗ ਕੋਲੋਂ ਭਾਵੇਂ ਆਪਣਾ ਹੀ ਗੁੜ ਖਾਈਏ ਜੀ।"

ਪੰਜਾਬੀ ਲੋਕ ਖਾਸ ਤੌਰ ਤੇ ਸਿੱਖ ਲੋਕ ਦਿਖਾਵੇ ਨੂੰ ਬਹੁਤ ਅੱਛਾ ਸਮਝਦੇ ਹਨ। ਕਈ ਵਾਰ ਗੁਰਦੁਆਰਾ ਸਾਹਿਬ ਦੇ ਭਾਈ ਸਾਹਿਬ ਅਤੇ ਕੀਰਤਨੀਏ ਵੀ ਜਿਹਨਾਂ ਦੀ ਤਨਖਾਹ ਬਹੁਤ ਥੋੜ੍ਹੀ ਹੁੰਦੀ ਹੈ, ਵੀ ਥੋੜ੍ਹੇ ਪੈਸਿਆਂ ਨਾਲ ਪੁਰਾਣੀ ਵੱਡੀ ਕਾਰ ਲੈਣ ਨੂੰ ਹੀ ਤਰਜੀਹ ਦਿੰਦੇ ਹਨ। ਅਮਰੀਕਨ ਲੋਕ ਸਮਝਦੇ ਹਨ ਕਿ ਇਹ ਲੋਕ ਕੱਲ੍ਹ ਆਏ ਸਨ ਅਤੇ ਇਹਨਾਂ ਨੇ ਕਿੰਨੀ ਤਰੱਕੀ ਕਰ ਲਈ ਹੈ। ਇਸ ਬਾਰੇ ਸਾਰੇ ਸਿੱਖ ਜਗਤ ਨੂੰ ਸੋਚਣ ਦੀ ਲੋੜ ਹੈ।

ਅਸੀਂ ਲੋਕ ਪੰਜਾਬੀ ਵਿਚ ਗੱਲ ਕਰਨ ਨੂੰ ਤਵੱਜੋ ਦਿੰਦੇ ਹਾਂ। ਅਮਰੀਕਨ ਲੋਕ ਇਹ ਸਮਝਦੇ ਹਨ ਕਿ ਇਹ ਸਾਡੇ ਵਿਰੁੱਧ ਗੱਲਾਂ ਕਰ ਰਹੇ ਹਨ ਤੇ ਸਾਨੂੰ ਸ਼ੱਕ ਦੀ ਨਿਗਾਹ ਨਾਲ ਦੇਖਦੇ ਹਨ। ਜਦੋਂ ਵੀ ਅਸੀਂ ਅਮਰੀਕੀ ਸੁਸਾਇਟੀ ਵਿਚ ਵਿਚਰੀਏ ਤਾਂ ਸਾਨੂੰ ਅੰਗਰੇਜੀ ਵਿਚ ਹੀ ਗੱਲ ਕਰਨੀ ਚਾਹੀਦੀ ਹੈ।

ਤੀਸਰੀ ਗੱਲ ਇਹ ਕਿ ਸਾਨੂੰ ਆਪਣੇ ਬੱਚਿਆਂ ਨੂੰ ਗੱਤਕਾ ਆਦਿਕ ਦੀ ਜ਼ਰੂਰ ਸਿਖਲਾਈ ਦੇਣੀ ਚਾਹੀਦੀ ਹੈ ਅਤੇ ਨਾਲ ਹੀ ਗੱਤਕਾ ਆਦਿਕ ਦੇ ਮੁਕਾਬਲੇ ਵੀ ਕਰਾਉਣੇ ਚਾਹੀਦੇ ਹਨ। ਸਾਡੇ ਸਿੱਖੀ ਸਰੂਪ ਕਰਕੇ ਕਿਸੇ ਵੀ ਦੇਸ਼ ਵਿਚ ਸਾਨੂੰ ਕਿਸੇ ਤਰ੍ਹਾਂ ਦੀ ਮੁਸੀਬਤ ਆ ਸਕਦੀ ਹੈ ਇਸ ਲਈ ਸਾਨੂੰ ਸਰੀਰਕ ਤੌਰ ਤੇ ਵੀ ਤੱਕੜੇ ਹੋਣ ਦੀ ਲੋੜ ਹੈ ਅਤੇ ਸ਼ਸ਼ਤਰ ਵਿੱਦਿਆ ਵਿਚ ਨਿਪੁੰਨਤਾ ਹਾਸਲ ਹੋਣੀ ਚਾਹੀਦੀ ਹੈ।

ਜਦੋਂ ਅਸੀਂ ਜੁਲਾਈ-ਅਗਸਤ 2018 ਵਿਚ ਅਮਰੀਕਾ ਗਏ ਅਤੇ ਭਾਰਤ ਵਾਪਸ ਆਉਣ ਦਾ ਵਕਤ ਹੋ ਗਿਆ ਤਾਂ ਮੇਰੇ ਵੱਡੇ ਲੜਕੇ ਗੁਰਮੀਤ ਨੇ ਪੁੱਛਿਆ ਕਿ

ਕੀ ਅਮਰੀਕਾ ਵਿਚ ਵੀ ਦੰਗੇ ਹੋ ਸਕਦੇ ਹਨ। ਮੈਂ ਕਿਹਾ ਜ਼ਰੂਰ ਹੋ ਸਕਦੇ ਹਨ। ਉਸ ਨੇ ਪੁੱਛਿਆ ਕਿ ਜੇਕਰ ਦੰਗੇ ਹੋਏ ਤਾਂ ਉਸ ਦੌਰਾਨ ਸਾਨੂੰ ਕੀ ਕਰਨਾ ਚਾਹੀਦਾ ਹੈ। ਮੈਂ ਕਿਹਾ ਕਿ ਅਮਰੀਕਾ ਵਿਚ ਤਾਂ ਹਥਿਆਰ ਰੱਖਣ ਲਈ ਲਾਇਸੰਸ ਵੀ ਜ਼ਰੂਰੀ ਨਹੀਂ। ਅੱਛੇ ਤੋਂ ਅੱਛੇ ਹਥਿਆਰ ਰੱਖਣੇ ਚਾਹੀਦੇ ਹਨ। ਗੁਰਮੀਤ ਨੇ ਅੱਗੋਂ ਪੁਛਿਆ ਕਿ ਜੇਕਰ ਦੰਗਾਈ ਘਰ ਵੜ ਜਾਣ ਤਾਂ ਕੀ ਕਰਨਾ ਚਾਹੀਦਾ ਹੈ। ਮੈਂ ਕਿਹਾ ਦੱਸਵੇਂ ਪਾਤਸ਼ਾਹ ਜੀ ਦਾ ਹੁਕਮ

॥ਜਬ ਆਵ ਕੀ ਅਉਧ ਨਿਦਾਨ ਬਨੈ ਅਤ ਹੀ ਰਨ ਮੈ ਤਬ ਜੂਝ ਮਰੋਂ॥

ਗੁਰੂ ਦੇ ਬਹਾਦਰ ਸਿੱਖ ਬਣ ਕੇ ਪ੍ਰਾਣ ਤਿਆਗ ਦਿਓ। ਇਹੀ ਸਿੱਖ ਦਾ ਸੰਪੂਰਨ ਜੀਵਨ ਹੈ।

ਸਾਨੂੰ ਸਿੱਖ ਇਤਿਹਾਸ ਤੋਂ ਸਬਕ ਲੈਣਾ ਚਾਹੀਦਾ ਹੈ। ਭਾਈ ਮਨੀ ਸਿੰਘ ਜੀ ਨੇ 72 ਸਾਲ ਦੀ ਉਮਰ ਵਿਚ ਆਪਣਾ ਬੰਦ-ਬੰਦ ਕਟਵਾ ਦਿੱਤਾ। ਬਾਬਾ ਦੀਪ ਸਿੰਘ ਜੀ ਨੇ 75 ਸਾਲ ਦੀ ਉਮਰ ਵਿਚ 18 ਸੇਰ ਦਾ ਖੰਡਾ ਫੜ ਕੇ ਹਰਮਿੰਦਰ ਸਾਹਿਬ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਲਈ ਦੁਸ਼ਮਣਾਂ ਨਾਲ ਯੁੱਧ ਲੜਿਆ ਅਤੇ ਸ਼ਹੀਦੀ ਪ੍ਰਾਪਤ ਕੀਤੀ।

ਇਹ ਪਾਠ ਆਪ ਵੀ ਪੜ੍ਹੋ ਅਤੇ ਬੱਚਿਆਂ ਨੂੰ ਵੀ ਪੜ੍ਹਾਓ। ਦਸਵੇਂ ਪਾਤਸ਼ਾਹ ਦਾ ਹੁਕਮ ਮੰਨ ਕੇ ਤਿਆਰ-ਬਰ-ਤਿਆਰ ਰਹੋ। ਜਦੋਂ ਦਸਵੇਂ ਪਾਤਸ਼ਾਹ ਨੇ ਖਾਲਸਾ ਸਾਜਿਆ ਤਾਂ ਉਹਨਾਂ ਨੇ ਪੰਜ ਕਕਾਰ ਪਹਿਨਣ ਦਾ ਹੁਕਮ ਕੀਤਾ। ਕੇਸ, ਕੰਘਾ, ਕੜਾ, ਕਛਹਿਰਾ ਅਤੇ ਕਿਰਪਾਨ। ਕਿਸੇ ਸੇਵਕ ਨੇ ਪੁੱਛਿਆ ਕਿ ਬਾਬਾ ਜੀ ਪੰਜਾਂ ਵਿਚੋਂ ਜੇ ਤੁਸੀਂ ਦੋ ਹੀ ਦੱਸਣੇ ਹੋਣ ਤਾਂ ਕਿਹੜਾ ਮਹੱਤਵਪੂਰਨ ਹੈ। ਗੁਰੂ ਜੀ ਨੇ ਕਿਹਾ ਕਿ ਕਛਹਿਰਾ ਅਤੇ ਕਿਰਪਾਨ। ਕਛਹਿਰਾ ਲੱਜਿਆ ਵਾਸਤੇ ਅਤੇ ਕਿਰਪਾਨ ਰੱਖਿਆ ਵਾਸਤੇ। ਸੋ ਗੁਰੂ ਕੇ ਸਿੱਖ ਨੂੰ ਲੱਜਿਆ ਨਾਲ ਜਿਊਣਾ ਚਾਹੀਦਾ ਹੈ ਅਤੇ ਆਪਣੀ ਰੱਖਿਆ ਵਾਸਤੇ ਲੜਨ ਮਰਨ ਲਈ ਤਿਆਰ ਰਹਿਣਾ ਚਾਹੀਦਾ ਹੈ।


## ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ॥

ਵਿਰਲੇ ਮਨੁੱਖ ਹੁੰਦੇ ਹਨ ਜਿਹਨਾਂ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਆਪਣੇ ਵਿਰਸੇ ਵਿਚ ਮਿਲੀਆਂ ਅਮੀਰ ਸਦਾਚਾਰਕ ਕੀਮਤਾਂ ਨੂੰ ਅਪਣਾ ਕੇ ਆਪਣਾ ਜੀਵਨ ਮਾਰਗ ਇਖ਼ਤਿਆਰ ਕਰਦੀਆਂ ਹਨ। ਇਸ ਪੁਸਤਕ ਦੇ ਰਚੇਤਾ ਕੈਪਟਨ ਅਮਰਜੀਤ ਸਿੰਘ ਕਾਲੇਕਾ ਨੇ ਵੀ ਆਪਣੇ ਪਿਤਾ ਪੁਰਖੀ ਅਕੀਦਿਆਂ ਉੱਪਰ ਚਲਦਿਆਂ ਆਪਣੀ ਜ਼ਿੰਦਗੀ ਵਿਚ ਨਵੇਂ ਪ੍ਰਤਿਮਾਨ ਸਥਾਪਿਤ ਕੀਤੇ ਹਨ। ਲੇਖਕ ਦੇ ਪੜਦਾਦਾ ਸ. ਮਾਨ ਸਿੰਘ (ਜਨਮ 1850-1913) ਨੇ ਲਗਭਗ 20 ਸਾਲ (1870-1890) ਪਟਿਆਲਾ ਰਾਜ ਦਰਬਾਰ ਵਿਚ ਸਤਿਕਾਰਯੋਗ ਆਹੁਦਿਆਂ 'ਤੇ ਰਹਿ ਕੇ ਸੇਵਾ ਨਿਭਾਈ। ਆਪ ਆਪਣੇ ਸਮੇਂ ਦੇ ਬਹੁਤ ਹੀ ਕਾਬਲ ਘੋੜ ਸਵਾਰ ਸਨ। ਇਹਨਾਂ ਦੇ ਦਾਦਾ ਸ. ਕਪੂਰ ਸਿੰਘ ਨੇ ਵੀ ਮਹਾਰਾਜਾ ਰਾਜਿੰਦਰ ਸਿੰਘ ਅਤੇ ਮਹਾਰਾਜਾ ਭੁਪਿੰਦਰ ਸਿੰਘ ਦੇ ਸਮੇਂ ਦੌਰਾਨ ਪਟਿਆਲਾ ਰਾਜ ਦਰਬਾਰ ਵਿਚ ਮਹੱਤਵਪੂਰਨ ਆਹੁਦਿਆਂ 'ਤੇ ਸੇਵਾਵਾਂ ਨਿਭਾਈਆਂ। 1909 ਵਿਚ ਸ. ਕਪੂਰ ਸਿੰਘ ਮਹਾਰਾਜਾ ਭੁਪਿੰਦਰ ਸਿੰਘ ਨਾਲ ਕੋਰੋਨੇਸ਼ਨ 'ਤੇ ਸ਼ਿਮਲਾ ਗਏ। ਉਸ ਵੇਲੇ ਉਹ ਏ.ਡੀ.ਸੀ. ਸਨ। 1910 ਵਿਚ ਉਹਨਾਂ ਨੂੰ ਆਰਮੀ ਕਮਿਸ਼ਨ ਦੇ ਕੇ ਭਰਤੀ ਅਫ਼ਸਰ ਬਠਿੰਡਾ ਲਗਾਇਆ ਗਿਆ। ਲੇਖਕ ਦੇ ਪਿਤਾ ਸ. ਪ੍ਰੀਤਮ ਸਿੰਘ (1906-1990) ਨੇ 1926 ਵਿਚ ਮਹਿੰਦਰਾ ਕਾਲਜ ਤੋਂ ਐਫ.ਐਸ.ਸੀ. ਮੈਡੀਕਲ ਕੀਤੀ ਅਤੇ 1926 ਵਿਚ ਆਰਮੀ ਵਿਚ ਅਫ਼ਸਰ ਬਣੇ। 1928 ਵਿਚ ਸੈਕਿੰਡ ਲਫਟੈਣ ਅਤੇ 1949 ਵਿਚ ਮੇਜਰ ਦੇ ਆਹੁਦੇ ਤੋਂ ਰਿਟਾਇਰ ਹੋਏ।

ਕੈਪਟਨ ਅਮਰਜੀਤ ਸਿੰਘ ਕਾਲੇਕਾ ਨੇ ਜ਼ਿੰਦਗੀ ਵਿਚ ਆਪਣੇ ਪਿਤਾ (ਸ) ਮੇਜਰ ਪ੍ਰੀਤਮ ਸਿੰਘ ਜੀ ਦੀ ਉੱਚ ਦੁਮਾਲੜੀ ਸਖ਼ਸ਼ੀਅਤ ਦੇ ਪ੍ਰਭਾਵ ਨੂੰ ਕਬੂਲਦਿਆਂ ਪਹਿਲਾਂ ਆਰਮੀ ਵਿਚ ਸੇਵਾ ਕੀਤੀ ਅਤੇ ਫਿਰ ਕੁਝ ਸਾਲ ਕਾਲਜ ਦੇ ਪ੍ਰਾਧਿਆਪਕ ਵਜੋਂ ਸੇਵਾਵਾਂ ਨਿਭਾਈਆਂ। 1974 ਵਿਚ ਪੀ.ਸੀ.ਐਸ. ਦੀ ਪ੍ਰੀਖਿਆ ਪਾਸ ਕਰਕੇ ਬਤੌਰ ਈ.ਟੀ.ਓ. ਜਾਇਨ ਕੀਤਾ ਅਤੇ ਜਨਵਰੀ 2001 ਵਿਚ ਐਡੀਸ਼ਨਲ ਆਬਕਾਰੀ ਤੇ ਕਰ ਕਮਿਸ਼ਨਰ ਰਿਟਾਇਰ ਹੋਏ। ਮਾਤਾ ਜੀ ਸਰਦਾਰਨੀ ਜਗੀਰ ਕੌਰ ਸਿੱਧੂ ਦੀਆਂ ਸਿੱਖਿਆਵਾਂ ਦਾ ਵੀ ਲੇਖਕ ਉਪਰ ਵਧੇਰੇ ਪ੍ਰਭਾਵ ਰਿਹਾ ਹੈ। ਗੁਰਬਾਣੀ ਨਾਲ ਜੁੜਨ ਦਾ ਚੱਜ ਵੀ ਲੇਖਕ ਨੂੰ ਵਿਰਸੇ ਵਿਚ ਆਪਣੇ ਮਾਤਾ-ਪਿਤਾ ਕੋਲੋਂ ਮਿਲਿਆ ਹੈ। ਇਹੀ ਕਾਰਨ ਹੈ ਕਿ ਕੈਪਟਨ ਕਾਲੇਕਾ ਦੀਆਂ ਲਿਖਤਾਂ ਸਦਾਚਾਰਕਤਾ ਦੇ ਨਾਲ-ਨਾਲ ਲੋਕ ਮਾਨਸਿਕਤਾ ਦੇ ਸਮੁੱਚ ਦੀ ਤਰਜ਼ਮਾਨੀ ਕਰਦੀਆਂ ਹਨ।


ਹੱਥਲੀ ਪੁਸਤਕ ਕਾਲੇਕਾ ਸਾਹਿਬ ਦੀ ਪੰਜਵੀਂ ਪੁਸਤਕ ਹੈ ਜੋ ਕਿ ਲੇਖਕ ਦੇ ਛੋਟੇ ਭਰਾ ਸ. ਸਤਵੰਤ ਸਿੰਘ ਦੀ ਸ਼ਹੀਦੀ ਦੀ ਦਾਸਤਾਨ ਹੈ। ਕਿਸੇ ਉਚੇ ਉਦੇਸ਼, ਨੇਕ ਕਾਰਜ, ਲੋਕ ਭਲਾਈ ਦੇ ਵਡੇਰੇ ਹਿਤ ਜਾਂ ਧਰਮ ਰੱਖਿਆ ਲਈ ਆਪਣੀ ਜਾਨ ਕੁਰਬਾਨ ਕਰਨ ਵਾਲੇ ਵਿਅਕਤੀ ਨੂੰ ਸ਼ਹੀਦ ਕਿਹਾ ਜਾਂਦਾ ਹੈ। ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਵਿਚ ਬੇਸ਼ੁਮਾਰ ਸ਼ਹੀਦੀਆਂ ਦਾ ਬਿਰਤਾਂਤ ਮਿਲਦਾ ਹੈ। ਗੁਰਮਤਿ ਇਤਿਹਾਸ ਵਿਚ ਸ਼ਹੀਦੀਆਂ ਦੀ ਲੜੀ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਤੋਂ ਸ਼ੁਰੂ ਹੋ ਜਾਂਦੀ ਹੈ ਅਤੇ ਭਾਰਤ ਦੀ ਆਜ਼ਾਦੀ ਦੀ ਲੜਾਈ ਸਮੇਂ ਵੀ ਸਿੱਖ ਸ਼ਹੀਦੀਆਂ ਦਾ ਸਿਲਸਿਲਾ ਨਿਰੰਤਰ ਚਲਦਾ ਰਿਹਾ ਹੈ। ਗੁਰਮਤਿ ਵਿਚ ਸ਼ਹੀਦ ਦਾ ਬਹੁਤ ਉੱਚਾ ਸਥਾਨ ਹੈ। ਗੁਰੂ ਸਾਹਿਬਾਨ ਤੋਂ ਬਾਅਦ ਸ਼ਹੀਦਾਂ ਨੂੰ ਸਤਿਕਾਰ ਦਿੱਤਾ ਜਾਂਦਾ ਹੈ ਅਤੇ ਰੋਜ਼ਾਨਾ ਦੀ ਅਰਦਾਸ ਵਿਚ ਹਰ ਗੁਰਸਿੱਖ ਗੁਰੂ ਸਾਹਿਬਾਨ ਨੂੰ ਯਾਦ ਕਰਨ ਉਪਰੰਤ ਸਮੂਹ ਸਿੰਘਾਂ, ਸਿੰਘਣੀਆਂ ਅਤੇ ਭੁਜੰਗੀਆਂ ਨੂੰ ਨਤਮਸਤਕ ਹੁੰਦਾ ਹੈ। ਸਿੱਖਾਂ ਨੇ ਹਮੇਸ਼ਾਂ ਹੀ ਧਰਮ ਦੀ ਰੱਖਿਆ ਅਤੇ ਆਪਣੇ ਗੁਰਧਾਮਾਂ ਦੀ ਰੱਖਿਆ ਨੂੰ ਆਪਣੀ ਜਾਨ ਤੋਂ ਵੀ ਵੱਧ ਪਿਆਰਾ ਸਮਝਿਆ ਹੈ। ਇਸੇ ਤਰ੍ਹਾਂ ਜਦੋਂ ਅਸੀਂ 5 ਅਗਸਤ, 2012 ਨੂੰ ਅਮਰੀਕਾ ਦੇ ਵਿਸਕਾਨਸਿਨ ਸਟੇਟ ਦੇ ਮਿਲਵਾਕੀ ਇਲਾਕੇ ਵਿਚ ਐਤਵਾਰ ਵਾਲੇ ਦਿਨ ਗੁਰਦੁਆਰਾ ਸਾਹਿਬ ਓਕ ਕਰੀਕ ਵਿਚ ਹੋਈ ਘਟਨਾ ਨੂੰ ਵੇਖਦੇ ਹਾਂ ਤਾਂ ਉਹਨਾਂ ਸ਼ਹੀਦਾਂ ਦੀ ਸ਼ਹੀਦੀ ਸਾਹਮਣੇ ਸਾਡਾ ਸਿਰ ਝੁੱਕ ਜਾਂਦਾ ਹੈ। ਇਸ ਅਣਮਨੁੱਖੀ ਹਮਲੇ ਦੌਰਾਨ ਜਿਸ ਦਲੇਰੀ, ਹੌਸਲੇ ਅਤੇ ਸਿੱਖੀ ਜਜ਼ਬੇ ਨਾਲ ਸ. ਸਤਵੰਤ ਸਿੰਘ ਕਾਲੇਕਾ, ਜੋ ਉਸ ਗੁਰਦੁਆਰਾ ਸਾਹਿਬ ਦੇ ਪਿਛਲੇ 18 ਸਾਲਾਂ ਤੋਂ ਪ੍ਰਧਾਨ/ਮੁੱਖ ਸੇਵਾਦਾਰ ਚਲੇ ਆ ਰਹੇ ਸਨ, ਵੱਲੋਂ ਜ਼ਰਵਾਣੇ ਅਮਰੀਕੀ ਹਮਲਾਵਰ ਨੂੰ ਘੇਰਿਆ ਗਿਆ ਅਤੇ ਮੌਕੇ ਤੇ ਮਿਲੀ ਕਰਦ (ਚਾਕੂ) ਨਾਲ ਉਸ ਗੋਰੇ ਹਮਲਾਵਰ ਉੱਪਰ ਤਿੰਨ ਵਾਰ ਕੀਤੇ। ਭਾਵੇਂ ਇਸ ਹਮਲੇ ਦੌਰਾਨ ਸਤਵੰਤ ਸਿੰਘ ਨੂੰ ਆਪਣੀ ਜਾਨ ਦੇਣੀ ਪਈ, ਪ੍ਰੰਤੂ ਜਿਸ ਹੌਸਲੇ ਤੇ ਸਿਦਕ ਨਾਲ ਸਤਵੰਤ ਸਿੰਘ ਨੇ ਉਸ ਹਮਲਾਵਰ ਦਾ ਸਾਹਮਣਾ ਕੀਤਾ, ਉਹ ਸਿੱਖੀ ਦੇ ਦਸਤੂਰ ਦੀ ਇਕ ਵਿਲੱਖਣ ਮਿਸਾਲ ਹੈ। ਜੇ ਸਤਵੰਤ ਸਿੰਘ ਅੱਗੇ ਹੋ ਕੇ ਉਸ ਹਮਲਾਵਰ ਨੂੰ ਨਾ ਘੇਰਦਾ ਤਾਂ ਵਧੇਰੇ ਜਾਨਾਂ ਜਾ ਸਕਦੀਆਂ ਸਨ। ਲੇਖਕ ਨੇ ਆਪਣੀ ਇਸ ਪੁਸਤਕ ਵਿਚ ਆਪਣੇ ਤੋਂ ਪੰਜ ਵਰ੍ਹੇ ਛੋਟੇ ਭਰਾ ਸ. ਸਤਵੰਤ ਸਿੰਘ ਦੇ ਸਮੁੱਚੇ ਜੀਵਨ ਅਤੇ ਗੌਰਵ ਗਾਥਾ ਨੂੰ ਬਹੁਤ ਹੀ ਭਾਵਪੂਰਤ ਸ਼ੈਲੀ ਵਿਚ ਬਿਆਨ ਕੀਤਾ ਹੈ। ਮੈਨੂੰ ਪੂਰਨ ਉਮੀਦ ਹੈ ਕਿ ਇਹ ਪੁਸਤਕ ਇਕ ਇਤਿਹਾਸਕ ਦਸਤਾਵੇਜ਼ ਸਾਬਤ ਹੋਣ ਦੇ ਨਾਲ-ਨਾਲ ਪਾਠਕ ਵਰਗ ਨੂੰ ਸਿੱਖ ਵਿਰਸੇ ਦੀ ਬਹਾਦਰੀ ਅਤੇ ਅਮੀਰੀ ਤੋਂ ਵੀ ਵਿਦਿਤ ਕਰਵਾਏਗੀ।

**ਡਾ. ਹਰਨੇਕ ਸਿੰਘ ਢੋਟ**
ਅਸਿਸਟੈਂਟ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ










ਇਸੇ ਕਲਮ ਤੋਂ

**ਸ਼ਹੀਦ-ਏ-ਆਜ਼ਮ ਪਬਲੀਕੇਸ਼ਨ**
**ਪਟਿਆਲਾ-0175-2357981**

ISBN: 978-81-929148-4-8
978-81-929148-4-8

ਭੇਟਾ ਮੁਫ਼ਤ FREE Distribution